# ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ

ਡੇਰਾ ਰੂਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

(ਭਾਗ ਬਾਰ੍ਹਵਾਂ)



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

ਪ੍ਰਕਾਸ਼ਕ

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

ਸਭ ਹੱਕ ਲੇਖਕ ਦੇ ਰਾਖਵੇਂ ਹਨ।

---

**ਦੂਜੀ ਵਾਰ : 2010**

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

*ਛਾਪਕ :*

**ਪ੍ਰਿੰਟਵੈੱਲ**

146, ਇੰਡਸਟ੍ਰੀਅਲ ਫੋਕਲ ਪੁਆਇੰਟ,

ਅੰਮ੍ਰਿਤਸਰ

# ਤਤਕਰਾ


| | |
|---|---|
| ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ ॥ | 6 |
| ਬਿਨੁ ਹੁਕਮੈ ਕਿਉ ਬੁਝੈ ਬੁਝਾਈ ॥ | 7 |
| ਕਰਨ ਕਰਾਵਨ ਸਰਨਿ ਪਰਿਆ ॥ ਗੁਰ ਪ੍ਰਸਾਦਿ ਸਹਜ ਘਰੁ ਪਾਇਆ | 8 |
| ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ | 12 |
| ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ ॥ | 14 |
| ਮੇਰਾ ਅੰਤਰਜਾਮੀ ਹਰਿ ਰਾਇਆ ॥ | 16 |
| ਰਾਮ ਕਸਉਟੀ ਸੋ ਸਹੈ ਜੋ ਮਰ ਜੀਵਾ ਹੋਇ ॥ | 17 |
| ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ ॥ | 18 |
| ਤੇਰੀ ਦਾਤਿ ਤੁਝੈ ਤੇ ਹੋਵੈ ॥ | 20 |
| ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ ॥ | 22 |
| ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰ ॥ | 23 |
| ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ | 26 |
| ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥ ਅਤਿ ਸੁੰਦਰ ਮਨਮੋਹਨ ਪਿਆਰੇ | 28 |
| ਨ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ | 30 |
| ਸਤਿਗੁਰ ਬਚਨ ਤੁਮਾਰੇ ॥ ਨਿਰਗੁਣ ਨਿਸਤਾਰੇ ॥ | 32 |
| ਆਪ ਬੁਝਾਏ ਸੋਈ ਬੂਝੈ ॥ | 35 |
| ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥ | 37 |
| ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ | 38 |
| ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ ॥ | 40 |
| ਕੋਈ ਵਿਰਲਾ ਆਪਨ ਕੀਤ ॥ ਸੰਗਿ ਚਰਨ ਕਮਲ ਮਨੁ ਸੀਤ ॥ | 43 |
| ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥ | 45 |

ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ॥ 48
ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥ 49
ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥ 51
ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ ॥ 53
ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥ ਨਿੰਦਕ ਕਉ ਦਈ ਛੋਡੈ ਨਾਹਿ ॥ 55
ਮੂਲੁ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ 56
ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ 59
ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥ 60
ਜੈਸੇ ਆਪਨੇ ਧਨਹਿ ਪ੍ਰਾਨੀ ਮਰਨੁ ਨ ਮਾਂਡੈ ॥ 62
ਕੁੰਡਲੀਆਂ 67
ਅਨਿਕ ਦੋਖ ਅਨਿਕ ਰੋਗ ਮਿਟਹਿ ਜਸੁ ਸੁਨੀ ॥ 68
ਆਪੇ ਬੀਜਿ ਆਪੇ ਹੀ ਖਾਹੁ ॥ 70
ਹਰਿ ਭਗਤਾ ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ ॥ 72
ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ ॥ 77
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ 82
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥ 85
ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ ॥ 88
ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ ॥ 89
ਹੁਕਮੁ ਭੀਤਿਨਾ ਮਨਾਇਸੀ ਜਿਨ ਕਉ ਨਦਰਿ ਕਰੇਇ ॥ 91
ਹਰਿ ਕੇ ਨਾਮ ਕੀ ਮਨ ਰੁਚੈ ॥ 92
ਬਸੁਧਾ ਸਪਤ ਦੀਪ ਹੈ ਸਾਗਰ ਕਢਿ ਕੰਚਨੁ ਕਾਢਿ ਧਰੀਜੈ ॥ 95
ਸੰਤ ਪ੍ਰਤਾਪਿ ਸਾਧ ਕੈ ਸੰਗੇ ਹਰਿ ਹਰਿ ਨਾਮੁ ਧਿਆਵਉ ਰੇ ॥ 98
ਆਪਿ ਲੀਏ ਲੜਿ ਲਾਇ ਦਰਵੇਸ ਸੇ ॥ 100
ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨ ਹਾਰੇ ॥ 101
ਪ੍ਰਥਮੇ ਮਿਟਿਆ ਤਨ ਕਾ ਦੂਖ ॥ ਮਨ ਸਗਲ ਕਉ ਹੋਆ ਸੂਖੁ ॥ 104

ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥ 105
ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥ 106
ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ ਨਸੀਐ॥ 108
ਸਾਧ ਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ॥ 110
ਸੰਤਨ ਕੀ ਸੁਣ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥ 122
ਸੰਤ ਬਾਬਾ ਸੁਖਦੇਵ ਸਿੰਘ ਜੀ ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ 125

***

# ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ॥

ਇਕ ਸਮੇਂ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੁਕਮ ਕੀਤਾ, "ਡਰੋਲੀ ਵਾਲੇ ਦੋਹਾਂ ਜੀਆਂ ਨੂੰ ਹਾਜ਼ਰ ਕਰੋ।" ਹਾਜ਼ਰ ਹੋਣ ਉਪਰੰਤ ਹੁਕਮ ਕੀਤਾ, "ਕੋਈ ਸਮਾਂ ਆਵੇ ਤੁਸੀਂ ਇੱਥੇ ਨਹੀਂ ਰਹਿਣਾ ਤੁਹਾਡੀ ਬਾਂਹ ਮਹਾਂ ਪੁਰਖਾਂ ਨੂੰ ਅਸੀਂ ਫੜਾ ਦਿੱਤੀ ਹੈ ਤੁਸੀਂ ਉਥੇ ਸੇਵਾ ਕਰਨੀ ਹੈ ਤੁਸੀਂ ਪੁੱਤ ਵਾਸਤੇ ਸੇਵਾ ਕੀਤੀ ਹੈ ਤੁਹਾਡੇ ਦੋ ਪੁੱਤ ਹੋਣਗੇ ਪਰ ਦੇਣਗੇ ਮਹਾਂਪੁਰਖ॥ ਉਪਰੰਤ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੇ ਬੇਨਤੀ ਕੀਤੀ ਜੀ ਮਹਾਰਾਜ ਪਹਿਲਾਂ ਸਾਡੇ ਮਨ ਵਿੱਚ ਪੁੱਤ ਦੀ ਕਾਮਨਾ ਸੀ ਹੁਣ ਨਹੀਂ ਹੁਣ ਕ੍ਰਿਪਾ ਕਰੋ ਨਾਮਦਾਨ ਬਖਸ਼ੋ ਉਪਰੰਤ ਥੋੜਾ ਜਿਹਾ ਮੁਸਕਰਾ ਕੇ ਬਚਨ ਕੀਤਾ, "ਸ਼ੁੱਧ ਹੈ" ਨਾਮ ਦਾਨ ਵੀ ਮਿਲੇਗਾ ਪਰ ਤੁਸੀਂ ਪਹਿਲਾਂ ਪੁੱਤਰ ਦੀ ਇੱਛਾ ਲੈ ਕੇ ਆਏ ਸੀ ਪਹਿਲਾਂ ਪੁੱਤ ਤਾਂ ਲੈ ਲਵੋ ਫਿਰ ਨਾਮ ਦਾਨ ਵੀ ਮੰਗ ਲੈਣਾ ਉਹ ਵੀ ਮਿਲ ਜਾਵੇਗਾ। ਪਰ ਸਭ ਕੁਝ ਕਰਨਗੇ ਮਹਾਂਪੁਰਖ। ਉਪਰੰਤ ਆਪਣੇ ਪਵਿੱਤਰ ਹੱਥ ਨਾਲ ਇੱਕ ਰੁਦ੍ਰਾਖਸ਼ ਦੀ ਮਾਲਾ, ਦੋ ਰੁਮਾਲ ਆਪਣੀ ਰਜਾਈ ਨਾਲੋਂ ਪਾੜ ਕੇ ਸ਼ਗ੍ਹਾ ਕਰਕੇ ਦੇ ਕੇ ਬਚਨ ਕੀਤਾ ਇਸ ਰੁਮਾਲ ਦੇ ਪਾਣੀ ਦੀ ਗੁੜਤੀ ਮੁੰਡੇ ਨੂੰ ਦੇਣੀ ਮਹਾਂਪੁਰਖਾਂ ਦੀ ਸੇਵਾ ਤਕੜੇ ਹੋ ਕੇ ਕਰਨੀ ਹੁਣ ਜਾਓ ਲੰਗਰ ਦੀ ਸੇਵਾ ਕਰੋ।

ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ।

# ਬਿਨੁ ਹੁਕਮੈ ਕਿਉ ਬੁਝੈ ਬੁਝਾਈ॥

ਮਹਾਂਪੁਰਖਾਂ ਦੀ ਹਜ਼ੂਰੀ ਵਿੱਚ ਰਹਿ ਕੇ ਘਾਲਣਾ ਕਰਦਿਆਂ ਸੇਵਾ ਸਿਮਰਨ ਕਰਦਿਆਂ ਸਭ ਕੁਝ ਦੇਖਦਿਆਂ ਹੋਇਆਂ ਬੰਦਾ ਭੁੱਲ ਜਾਂਦਾ ਹੈ ਭਾਈ ਕੇਸਰਾ ਸਿੰਘ ਜੀ ਦੀ ਕਿਤਨੀ ਕਮਾਈ ਸਿਮਰਨ ਦੀ ਸੀ। ਪਿੱਛੇ ਪਾਠਕ ਪੜ੍ਹ ਚੁੱਕੇ ਹਨ ਕਿਸੇ ਸਮੇਂ ਬਾਬਾ ਜੀ ਦੇ ਹੁਕਮ ਅਨੁਸਾਰ ਭਾਈ ਕੇਸਰਾ ਸਿੰਘ ਜੀ ਨਗਰ ਵਿਚੋਂ ਵਾਰ-ਵਾਰ ਪ੍ਰਸ਼ਾਦਾ ਛਕਦੇ ਸਨ ਇੱਕ ਦਿਨ ਬਾਬਾ ਮਹਾਂ ਹਰਿਨਾਮ  ਸਿੰਘ ਜੀ ਨੇ ਬਚਨ ਕੀਤਾ, "ਕੇਸਰਾ ਸਿੰਘ ਤੇਰਾ ਅੰਨ ਪਾਣੀ ਨਗਰ ਵਿੱਚ ਖਿੰਡਿਆ ਪਿਆ ਹੈ ਜੇ ਕਹੇ ਤਾਂ ਇੱਥੇ ਲੈ ਆਈਏ।" ਉਪਰੰਤ ਕੇਸਰਾ ਸਿੰਘ ਨੇ ਸਤ ਬਚਨ ਨਾ ਕੀਤਾ ਅਤੇ ਬਾਬਾ ਜੀ ਤੋਂ ਬਾਅਦ ਵੀ ਉਹ ਨਗਰ ਵਿਚੋਂ ਪ੍ਰਸ਼ਾਦਾ ਛਕਣ ਚਲਿਆ ਜਾਂਦਾ ਰਿਹਾ। ਭਾਈ ਕੇਸਰਾ ਸਿੰਘ ਜੀ ਜਿਸਦੇ ਘਰ ਪ੍ਰਸ਼ਾਦਾ ਹੋਣਾ ਕਦੇ ਉਸਦੇ ਘਰੋਂ ਕਿਸੇ ਬੱਚੇ ਨੇ ਆ ਕੇ ਲੈ ਜਾਣਾ ਕਦੇ ਡੇਰੇ ਵਿਚੋਂ ਕਿਸੇ ਸੇਵਾਦਾਰ ਨੇ ਵਾਰੀ ਸਿਰ ਰੋਟੀ ਖੁਆ ਕੇ ਲੈ ਆਉਣਾ ਉਸਦਾ ਅਖੀਰ ਤੱਕ ਇਸੇ ਤਰ੍ਹਾਂ ਨਿਰਬਾਹ ਹੁੰਦਾ ਰਿਹਾ।

ਮਹਾਂਪੁਰਖ ਦਾ ਬਚਨ ਹੀ ਐਸਾ ਹੁੰਦਾ ਹੈ ਜਿਹੜਾ ਕਿ ਬੰਦੇ ਦੀ ਸਮਝ ਤੋਂ ਬਾਹਰ ਹੋਣ ਕਰਕੇ ਬੰਦਾ ਉਸ ਤੇ ਸਤ ਬਚਨ ਨਹੀਂ ਕਰ ਸਕਦਾ ਪ੍ਰੰਤੂ ਮਹਾਂਪੁਰਖ ਦਾ ਬਚਨ ਦਰਗਾਹੇ ਪ੍ਰਵਾਣ ਹੁੰਦਾ ਹੈ ਗੁਰਵਾਕ ਹੈ:

**ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸ਼ਰਿ ਸੁਣਿਆ॥**
**ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ॥**

*(ਇਹ ਬਚਨ ਕਾਕਾ ਸਿੰਘ ਵਿੱਲੋਂ ਪਾਸੋਂ ਮਿਲਿਆ।)*

## ਕਰਨ ਕਰਾਵਨ ਸਰਨਿ ਪਰਿਆ ॥ ਗੁਰ ਪ੍ਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥

ਇਸ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਕਦੇ ਕਦੇ ਆਪਣੀ ਬਿਰਤੀ ਸੰਕੋਚਣੀ ਕਈ-ਕਈ ਘੰਟੇ ਮਸਤ ਹੀ ਰਹਿਣਾ ਜੇ ਬੈਠੇ ਹਨ ਤਾਂ ਅਡੋਲ ਹੀ ਬੈਠੇ ਰਹਿਣਾ ਜੇ ਕਿਤੇ ਲੰਮੇ ਪੈ ਜਾਣਾ ਤਾਂ ਉਥੇ ਬਿਰਾਜੇ ਰਹਿਣਾ ਜਿਵੇਂ ਗੁਰ ਫੁਰਮਾਨ ਹੈ :

**ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥**
**ਪਾਪ ਪੁੰਨ ਤਬ ਕਹ ਤੇ ਹੋਤਾ ॥**
**ਜਬ ਧਾਰੀ ਆਪਨ ਸੁੰਨ ਸਮਾਧਿ ॥**
**ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥**
**ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥**
**ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥**
**ਜਬ ਆਪਨ ਆਪ ਆਪਿ ਪਾਰਬ੍ਰਹਮ ॥**
**ਤਬ ਮੋਹ ਕਹਾ ਕਿਸੁ ਹੋਵਤ ਭਰਮ ॥**
**ਆਪਨ ਖੇਲੁ ਆਪਿ ਵਰਤੀਜਾ ॥**
**ਨਾਨਕ ਕਰਨੈਹਾਰੁ ਨ ਦੂਜਾ ॥੧॥**

*(ਗਉੜੀ ਸੁ: ਮਹਲਾ ੫)*

ਇਸ ਤਰ੍ਹਾਂ ਇਸ ਅਵਸਥਾ ਵਿੱਚ ਕਦੇ-ਕਦੇ ਕਿਤਨਾ-ਕਿਤਨਾ ਸਮਾਂ ਟਿਕੇ ਰਹਿੰਦੇ ਸਨ। ਇੱਕ ਦਿਨ ਸੰਤ ਨਰੈਣ ਸਿੰਘ ਜੀ ਨੇ ਬੇਨਤੀ ਕੀਤੀ ਮਹਾਰਾਜ ਕਈ ਦਿਨ ਹੋ ਗਏ ਹਨ ਅੰਨਪਾਨ ਨਹੀਂ ਕੀਤਾ (ਭਾਵ ਕਿ ਦੁੱਧ ਨਹੀਂ ਛਕਿਆ)। ਹੁਕਮ ਕਰੋ ਤਾਂ ਮੈਂ ਤਿਆਰੀ ਕਰਾਂ ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ ਤਿਆਰੀ ਕਰੋ।" ਤਿਆਰੀ ਕਰਨ ਤੋਂ ਬਾਅਦ ਬੇਨਤੀ ਕੀਤੀ ਮਹਾਰਾਜ ਸਭ ਕੁਝ ਤਿਆਰ ਹੈ ਉਪਰੰਤ ਆਸਣ ਵਿਛਿਆ ਹੋਇਆ ਸੀ। ਹਜ਼ੂਰ ਦੁੱਧ ਛਕਣ ਵਾਲੇ ਸਮੇਂ ਜਿਸ ਆਸਣ ਉੱਤੇ ਬਿਰਾਜਦੇ ਸਨ ਉਥੇ ਬਿਰਾਜ

ਗਏ। ਭਾਈ ਰਤਨ ਸਿੰਘ ਡਰੋਲੀ ਹੁਕਮ ਅਨੁਸਾਰ ਪਹਿਰਾ ਦੇ ਰਹੇ ਸਨ। ਇਤਨੇ ਚਿਰ ਵਿੱਚ ਇੱਕ ਫ਼ਕੀਰ ਆਇਆ ਉਸਨੇ ਅੰਦਰ ਆ ਕੇ ਦਰਸ਼ਨ ਕਰਨ ਦੀ ਆਗਿਆ ਮੰਗੀ ਸੇਵਕ ਨੇ ਬੇਨਤੀ ਕੀਤੀ ਤੇ ਹਜ਼ੂਰ ਨੇ ਹੁਕਮ ਕੀਤਾ, "ਉਸਨੂੰ ਆਪਣੇ ਨਾਲ ਹੀ ਅੰਦਰ ਲੈ ਆਓ।" ਹੁਕਮ ਅਨੁਸਾਰ ਸੇਵਕ ਉਸ ਫਕੀਰ ਨੂੰ ਅੰਦਰ ਲੈ ਆਇਆ। ਫਿਰ ਬੇਨਤੀ ਕਰਨ ਉਪਰੰਤ ਹੁਕਮ ਕੀਤਾ, "ਸਾਡੇ ਸਾਹਮਣੇ ਖੜਾ ਕਰੋ।" ਉਸਨੂੰ ਸਾਹਮਣੇ ਖੜਾ ਕਰਨ ਤੋਂ ਬਾਅਦ ਦੁੱਧ ਛਕਿਆ ਸਭ ਨੂੰ ਸੀਤ ਪ੍ਰਸ਼ਾਦ ਮਿਲਿਆ। ਇਸ ਦੌਰਾਨ ਉਹ ਫਕੀਰ ਕਈ ਵਾਰ ਉਠਦਾ ਬੈਠਦਾ ਰਿਹਾ, ਜਿਸ ਤਰ੍ਹਾਂ ਉਸਦੇ ਉੱਤੇ ਬੇ-ਅੰਤ ਭਾਰ ਹੋਵੇ ਤਕਲੀਫ ਮਹਿਸੂਸ ਕਰਦਾ ਰਿਹਾ ਸੀ। ਦੁੱਧ ਛਕਣ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਕਿਉਂ ਬਈ ਫੱਕਰਾ ਤੂੰ ਤਾਂ ਅਜੇ ਥੋੜਾ ਜਿਹਾ ਵੀ ਭਾਰ ਨਹੀਂ ਝੱਲ ਸਕਦਾ ਤੇ ਅਸੀਂ ਹੁਣ ਚਲੇ ਜਾਣਾ ਹੈ ਸਾਡਾ ਸਮਾਂ ਥੋੜ੍ਹਾ ਹੈ ਤੇਰਾ ਕੰਮ ਲੰਬਾ ਹੈ। ਜਿਤਨੇ ਚਿਰ ਵਿੱਚ ਤੇਰਾ ਕੰਮ ਹੁਣ ਮੁਕਣਾ ਹੈ ਤੂੰ ਐਨੀ ਸਾਧਨਾ ਨਹੀਂ ਕਰ ਸਕਦਾ। ਜੇ ਤੂੰ ਸਾਡੇ ਇੱਕ ਅੱਖਰ ਨੂੰ ਸੋਲਾਂ ਗੁਣਾਂ ਵੱਧ ਕਰਕੇ ਮੰਨੇ ਤੇ ਕਰੇਂ ਫਿਰ ਤੇਰਾ ਕੰਮ ਛੇਤੀ ਹੋ ਸਕਦਾ ਹੈ।

**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨਾ ਕੀਜੈ॥**

ਹੋਰ ਗੁਰ ਵਾਕ :

**ਮਾਨ ਮੋਹਿ ਮੇਰ ਤੇਰ ਬਿਬਰਜਿਤ, ਏਹੁ ਮਾਰਗੁ ਖੰਡੇ ਧਾਰ॥**

*(ਰਾਗ ਦੇਵ ਗੰਧਾਰੀ ਮ: ੫)*

ਉਪਰੰਤ ਉਸ ਫਕੀਰ ਦੀ ਸਾਰੀ ਸ਼ਰਾਅ ਕਰਾ ਕੇ ਤੇ ਫਿਰ ਉਸ ਨੂੰ ਵਾਹਿਗੁਰੂ ਮੰਤਰ ਬਖ਼ਸ਼ਿਆ ਤੇ ਬਚਨ ਕੀਤਾ, "ਦਿਨ ਦੀ ਰਾਤ ਤੇ ਰਾਤ ਦਾ ਦਿਨ ਬਣਾ ਕੇ ਸਿਮਰਨ ਕਰੋ ਉਠਦਿਆਂ ਬਹਿੰਦਿਆਂ ਸਿਮਰਨ ਕਰੋ, ਜਿਤਨਾ ਥੋੜ੍ਹਾ ਅੰਨ ਛਕੋਗੇ ਉਤਨਾ ਹੀ ਸਰੀਰ ਨੂੰ ਆਲਸ ਨਹੀਂ ਪਵੇਗਾ ਇੱਕ ਵਾਰ ਆ ਕੇ ਦਰਸ਼ਨ ਕਰ ਜਾਇਆ ਕਰੋ। ਉਪਰੰਤ ਸਿਰ ਤੇ ਹੱਥ ਰੱਖ ਕੇ ਮੇਹਰ ਦੀ ਨਿਗਾਹ ਕਰਕੇ ਰੁੰਮੀ ਚਲੇ ਜਾਣ ਦਾ ਹੁਕਮ ਹੋਇਆ।

**ਸਮਰਥੁ ਗੁਰੂ ਸਿਰਿ ਹਥੁ ਧਰੵਉ॥**
**ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ**

**ਗੁਰਿ ਹਾਥੁ ਧਰਿਓ ਮੇਰੈ ਮਾਥਾ॥**

*(ਜੈਤਸਰੀ ਮ: ੪)*

**ਨਦਰਿ ਕਰੇ ਤਾ ਸਿਮਰਿਆ ਜਾਇ॥ ਆਤਮ ਦ੍ਰਵੈ ਰਹੇ ਲਿਵ ਲਾਇ॥**

*(ਧਨਾਸਰੀ ਮ: ੩)*

ਜਿਨ੍ਹਾਂ ਸੇਵਕਾਂ ਨੂੰ ਪਹਿਰੇ ਲਾਉਣ ਦਾ ਹੁਕਮ ਹੁੰਦਾ ਸੀ ਉਸ ਸਮੇਂ ਵੀ ਬਚਨ ਕਰਦੇ ਹੁੰਦੇ ਸਨ ਕਿ, "ਰੂੰਮੀ ਵਾਲੇ ਡੇਰੇ ਦੋ ਪਹਿਰੇ ਲਾਵੇ ਤੇ ਰੂੰਮੀ ਇੱਕ ਪਹਿਰਾ ਲਾਵੇ ਤੇ ਫਲ ਬਰਾਬਰ ਹੁੰਦਾ ਹੈ। ਉਪਰੰਤ ਉਸ ਫੱਕਰ ਦੇ ਰੂੰਮੀ ਜਾਣ ਤੋਂ ਬਾਅਦ ਉਸ ਦੀ ਤਪੱਸਿਆ ਆਰੰਭ ਹੋ ਗਈ ਦਿਨ ਰਾਤ ਸਿਮਰਨ ਕਰਨਾ ਕੁਝ ਸਮਾਂ ਉਸਦੀ ਸੇਵਾ ਹੁਕਮ ਅਨੁਸਾਰ ਵੱਡਾ ਝੰਡਾ ਸਿੰਘ ਸੇਮੇ ਵਾਲਾ ਕਰਦਾ ਰਿਹਾ। ਫਿਰ ਹੁਕਮ ਅਨੁਸਾਰ ਭਾਈ ਰਤਨ ਸਿੰਘ ਡਰੋਲੀ ਕਰਦਾ ਰਿਹਾ। ਉਨ੍ਹਾਂ ਅਨੁਸਾਰ ਅੱਠਾਂ ਪਹਿਰਾਂ ਵਿੱਚ ਇੱਕ ਪ੍ਰਸ਼ਾਦਾ ਛਕਣ ਵਾਸਤੇ ਦੇਣਾ ਨਿਗਾਹ ਕਰਕੇ। ਉਸ ਗੁਰਮੁਖ ਦੀ ਮਨੋ ਅਵਸਥਾ ਇਹ ਹੋ ਗਈ ਸੀ, ਹਰ ਸਮੇਂ ਧਿਆਨ ਮਗਨ ਰਹਿਣਾ ਤੁਰਦਿਆਂ ਫਿਰਦਿਆਂ ਮਸਤ ਰਹਿਣਾ, ਪ੍ਰੰਤੂ ਸਾਵਧਾਨਤਾ ਪੂਰੀ। ਭਾਈ ਗੁਰਦਾਸ ਜੀ ਦੇ ਬਚਨ ਅਨੁਸਾਰ "ਮਸਤ ਅਲ ਮਸਤ ਸਦਾ ਹੁਸ਼ਿਆਰੀ" ਗੁਰ ਵਾਕ ਹੈ:

**ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ॥**

*(ਆਸਾ ਛੰਤ ਮ: ੫)*

ਇਸ ਤਰ੍ਹਾਂ ਤਿੰਨ ਚਾਰ ਮਹੀਨੇ ਬੜੀ ਕਠਿਨ ਘਾਲਣਾ ਉਸ ਕੋਲੋ ਦੱਸ ਦੱਸ ਕੇ ਕਰਵਾਈ। ਕਈ ਵਾਰੀ ਹਜ਼ੂਰ ਰਾਤ ਨੂੰ ਆਵਾਜ਼ ਦੇ ਕੇ ਬਚਨ ਕਰਿਆ ਕਰਦੇ ਸਨ ਜਿਵੇਂ ਕਿ, "ਤਕੜਾ ਹੋ ਜਾ ਸੰਭਲ ਕੇ ਚੱਲ੍ਹ"। ਜਿਵੇਂ ਬਾਬਾਂ ਜੀ ਬਚਨ ਕਰਦੇ ਹੁੰਦੇ ਸਨ, "ਆਪਣਾ ਅਨੰਦ ਛੱਡ ਕੇ ਸੇਵਕ ਦੇ ਮਨ ਦੀ ਅਵਸਥਾ ਸਮਝ ਕੇ ਹਰ ਸਮੇਂ ਉਸਦੀ ਸਹਾਇਤਾ ਕਰੀਦੀ ਹੈ।"

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥**
**ਸੇਵਕ ਕਉ ਗਰੁ ਸਦਾ ਦਇਆਲ॥**

ਅਥਵਾ

**ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥**
**ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥**

**ਤਿਉ ਸਤਿਗੁਰ ਗੁਰ ਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ॥**

*(ਗਉੜੀ ਮ: ੪)*

ਜਿਵੇਂ-ਜਿਵੇਂ ਇਹ ਕਮਾਈ ਕਰਦਾ ਰਿਹਾ ਉਸ ਉੱਤੇ ਪ੍ਰਸੰਨਤਾ ਵੱਧਦੀ ਗਈ। ਅਖੀਰ ਨੂੰ ਇੱਕ ਦਿਨ ਉਹ ਵੀ ਆ ਗਿਆ ਜਦੋਂ ਘਾਲ ਥਾਂ ਪੈ ਕੇ ਬਖ਼ਸ਼ਿਸ਼ ਹੁੰਦੀ ਹੈ ਜਿਵੇਂ ਬਾਣੀ ਵਿੱਚ ਕਥਨ ਹੈ:

**ਜਿਨ ਕਉ ਨਦਰਿ ਕਰਮੁ ਤਿਨ ਕਾਰ॥**
**ਨਾਨਕ ਨਦਰੀ ਨਦਰਿ ਨਿਹਾਲ॥**

*(ਜਪੁ ਜੀ ਸਾਹਿਬ)*

ਇਕ ਦਿਨ ਭਾਈ ਰਤਨ ਸਿੰਘ ਡਰੋਲੀ ਨੂੰ ਹੁਕਮ ਹੋਇਆ, "ਅੱਜ ਉਸ ਫੱਕਰ ਨੂੰ ਨਾਲ ਲੈ ਆਈਂ।" ਹੁਕਮ ਅਨੁਸਾਰ ਨਾਲ ਲਿਆ ਕੇ ਸਾਹਮਣੇ ਖੜਾ ਕਰਕੇ ਬਚਨ ਕੀਤਾ, "ਲੈ ਆਈ ਸ਼ਕਤੀ ਸੰਭਾਲ।" 3 ਵਾਰ ਮੁੱਖ ਤੋਂ 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ' ਉਚਾਰਨ ਕੀਤਾ।

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥**

*(ਸਲੋਕ ਭਗਤ ਕਬੀਰ ਜੀ ਕੇ)*

ਉਪਰੰਤ ਉਹ ਫੱਕਰ ਜ਼ਮੀਨ ਉੱਤੇ ਬੈਠ ਗਿਆ। ਬਾਬਾ ਜੀ ਬੜੇ ਹੱਸੇ ਤੇ ਬਚਨ ਕੀਤਾ, "ਜਾ ਓਏ ਤੇਰਾ ਕਾਰਜ ਸ਼ੁਧ ਹੋਇਆ ਤਾਂ ਬਚਨ ਕੀਤਾ:

**ਸਫਲ ਸਫਲ ਭਈ ਸਫਲ ਜਾਤ੍ਰਾ॥**
**ਆਵਣ ਜਾਣ ਰਹੇ ਮਿਲੇ ਸਾਧਾ॥**

ਜੇ ਕਿਤੇ ਲੋੜ ਪਵੇ ਤਾਂ ਮਹਾਂ ਪੁਰਖ ਕਲੇਰੀਂ ਹਨ, ਉਨ੍ਹਾਂ ਕੋਲ ਚਲੇ ਜਾਣਾ ਸਾਡਾ ਹੁਣ ਸਮਾਂ ਥੋੜ੍ਹਾ ਹੈ।

**ਪਾਰਸ ਮੈ ਅਰ ਸੰਤਨ ਮੈ ਬਡੋ ਅੰਤਰੋ ਜਾਨ॥**
**ਓਹ ਲੋਹੇ ਕੋ ਕੰਚਨ ਕਰੇ ਓਹ ਕਰਤੇ ਬ੍ਰਹਮ ਸਮਾਨ॥**

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ)*

# ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥

ਸੇਵਕ ਮਹਾਂਪੁਰਖਾਂ ਦੀ ਸੰਗਤ ਕਰਦਾ ਹੈ ਵਰਤਮਾਨ ਵਿੱਚ ਜੋ ਕੁਝ ਹੁੰਦਾ ਹੈ ਵੇਖਦਾ ਹੈ। ਪ੍ਰੰਤੂ ਜਦੋਂ ਬਚਨ ਮੰਨਣ ਦਾ ਸਮਾਂ ਆਉਂਦਾ ਹੈ ਉਸ ਸਮੇਂ ਭੁੱਲ ਜਾਂਦਾ ਹੈ। ਬਚਨ ਨਹੀਂ ਮੰਨਦਾ ਬਾਬਾ ਅਨੰਦ ਸਿੰਘ ਜੀ ਨੇ ਕਈ ਵਾਰ ਸੰਤ ਸੁਜਾਨ ਸਿੰਘ ਜੀ ਦੇ ਜਥੇ ਦੇ ਸਿੰਘ ਭਾਈ ਬਹਾਦੁਰ ਸਿੰਘ ਅਤੇ ਭਾਈ ਗੁਰਬਖਸ਼ ਸਿੰਘ (ਭਾਊ) ਜੋੜੀ ਵਾਲੇ ਇਨ੍ਹਾਂ ਦੋਹਾਂ ਨੂੰ ਬਾਬਾ ਜੀ ਨੇ ਕਈ ਵਾਰ ਸੰਤ ਸੁਜਾਨ ਸਿੰਘ ਜੀ ਦੇ ਪੈਰੀਂ ਪੁਆ ਕੇ ਬਚਨ ਕੀਤਾ ਸੀ। ਤੁਹਾਡੀ ਜ਼ਿੰਦਗੀ ਇਸਦੇ ਨਾਲ ਨਿਭੇ, ਤੁਸੀਂ ਇਸਨੂੰ ਨਹੀਂ ਛੱਡਣਾ, ਪ੍ਰੰਤੂ ਨਿਭਿਆ ਇੱਥੋਂ ਤੱਕ ਗੁਰਬਖਸ਼ ਸਿੰਘ ਭਾਊ ਹੀ। ਕਈ ਵਾਰ ਭਾਊ ਨੂੰ ਔਕੜਾਂ ਵੀ ਆਈਆਂ ਹੋਣਗੀਆਂ। ਪਰ ਬਾਬਾ ਜੀ ਦੇ ਬਚਨ ਅਨੁਸਾਰ ਇੱਕ ਗੁਰਬਖਸ਼ ਸਿੰਘ ਭਾਊ ਹੀ ਪੂਰਾ ਉਤਰਿਆ ਹੈ। ਭਾਈ ਬਹਾਦੁਰ ਸਿੰਘ ਗੁਣੀ ਪੁਰਸ਼ ਸੀ ਅਖੀਰ ਤੱਕ ਬਾਬਾ ਈਸ਼ਰ ਸਿੰਘ ਜੀ ਨਾਲ ਸੰਗਤ ਕਰਦਾ ਰਿਹਾ। ਇਸ ਘਰ ਵਿੱਚ ਹੀ ਰਿਹਾ। ਪ੍ਰੰਤੂ ਬਾਬਾ (ਆਨੰਦ ਸਿੰਘ ਜੀ) ਦੇ ਬਚਨ ਅਨੁਸਾਰ ਕਿ ਤੁਹਾਡੀ ਜ਼ਿੰਦਗੀ ਇਸਦੇ ਨਾਲ ਨਿਭੇ ਇਸ ਬਚਨ ਅਨੁਸਾਰ ਸਿਰਫ ਗੁਰਬਖਸ਼ ਸਿੰਘ ਹੀ ਪੂਰਾ ਉੱਤਰਿਆ ਇਸ ਵਿੱਚ ਕੀ ਭੇਤ ਸੀ ਇਸ ਗੱਲ ਨੂੰ ਜਾਂ ਬਾਬਾ ਜੀ ਜਾਨਣ ਜਾਂ ਨਿਰੰਕਾਰ ਜਾਣੇ। ਇਸੇ ਤਰ੍ਹਾਂ ਹੀ ਭੁੱਚੋ ਇੱਕ ਪ੍ਰੇਮੀ ਸੀ, ਵੱਡਾ ਝੰਡਾ ਸਿੰਘ ਸੇਮੇ ਵਾਲੇ ਨਾਲ ਮਿਲ ਕੇ ਦਰਸ਼ਨ ਕਰਨ ਆਉਂਦਾ ਤੇ ਕਈ-ਕਈ ਦਿਨ ਭੁੱਚੋ ਹੀ ਡੇਰੇ ਵਿੱਚ ਰਹਿੰਦਾ ਸੀ। ਇੱਕ ਵਾਰ ਇਸ ਪ੍ਰੇਮੀ ਨੇ ਵੱਡੇ ਝੰਡਾ ਸਿੰਘ ਦੇ ਰਾਹੀਂ ਬਾਬਾ ਜੀ ਕੋਲ ਬੇਨਤੀ ਕੀਤੀ ਕੀ ਮਹਾਰਾਜ ਮੈਂ ਆਪਣੇ ਇੱਕ ਲਿਹਾਜ ਵਾਲੇ ਦੇ ਮੁੰਡੇ ਨੂੰ ਕਿਤੋਂ ਸਾਕ ਕਰਵਾਉਣਾ ਹੈ। ਆਪ ਆਗਿਆ ਬਖਸ਼ੋ, ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਨਹੀਂ ਕਰਵਾਉਣਾ ਇਹ ਕੰਮ ਚੰਗਾ ਨਹੀਂ, ਬਿਘਨ ਪਏਗਾ, ਤੁਸੀਂ ਇਸ ਵਿਚੋਂ ਕੀ ਲੈਣਾ ਹੈ।" ਪ੍ਰੰਤੂ ਇਸ ਨੇ ਕਈ ਵਾਰ ਪੁੱਛਿਆ ਬਾਬਾ ਜੀ ਨੇ ਹਰ ਵਾਰੀ ਰੋਕਿਆ, ਫਿਰ ਵੀ ਇਸ

ਨੇ ਰਿਸ਼ਤਾ ਕਰਵਾ ਦਿੱਤਾ ਅਤੇ ਵਿਆਹ ਵੀ ਹੋ ਗਿਆ। ਉਸ ਸਮੇਂ ਮੰਗਣੇ ਤੋਂ ਦੋ ਸਾਲ ਬਾਅਦ ਮੁਕਲਾਵਾ ਦਿੰਦੇ ਸਨ। ਮੁਕਲਾਵਾ ਲੈ ਜਾਣ ਵੇਲੇ ਇਹ ਅਤੇ ਝੰਡਾ ਸਿੰਘ ਦੋਵੇਂ ਹੀ ਬਾਬਾ ਜੀ ਪਾਸ ਮੱਥਾ ਟੇਕਣ ਆਏ ਉਸ ਪ੍ਰੇਮੀ ਨੇ ਬਾਬਾ ਜੀ ਨੂੰ ਬੜੇ ਮਾਣ ਨਾਲ ਕਿਹਾ ਜੀ ਤੁਸੀਂ ਤਾਂ ਕਹਿੰਦੇ ਸੀ ਵਿਘਨ ਪਏਗਾ। ਇਹ ਕੰਮ ਬੜਾ ਚੰਗਾ ਹੋ ਗਿਆ ਹੈ ਵਿਆਹ ਹੋ ਗਿਆ ਹੈ। ਅਸੀਂ ਅੱਜ ਮੁਕਲਾਵਾ ਲੈਣ ਜਾ ਰਹੇ ਹਾਂ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਵਿਘਨ ਤਾਂ ਪੈ ਗਿਆ ਹੈ। ਤੁਸੀਂ ਮੁਕਲਾਵਾ ਕਿਸ ਦਾ ਲੈਣ ਜਾ ਰਹੇ ਹੋ ਉਥੇ ਭਾਣਾ ਵਰਤ ਗਿਆ ਹੈ। ਜਦੋਂ ਜਾਉਗੇ ਪਤਾ ਲੱਗ ਜਾਏਗਾ। ਇਸ ਤੋਂ ਬਾਅਦ ਉਹ ਮੱਥਾ ਟੇਕ ਕੇ ਅੱਗੇ ਚਲੇ ਗਏ ਜਿਸ ਸਮੇਂ ਇਹ ਲੜਕੀ ਵਾਲਿਆਂ ਦੇ ਨਗਰ ਪਹੁੰਚੇ ਉਥੇ ਜਾ ਕੇ ਪਤਾ ਲੱਗਾ ਲੜਕੀ ਤਾਂ ਕਿਤੇ ਆਪਣੇ ਆਪ ਚਲੀ ਗਈ ਭਾਵ ਕਿ ਨਿਕਲ ਗਈ ਹੈ। ਬੜੇ ਹੈਰਾਨ ਹੋਏ ਕਿ ਹੁਣ ਕੀ ਬਣੇ। ਉਪਰੰਤ ਬਾਬਾ ਜੀ ਪਾਸ ਪਹੁੰਚੇ ਸਾਰੀ ਹਕੀਕਤ ਦੱਸ ਕੇ ਬੇਨਤੀ ਕੀਤੀ ਮਹਾਰਾਜ ਕ੍ਰਿਪਾ ਕਰੋ, ਹੁਣ ਤੁਹਾਡੇ ਰੱਖਣ ਦੇ ਹਾਂ। ਇਸ ਤਰ੍ਹਾਂ ਬੜੀਆਂ ਬੇਨਤੀਆਂ ਕੀਤੀਆਂ, ਸੁਨਣ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਤੁਹਾਨੂੰ ਪਹਿਲਾਂ ਹੀ ਦੱਸਿਆ ਸੀ ਕਿ ਤੁਸੀਂ ਇਸ ਕੰਮ ਵਿੱਚ ਨਾ ਆਓ, ਪਰ ਤੁਸੀਂ ਨਾ ਹਟੇ।" ਕੁਝ ਚਿਰ ਚੁੱਪ ਰਹਿਣ ਉਪਰੰਤ ਬਚਨ ਕੀਤਾ, "ਵੱਡੇ ਝੰਡੇ ਨੂੰ ਇੱਥੇ ਛੱਡ ਜਾਵੋ ਤੇ ਦੂਸਰਾ ਜਿਹੜਾ ਵਿਚੋਲਾ ਹੈ ਇਹ ਲੜਕੀ ਦੇ ਪਿੰਡ ਚਲਾ ਜਾਵੇ।" ਇਸ ਤੋਂ ਬਾਅਦ ਹੁਕਮ ਅਨੁਸਾਰ ਇਵੇਂ ਕੀਤਾ ਗਿਆ। ਫਿਰ ਮੁਕਲਾਵਾ ਲੈ ਕੇ ਵਾਪਸ ਸਾਰੇ ਮੁੜ ਕੇ ਬਾਬਾ ਜੀ ਪਾਸ ਪਹੁੰਚੇ ਸਭ ਦੀ ਹੁਕਮ ਅਨੁਸਾਰ ਮਰਿਆਦਾ ਕਰਵਾਈ ਗਈ। ਬਚਨ ਕੀਤਾ, "ਝੰਡਿਆ, ਤੁਸੀਂ ਸਭ ਕੁਝ ਵੇਖਦੇ ਹੋਏ ਵੀ ਬਚਨ ਮੰਨਣ ਵੇਲੇ ਭੁੱਲ ਜਾਂਦੇ ਹੋ।" ਫਿਰ ਝੰਡਾ ਸਿੰਘ ਨੇ ਆਪਣੀ ਗਲਤੀ ਦੀ ਮਾਫੀ ਮੰਗੀ ਬਚਨ ਹੋਇਆ, "ਸ਼ੁੱਧ ਹੈ ਜਾਉ ਆਪੋ ਆਪਣਾ ਕੰਮ ਕਰੋ, ਝੰਡਿਆ ਸਾਡਾ ਸਮਾਂ ਥੋੜ੍ਹਾ ਹੈ ਸੰਗਤ ਕਰ ਲਵੋ ਲਾਹਾ ਹੀ ਲਾਹਾ ਹੈ।

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥**
**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥**

## ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ ॥

ਇਨ੍ਹਾਂ ਦਿਨਾਂ ਵਿੱਚ ਹੀ ਬਾਬਾ ਅਨੰਦ ਸਿੰਘ ਜੀ ਭੁੱਚੋ ਦਰਸ਼ਨ ਕਰਨ ਵਾਸਤੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚੇ, ਨਾਲ ਕੁਝ ਸੰਗਤ ਵੀ ਸੀ। ਬਾਬਾ ਅਨੰਦ ਸਿੰਘ ਜੀ ਨੇ ਲੰਮੇ ਪੈ ਕੇ ਡੰਡੌਤ ਕੀਤੀ ਭੁੱਚੋ ਵਾਲੇ ਮਹਾਰਾਜ ਬੜੇ ਪ੍ਰਸੰਨ ਹੋਏ ਅਤੇ ਬਚਨ ਕੀਤਾ, "ਰਿਖੀ ਜੀ ਤੁਹਾਨੂੰ ਅੱਗੇ ਬਹੁਤ ਕੁਝ ਮਿਲ ਚੁਕਾ ਹੈ, ਹੁਣ ਲੰਮੇ ਪੈ ਕੇ ਡੰਡੌਤ ਨਾ ਕਰਿਆ ਕਰੋ।" ਉਪਰੰਤ ਬਾਬਾ ਆਨੰਦ ਸਿੰਘ ਜੀ ਨੇ ਬੇਨਤੀ ਕੀਤੀ ਗਰੀਬ ਨਿਵਾਜ ਦਾਸ ਦਾ ਸਿਰ ਤੁਹਾਡੇ ਚਰਨਾਂ ਉੱਤੇ ਸਦਾ ਝੁਕਿਆ ਰਹੇ। ਉਪਰੰਤ ਸਾਰੀ ਸੰਗਤ ਨੇ ਵਾਰੀ-ਵਾਰੀ ਨਮਸਕਾਰ ਕੀਤੀ। ਰਾਤ ਸਮੇਂ ਸਭ ਸੰਗਤ ਨੂੰ ਜਿੱਥੇ-ਜਿੱਥੇ ਹੁਕਮ ਹੋਇਆ ਆਰਾਮ ਕੀਤਾ। ਸ਼ਾਮ ਦਾ ਲੰਗਰ ਛਕਣ ਉਪਰੰਤ ਹੁਕਮ ਕੀਤਾ, "ਬਾਲਿਆ ਡਰੋਲੀ ਵਾਲਿਆਂ ਨੂੰ ਹਾਜ਼ਰ ਕਰੋ।" ਭਾਈ ਰਤਨ ਸਿੰਘ ਡਰੋਲੀ ਅਤੇ ਬੀਬੀ ਜੈ ਕੌਰ ਨੇ ਹਾਜ਼ਰ ਹੋਣ ਉਪਰੰਤ ਬੇਨਤੀ ਕੀਤੀ, ਅਸੀਂ ਹਾਜ਼ਰ ਹਾਂ ਹੁਕਮ ਕਰੋ। ਤਾਂ ਬਾਬਾ ਜੀ ਨੇ ਹੁਕਮ ਕੀਤਾ, "ਦੇਵੀ ਤੂੰ ਅੱਜ ਰਾਤ ਨੂੰ ਸਾਡੀ ਪੱਖਾ ਝੱਲਣ ਦੀ ਸੇਵਾ ਕਰਨੀ ਹੈ ਤੇਰਾ ਪਤੀ ਮਹਾਂਪੁਰਖਾਂ ਦੀ ਸੇਵਾ ਕਰੇਗਾ, ਥਾਉਂ ਥਾਈਂ ਸੇਵਾ ਵਿੱਚ ਹਾਜ਼ਰ ਹੋ ਜਾਉ।" ਹੁਕਮ ਅਨੁਸਾਰ ਸੇਵਾ ਵਿੱਚ ਦੋਵੇਂ ਹਾਜ਼ਰ ਹੋ ਗਏ। ਅੱਗੇ ਬਾਬਾ ਆਨੰਦ ਸਿੰਘ ਜੀ ਦਾ ਟਿੱਲੇ ਉਪਰ ਆਸਣ ਸੀ, ਸੇਵਾ ਵਿੱਚ ਉਸ ਸਮੇਂ ਸ. ਚੰਦਾ ਸਿੰਘ ਪਿੰਡ ਵਾਂ ਖਾਰੇ ਵਾਲਾ ਸੀ। ਭਾਈ ਰਤਨ ਸਿੰਘ ਡਰੋਲੀ ਜਿਸ ਸਮੇਂ ਪੱਖਾ ਲੈ ਕੇ ਟਿੱਲੇ ਉਪਰ ਪਹੁੰਚੇ ਚੰਦਾ ਸਿੰਘ ਨੇ ਬਾਬਾ ਜੀ ਪਾਸ ਬੇਨਤੀ ਕਰ ਦਿੱਤੀ ਤਤਕਾਲ ਬਾਬਾ ਆਨੰਦ ਸਿੰਘ ਜੀ ਨੇ ਬਚਨ ਕੀਤਾ ਆ ਜਾਣ ਦਿਓ। ਹੁਕਮ ਨਾਲ ਆਇਆ ਹੈ ਉਪਰੰਤ ਸੇਵਾ ਆਰੰਭ ਹੋ ਗਈ। ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਪੱਖੇ ਦੀ ਸੇਵਾ ਬੀਬੀ ਜੈ ਕੌਰ ਨੇ ਆਰੰਭ ਕਰ ਦਿੱਤੀ, ਉਸ ਸਮੇਂ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਦੇਵੀ ਸਾਡੀ ਹਜ਼ੂਰੀ ਵਿੱਚ ਸੇਵਾ ਕਰਨ ਦਾ

ਸਮਾਂ ਤੈਨੂੰ ਸਾਡੇ ਕੋਲ ਹੀ ਮਿਲਿਆ ਹੈ। ਮਹਾਂਪੁਰਖਾਂ ਕੋਲ ਤੇਰੇ ਪਤੀ ਨੂੰ ਸੇਵਾ ਮਿਲੇਗੀ ਤੇ ਤੂੰ ਉਥੇ ਜਾ ਕੇ ਵੀ ਲੰਗਰ ਦੀ ਸੇਵਾ ਕਰਨੀ ਹੈ। ਜੋ ਬਚਨ ਤੇਰੇ ਨਾਲ ਅਸੀਂ ਕੀਤਾ ਹੈ, ਉਸ ਨੂੰ ਤੂੰ ਪੂਰਾ ਨਿਭਾਈ, ਤੇ ਫਿਰ ਬਚਨ ਕੀਤਾ, "ਦੇਵੀ ਜਪੁਜੀ ਸਾਹਿਬ ਦਾ ਪਾਠ ਸੁਣਾ, ਇਸ ਤਰ੍ਹਾਂ ਬਾਬਾ ਜੀ ਦੇ ਹੁਕਮ ਅਨੁਸਾਰ ਉਹ ਸਾਰੀ ਰਾਤ ਲਗਾਤਾਰ ਪਾਠ ਸੁਣਾਉਂਦੀ ਰਹੀ।

**ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਂਧਾ**
**ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥**

ਉਪਰੰਤ ਬਾਬਾ ਜੀ ਨੇ ਕਵਿਤਾ ਵਿੱਚ ਬਚਨ ਕੀਤਾ, "ਜਾਗ ਮਨ ਪਿਆਰੇ, ਵੱਜੇ ਕੂਚ ਦੇ ਨਗਾਰੇ, ਤੈਨੂੰ ਵੇਦ ਭੀ ਪੁਕਾਰੇ, ਰਾਹ ਦੱਸਦੇ ਨੇ ਦੂਰ ਦਾ।"

ਦਿਨ ਪਹੁ ਫੁੱਟਣ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਹੁਕਮ ਅਨੁਸਾਰ ਦਰਵਾਜ਼ਾ ਖੋਲ੍ਹਿਆ। ਸਭ ਤੋਂ ਪਹਿਲਾਂ ਬਾਬਾ ਆਨੰਦ ਸਿੰਘ ਜੀ ਨੇ ਨਮਸਕਾਰ ਕੀਤੀ ਅਤੇ ਹਜ਼ੂਰੀ ਵਿੱਚ ਹੀ ਬੈਠੇ ਰਹੇ ਸਾਰੀ ਸੰਗਤ ਨੇ ਫਿਰ ਵਾਰੀ-ਵਾਰੀ ਨਮਸਕਾਰ ਕੀਤੀ, ਇਸ ਸਮੇਂ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਮਹਾਂਪੁਰਖੋ ਭਾਦੋਂ ਦੇ ਮਹੀਨੇ ਹਨੇਰ ਮੱਚ ਜਾਏਗਾ, ਤਿੰਨ ਵਾਰ ਇਹ ਬਚਨ ਕੀਤਾ। ਇਹ ਭਵਿੱਖਤ ਬਚਨ ਸੀ। ਬਾਬਾ ਅਨੰਦ ਸਿੰਘ ਜੀ ਵੀ ਭਾਦੋਂ ਵਿੱਚ ਦਰਗਾਹ ਨੂੰ ਗਏ ਅਤੇ ਸਨ ਸੰਤਾਲੀ ਵਿੱਚ ਜੋ ਭਾਣਾ ਵਰਤਿਆ ਉਹ ਭਾਦਰੋਂ ਦਾ ਮਹੀਨਾ ਹੀ ਸੀ। ਉਪਰੰਤ ਬਚਨ ਕੀਤਾ, "ਮਹਾਂਪੁਰਖੋ ਡਰੋਲੀ ਵਾਲੇ ਨੇ ਪੱਖੇ ਦੀ ਸੇਵਾ ਕੈਸੀ ਕੀਤੀ।" ਅੱਗੋਂ ਜਵਾਬ ਦਿੱਤਾ, "ਗਰੀਬ ਨਿਵਾਜ ਬਹੁਤ ਚੰਗੀ ਕੀਤੀ ਹੈ।" ਫਿਰ ਹੁਕਮ ਹੋਇਆ, "ਇਸ ਤੋਂ ਪਾਠ ਵੀ ਸੁਣ ਲੈਣਾ ਸੀ।" ਅੱਗੋਂ ਬਾਬਾ ਆਨੰਦ ਸਿੰਘ ਜੀ ਨੇ ਬਚਨ ਕੀਤਾ ਜੀ ਪਾਠ ਨਹੀਂ ਸੁਣਿਆ ਫਿਰ ਬਚਨ ਕੀਤਾ, "ਕੋਈ ਨਹੀਂ ਫੇਰ ਸੁਣ ਲਿਆ ਕਰਨਾ।" ਇਸ ਤੋਂ ਉਪਰੰਤ ਜਦੋਂ ਕਲੇਰੀਂ ਸੇਵਾ ਵਿੱਚ ਭਾਈ ਰਤਨ ਸਿੰਘ ਡਰੋਲੀ ਆਏ ਫਿਰ ਬੇਅੰਤ ਪਾਠ ਸੁਣੇ।

*(ਇਹ ਪ੍ਰਸੰਗ ਪਿਤਾ ਜੀ ਪਾਸੋਂ ਮਿਲਿਆ)*

# ਮੇਰਾ ਅੰਤਰਜਾਮੀ ਹਰਿ ਰਾਇਆ॥

ਇਕ ਪ੍ਰੇਮੀ ਪੰਡਿਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆ ਦੀ ਸੰਗਤ ਕਰਦਾ ਹੁੰਦਾ ਸੀ। ਇੱਕ ਵਾਰ ਇਸਦਾ ਕੋਈ ਘਰੋਗੀ ਕਾਰਜ ਅੜਿਆ ਹੋਇਆ ਸੀ। ਇਸ ਨੇ ਕਾਰਜ ਪੂਰਾ ਕਰਨ ਲਈ ਉਨ੍ਹਾਂ ਕੋਲ ਬੇਨਤੀ ਕੀਤੀ, ਪੰਡਤ ਜੀ ਨੇ ਇਸਨੂੰ ਪ੍ਰੇਰਿਆ ਕਿ ਅਸਾਡੇ ਗੁਰੂ ਭੁੱਚੋ ਹਨ ਤੂੰ ਉਥੇ ਪਹੁੰਚ। ਜਦੋਂ ਇਸ ਨੇ ਬੇਨਤੀ ਕਰਨੀ ਸ੍ਰੀ ਰਾਮ ਸਿੰਘ ਜੀ ਨੇ ਇਸਨੂੰ ਭੁੱਚੋ ਪਹੁੰਚਣ ਵਾਸਤੇ ਪ੍ਰੇਰਨਾ ਕਰਨੀ। ਇੱਕ ਵਾਰ ਇਸਨੇ ਕਹਿਆ ਜੀ ਤੁਸੀਂ ਨਾਲ ਚੱਲੋ, ਮੈਨੂੰ ਉਥੇ ਕੋਈ ਜਾਣਦਾ ਨਹੀਂ। ਪੰਡਿਤ ਜੀ ਨੇ ਇਸਨੂੰ ਦੱਸਿਆ ਜੇ ਤੂੰ ਨਹੀਂ ਜਾਣਦਾ ਤਾਂ ਨਾ ਸਹੀ ਪ੍ਰੰਤੂ ਉਹ ਸਭ ਨੂੰ ਜਾਣਦੇ ਹਨ ਜਿਵੇਂ ਬਾਣੀ ਵਿੱਚ ਫੁਰਮਾਨ ਹੈ, "ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥" ਪੰਡਿਤ ਜੀ ਨੇ ਕਿਹਾ ਕਿ ਤੇਰਾ ਕਾਰਜ ਉਥੇ ਗਏ ਬਿਨਾਂ ਨਹੀਂ ਹੋਣਾ। ਉਹ ਪ੍ਰੇਮੀ ਡਰਦਾ- ਡਰਦਾ ਭੁੱਚੋ ਪਹੁੰਚ ਗਿਆ। ਜਿਸ ਸਮੇਂ ਪਹਿਰੇਦਾਰ ਰਾਹੀਂ ਬੇਨਤੀ ਕਰਕੇ ਅੰਦਰ ਗਿਆ ਬਾਬਾ ਜੀ ਨੇ ਉਸ ਸਮੇਂ ਹੀ ਅੰਤ ਤੱਕ ਸਾਰਾ ਬ੍ਰਿਤਾਂਤ ਸੁਣਾ ਦਿੱਤਾ। ਉਹ ਪ੍ਰੇਮੀ ਬੜਾ ਹੈਰਾਨ ਹੋਇਆ ਅਤੇ ਬੈਠ ਗਿਆ। ਬਾਬਾ ਜੀ ਨੇ ਉਸਦੀ ਸ਼ਰਾਅ ਕਰਾਈ ਜਿਵੇਂ ਕਿ ਸਭ ਦੀ ਕਰਵਾਉਂਦੇ ਸਨ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਤੇਰਾ ਕਾਰਜ ਸ਼ੁਧ ਹੈ ਤੂੰ ਜਾਣਾ ਚਾਹੇਂ ਤਾਂ ਜਾ ਸਕਦਾ ਹੈਂ।" ਫਿਰ ਇਹ ਵੀ ਬਚਨ ਕੀਤਾ। ਸਾਡੇ ਕੋਲ ਅੱਜ ਰਾਤ ਨੂੰ ਮਲੂਕੇ ਵਾਲੇ ਨੇ ਵੀ ਆਉਣਾ ਹੈ। ਜੇ ਤੂੰ ਉਹਨਾਂ ਨਾਲ ਜਾਣਾ ਚਾਹੇ ਤਾਂ ਚਲਾ ਜਾਈਂ। ਉਹ ਹੈਰਾਨ ਹੋ ਕੇ ਕਹਿਣ ਲੱਗਾ ਜੀ ਮੇਰੇ ਕੋਲ ਤਾਂ ਉਨ੍ਹਾਂ ਨੇ ਤਹਾਡੇ ਕੋਲ ਆਉਣ ਦੀ ਕੋਈ ਗੱਲ ਨਹੀਂ ਕੀਤੀ ਤਾਂ ਬਾਬਾ ਜੀ ਨੇ ਬਚਨ ਕੀਤਾ, ਅਸੀਂ ਉਸ ਨੂੰ ਤਾਰ ਪਾ ਦਿੱਤੀ ਹੈ। ਉਸਨੇ ਅੱਜ ਰਾਤ ਨੂੰ ਆ ਜਾਣਾ ਹੈ, ਤੂੰ ਵੇਖ ਲਈਂ। ਉਹ ਪ੍ਰੇਮੀ ਸਾਰਾ ਦਿਨ ਉਥੇ ਰਿਹਾ ਸ਼ਾਮਾਂ ਪੈ ਗਈਆਂ। ਅੱਧੀ ਰਾਤ ਦੇ ਲਗਭਗ ਪੰਡਿਤ ਸ੍ਰੀ ਰਾਮ ਸਿੰਘ ਜੀ ਵੀ ਹਾਕਮ ਸਿੰਘ ਗਿੱਲ

ਨੂੰ ਲੈ ਕੇ ਆ ਹਾਜ਼ਰ ਹੋਏ। ਹਜ਼ੂਰ ਨੇ ਉਸ ਸਮੇਂ ਹੀ ਦਰਵਾਜ਼ਾ ਖੋਲ੍ਹ ਕੇ ਦਰਸ਼ਨ ਦਿੱਤੇ ਅਤੇ ਬੜੇ ਪ੍ਰਸੰਨ ਹੋਏ ਦਿਨ ਚੜ੍ਹਨ ਦੇ ਲਗਭਗ ਉਸ ਪ੍ਰੇਮੀ ਨੂੰ ਨਾਲ ਹੀ ਤੋਰ ਦਿੱਤਾ।

**ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ਬਿਸਰਿ ਗਏ ਬਕਬਾਇਆ॥**

*(ਇਹ ਪ੍ਰਸੰਗ ਰਤਨ ਸਿੰਘ ਢਿੱਲੋਂ ਮਲੂਕਾ ਨਿਵਾਸੀ ਤੋਂ ਮਿਲਿਆ)*

## ਰਾਮ ਕਸਉਟੀ ਸੋ ਸਹੈ ਜੋ ਮਰ ਜੀਵਾ ਹੋਇ॥

ਇਕ ਵਾਰ ਭਾਈ ਰਤਨ ਸਿੰਘ ਡਰੋਲੀ ਚਿੰਤ ਰਾਮ ਜੀ ਦੀ ਸੇਵਾ ਕਰਕੇ ਵਾਪਸ ਆ ਰਹੇ ਸਨ। ਰਸਤੇ ਵਿੱਚ ਇੱਕ ਸਾਧੂ ਮਿਲਿਆ। ਉਸਨੇ ਪੁੱਛਿਆ, ਬਈ ਪ੍ਰੇਮੀਆ ਕਿੱਥੋਂ ਆ ਰਿਹਾ ਹੈਂ ਅਤੇ ਕਿੱਥੇ ਰਹਿੰਦਾ ਹੈਂ। ਭਾਈ ਰਤਨ ਸਿੰਘ ਨੇ ਸਾਰਾ ਬ੍ਰਿਤਾਂਤ ਦੱਸਿਆ ਕਿ ਮੈਂ ਰੂੰਮੀ ਵਾਲੇ ਮਹਾਰਾਜ ਕੋਲ ਰਹਿੰਦਾ ਹਾਂ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਉਨ੍ਹਾਂ ਦੇ ਸੇਵਕ ਸੰਤ ਚਿੰਤ ਰਾਮ ਜੀ ਦੀ ਸੇਵਾ ਕਰਕੇ ਆ ਰਿਹਾ ਹਾਂ। ਉਸ ਮਹਾਤਮਾਂ ਨੇ ਸਾਰੀ ਗੱਲ ਸੁਨਣ ਤੋਂ ਬਾਅਦ ਕਿਹਾ ਕਿ ਤੈਨੂੰ ਇਹੋ ਜਿਹੀ ਸੇਵਾ ਕਰਨ ’ਤੇ ਅੱਜ ਤੱਕ ਕੀ ਮਿਲਿਆ ਹੈ। ਇਹੋ ਜਿਹੇ ਅਨੇਕ ਤਰ੍ਹਾਂ ਦੇ ਬਚਨ ਕੀਤੇ ਜਿਨ੍ਹਾਂ ਨੂੰ ਸੁਣਕੇ ਬੰਦਾ ਨਿ-ਸ਼ਰਧਕ ਹੋ ਜਾਵੇ। ਪ੍ਰੰਤੂ ਭਾਈ ਰਤਨ ਸਿੰਘ ਡਰੋਲੀ ਸੁਣ ਕੇ ਚੁੱਪ ਹੀ ਰਿਹਾ। ਅਖੀਰ ਉੱਤੇ ਉਹ ਮਹਾਤਮਾ ਅੱਗੇ ਨੂੰ ਚਲਾ ਗਿਆ ਅਤੇ ਭਾਈ ਰਤਨ ਸਿੰਘ ਡਰੋਲੀ ਵਾਪਸ ਡੇਰੇ ਬਾਬਾ ਜੀ ਪਾਸ ਪਹੁੰਚ ਗਿਆ। ਜਾ ਕੇ ਹਾਜ਼ਰੀ ਲੁਆਈ ਅਖੀਰ ਤੇ ਬਾਬਾ ਜੀ ਨੇ ਬਚਨ ਕੀਤਾ, “ਉਹ ਜਿਹੜਾ ਤੈਨੂੰ ਰਸਤੇ ਵਿੱਚ ਸੰਤ ਮਿਲਿਆ ਸੀ, ਉਹ ਕੀ ਆਖਦਾ ਸੀ।” ਭਾਈ ਰਤਨ ਸਿੰਘ ਡਰੋਲੀ ਨੇ ਬੇਨਤੀ ਕੀਤੀ ਮਹਾਰਾਜ ਆਪ ਜਾਣਦੇ ਹੀ ਹੋ। ਹਜ਼ੂਰ ਨੇ ਬਚਨ ਕੀਤਾ, “ਨਹੀਂ ਜਿਵੇਂ ਉਸਨੇ ਕਿਹਾ ਉਵੇਂ ਹੀ ਦੱਸ।” ਹੁਕਮ ਅਨੁਸਾਰ ਸਭ ਕੁਝ ਦੱਸਿਆ ਅਖੀਰ ਤੇ ਬਾਬਾ ਜੀ ਨੇ ਬਚਨ ਕੀਤਾ, “ਫਿਰ ਤੈਨੂੰ ਕਿਵੇਂ ਲੱਗਿਆ ?” ਭਾਈ ਰਤਨ ਸਿੰਘ ਡਰੋਲੀ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਕੁਝ ਵੀ ਹੋਵੇ ਕੁਝ ਨਾ ਹੋਵੇ ਮੈਂ ਸੇਵਾ ਨਹੀਂ ਛੱਡਣੀ ਆਪ ਕ੍ਰਿਪਾ ਕਰੋ। ਸੇਵਾ

ਵਿੱਚ ਲਾਈ ਰੱਖੋ ਜਿਵੇਂ ਗੁਰਬਾਣੀ ਵਿੱਚ ਫੁਰਮਾਨ ਹੈ, "ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ" ਸੁਣ ਕੇ ਬਾਬਾ ਜੀ ਬਚਨ ਕੀਤਾ, "ਸ਼ੁੱਧ ਹੈ" ਤੂੰ ਚੰਗਾ ਰਿਹਾ ਇਹ ਵੀ ਤੇਰਾ ਇੱਕ ਇਮਤਿਹਾਨ ਸੀ। "ਸ਼ੁੱਧ ਹੈ" ਹਜ਼ੂਰ ਨੇ ਇਹ ਇੱਕ ਪ੍ਰੀਖਿਆ ਲੈ ਕੇ ਆਪ ਹੀ ਪਾਸ ਕੀਤਾ, ਜਿਸ ਤਰ੍ਹਾਂ ਕਿਸੇ ਸਿਆਣੇ ਵਿਦਵਾਨ ਦਾ ਕਥਨ ਹੈ :

**ਕੁੰਭ ਸਿੱਖ ਘੁਮਿਆਰ ਗੁਰ ਘੜ ਘੜ ਕੱਢੇ ਖੋਟ।**
**ਵਿਚੋਂ ਰਖੈ ਹੱਥ ਦੇ ਉਤੋਂ ਮਾਰੈ ਚੋਟ।**

*(ਸੇਵਕ ਆਪਣੇ ਬਲ ਨਾਲ ਕੁਝ ਨਹੀਂ ਕਰ ਸਕਦਾ)*

ਇਹ ਬਚਨ ਲੇਖਕ ਨੂੰ ਪਿਤਾ ਜੀ ਪਾਸੋਂ ਮਿਲਿਆ।

## ਤੁਮਰੀ ਗਤਿ ਮਿਤਿ ਤੁਮ ਹੀ ਜਾਨੀ
## ਸੇ ਸੇਵਕ ਜਿਨ ਭਾਗ ਮਥੋਰੀ॥

ਬਾਬਾ ਜੀ ਦੇ ਸਮੇਂ ਕਿਸੇ ਜੋਤਸ਼ੀ ਨੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਇਹ ਖ਼ਬਰ ਛਪਾਈ ਕਿ ਹਿੰਦੁਸਤਾਨ ਵਿੱਚ ਭੁਚਾਲ ਨਾਲ ਬੜੀ ਭਾਰੀ ਤਬਾਹੀ ਹੋਣੀ ਹੈ ਅਤੇ ਪੰਜਾਬ ਦਾ ਬੜਾ ਨੁਕਸਾਨ ਹੋਣਾ ਹੈ। ਕੋਈ ਸਾਧੂ ਮਹਾਤਮਾਂ ਮੈਨੂੰ ਦੱਸੇ ਕਿ ਇਹ ਕਿਸ ਤਰ੍ਹਾਂ ਟਲ ਸਕਦਾ ਹੈ ? ਇਹ ਜ਼ਿਕਰ 1925 ਜਾਂ 26 ਦਾ ਹੈ। ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਕਿਸੇ ਸਰਦਾਰ ਨੇ ਜੋ ਪਟਿਆਲੇ ਤੋਂ ਆਇਆ ਸੀ। ਉਸਨੇ ਖ਼ਬਰ ਦੱਸ ਕੇ ਬੇਨਤੀ ਕਰ ਦਿੱਤੀ, ਮਹਾਰਾਜ ਕ੍ਰਿਪਾ ਕਰੋ। ਕਿਸੇ ਤਰ੍ਹਾਂ ਇਹ ਦੁੱਖ ਟਲ ਜਾਵੇ, ਸੁਨਣ ਉਪਰੰਤ ਕੁਝ ਚਿਰ ਚੁੱਪ ਰਹਿਣ ਮਗਰੋਂ ਆਪ ਨੇ ਅਚਾਨਕ ਹੀ ਬਚਨ ਕੀਤਾ, "ਬਈ ਜੋਤਸ਼ੀ ਤਾਂ ਸੱਚਾ ਹੈ ਨੁਕਸਾਨ ਬਹੁਤ ਹੋਣਾ ਹੈ। ਸੱਦੋ ਚਿੰਤ ਰਾਮ ਤੇ ਬਹਾਲ ਦਾਸ ਨੂੰ, ਬਾਲਿਆ ਇੱਕ ਸੇਵਕ ਭੇਜ ਕੇ ਬਹਾਲ ਦਾਸ ਨੂੰ ਸੱਦੋ। ਰਤਨ ਸਿੰਘ ਡਰੋਲੀ ਨੂੰ ਸੱਦ ਕੇ ਹੁਕਮ ਕੀਤਾ, ਤੂੰ ਅੱਜ ਰੋਟੀ ਖੁਆ ਕੇ ਚਿੰਤ ਰਾਮ ਨੂੰ ਨਾਲ ਲੈ ਆਵੀਂ। ਦੁਪਹਿਰ ਤੋਂ ਪਹਿਲੇ-ਪਹਿਲੇ ਬਹਾਲ ਦਾਸ ਵੀ ਪਹੁੰਚ ਗਏ। ਪਿੰਡ ਚੋਂ ਮਿਸਤਰੀ ਪਾਸੋਂ ਹੁਕਮ ਕਰਕੇ ਇੱਕ ਲੱਕੜ ਦੀ ਮੂੰਗਲੀ ਬਣਵਾ

ਕੇ ਮੰਗਾ ਲਈ। ਰਹਿਰਾਸ ਦੇ ਪਾਠ ਤੋਂ ਬਾਅਦ ਸੰਤ ਚਿੰਤ ਰਾਮ ਅਤੇ ਬਹਾਲ ਦਾਸ ਨੂੰ ਹਜ਼ੂਰੀ ਵਿੱਚ ਬੁਲਾ ਕੇ ਉਨ੍ਹਾਂ ਦੋਹਾਂ ਦੀ ਆਪਣੇ ਹੱਥਾਂ ਨਾਲ ਸ਼ਰਾਅ ਕਰਕੇ ਹੁਕਮ ਕੀਤਾ, "ਤੁਸੀਂ ਦੋਵੇਂ ਸਾਡੇ ਸਾਹਮਣੇ ਮੂੰਗਲੀ ਚੁੱਕ-ਚੁੱਕ ਕੇ ਜ਼ਮੀਨ ਉੱਤੇ ਮਾਰੋ ਤੇ ਮੁੱਖ ਤੋਂ ਇਹ ਗੱਲ ਧਰਤੀ ਨੂੰ ਕਹੋ ਕਿ ਨਹੀਂ ਹਿੱਲਣਾ। ਕਿੰਨੀ ਵਾਰੀ ਜ਼ਮੀਨ ਉੱਤੇ ਚੁੱਕ ਧਰਤੀ ਉੱਤੇ ਮਾਰੋ, ਤੁਸੀਂ ਗਿਣਤੀ ਕਰੀ ਜਾਣੀ ਅਸੀਂ ਗਿਣਤੀ ਨਾਲੋ ਨਾਲ ਕਰੀ ਜਾਵਾਂਗੇ। ਹੁਕਮ ਨਾਲ ਮੂੰਗਲੀ ਚੁੱਕ-ਚੁੱਕ ਕੇ ਮਾਰੀ ਗਏ ਅਤੇ ਗਿਣਤੀ ਕਰੀ ਗਏ। ਉਪਰੰਤ ਬਾਬਾ ਜੀ ਵੀ ਗਿਣਤੀ ਕਰੀ ਗਏ। ਹਰ ਵਾਰ ਮੂੰਗਲੀ ਚੁੱਕ ਕੇ ਸੁੱਟਣ ਸਮੇਂ ਮੂੰਗਲੀ ਦਾ ਭਾਰ ਵੱਧਦਾ ਮਾਲੂਮ ਹੁੰਦਾ ਸੀ ਅਤੇ ਬੜੀ ਔਖਿਆਈ ਨਾਲ ਬਹੁਤ ਵਾਰ ਚੁੱਕ ਕੇ ਸੁੱਟਦੇ ਰਹੇ। ਨਾਲ-ਨਾਲ ਬਾਬਾ ਜੀ, "ਤੱਕੜੇ ਹੋਵੋ, ਤੱਕੜੇ ਹੋਵੇ ਬਚਨ ਕਰਦੇ।" ਜਿਸ ਸਮੇਂ ਚੁੱਕ ਕੇ ਸੁੱਟਦੇ-ਸੁੱਟਦੇ ਥੱਕ-ਥੱਕ ਕੇ ਬੈਠ ਗਏ। ਮੂੰਗਲੀ ਇੱਕ ਪਾਸੇ ਸੁੱਟ ਦਿੱਤੀ। ਹਜ਼ੂਰ ਨੇ ਹੁਕਮ ਕੀਤਾ, "ਹੁਣ ਚੁੱਕੋ, ਸੰਤ ਬਹਾਲ ਦਾਸ ਅਤੇ ਚਿੰਤ ਰਾਮ ਜੀ ਨੇ ਬੇਨਤੀ ਕੀਤੀ ਗਰੀਬ ਨਿਵਾਜ ਬੜੀ ਭਾਰੀ ਹੋ ਗਈ ਹੈ ਅਸੀਂ ਕਿਵੇਂ ਕਰੀਏ। ਬਾਬਾ ਜੀ ਨੇ ਜੀ ਬਚਨ ਕੀਤਾ, "ਬ੍ਰਹਿਮੰਡ ਦੇ ਪਾਪ ਇਸ ਮੂੰਗਲੀ ਉੱਤੇ ਰੱਖ ਕੇ ਧਰਤੀ ਹੌਲੀ ਫੁੱਲ ਕਰਨੀ ਹੈ ਤਾਂ ਇਹ ਖੜ੍ਹੇਗੀ, ਨਹੀਂ ਤਾਂ ਧਰਤੀ ਡੋਲ ਜਾਏਗੀ। ਤੁਸੀਂ ਤੱਕੜੇ ਹੋ ਕੇ ਕਰੋ, ਹੁਕਮ ਅਨੁਸਾਰ ਫਿਰ ਚੁੱਕ ਕੇ ਸੁੱਟਣ ਦੀ ਕੋਸ਼ਿਸ਼ ਕਰਨ ਲੱਗੇ ਪਰ ਚੁੱਕ ਨਾ ਸਕੇ। ਸੰਭਲਦਿਆਂ-ਸੰਭਲਦਿਆਂ ਮੂੰਗਲੀ ਇੱਕ ਪਾਸੇ ਡਿੱਗ ਪਈ ਸੰਤ ਅਚਿੰਤ ਰਾਮ ਤੇ ਬਹਾਲ ਦਾਸ ਜੀ ਨੇ ਬਾਬਾ ਜੀ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਤੁਹਾਡੀਆਂ ਤੁਸੀਂ ਜਾਣੋ ਮੂੰਗਲੀ ਵੇਖਣ ਨੂੰ ਐਨੀਂ ਭਾਰੀ ਨਹੀਂ ਲੱਗਦੀ। ਹੁਣ ਤਾਂ ਇਸਦਾ ਭਾਰ ਹੀ ਬੇਅੰਤ ਹੋ ਗਿਆ ਹੈ, ਇਸਦੇ ਵਿੱਚ ਵੀ ਕੋਈ ਭੇਤ ਹੈ। ਬਾਬਾ ਜੀ ਨੇ ਬਚਨ ਕੀਤਾ, "ਚਿੰਤ ਰਾਮ ਇਹ ਸਾਰਾ ਜੀਵਾਂ ਦੇ ਪਾਪਾਂ ਦਾ ਭਾਰ ਹੈ ਐਨਾ ਭਾਰ ਹੁੰਦਾ ਹੈ ਤਾਂ ਧਰਤੀ ਡੋਲਦੀ ਹੈ। ਉਪਰੰਤ ਸੰਤ ਬਹਾਲ ਦਾਸ ਜੀ ਨੂੰ ਤਾਂ ਬੁਖਾਰ ਚੜ੍ਹ ਗਿਆ ਅਤੇ ਚਿੰਤ ਰਾਮ ਜੀ ਹਾਏ-ਹਾਏ ਕਰਨ ਲੱਗ ਪਏ। ਬਾਬਾ ਜੀ ਨੇ ਬਚਨ ਕੀਤਾ, "ਲੈ ਹੋ ਗਿਆ ਕੰਮ" ਉਪਰੰਤ ਹੁਕਮ ਅਨੁਸਾਰ ਭਾਈ ਕਪੂਰ ਸਿੰਘ ਰਹਿਰਾਸੀਏ ਨੂੰ ਅਤੇ ਰਤਨ ਸਿੰਘ ਡਰੋਲੀ ਨੂੰ ਸੱਦ ਕੇ ਹੁਕਮ ਕੀਤਾ, "ਤੁਸੀਂ ਚਿੰਤ ਰਾਮ ਤੇ ਬਹਾਲ ਦਾਸ

ਨੂੰ ਪਾਠ ਸੁਣਾਓ, ਚਿੰਤ ਰਾਮ ਤੇ ਬਹਾਲ ਦਾਸ ਜੀ ਨੂੰ ਅੱਡ-ਅੱਡ ਪਾ ਕੇ ਸਾਰੀ ਰਾਤ ਪਾਠ ਸੁਣਾਉਂਦੇ ਰਹੇ ਦਿਨ ਚੜ੍ਹਣ ਤੱਕ ਦੋਵੇਂ ਤੰਦਰੁਸਤ ਹੋ ਗਏ। ਫਿਰ ਹੁਕਮ ਕੀਤਾ, "ਮੂੰਗਲੀ ਦਾ ਹੱਥ ਵਿੱਚ ਫੜਨ ਵਾਲਾ ਪਾਸਾ ਕਿਧਰ ਡਿੱਗਾ ਹੈ।" ਵੇਖ ਕੇ ਦੱਸਿਆ ਜੀ ਹੱਥ ਵਿੱਚ ਫੜਨ ਵਾਲਾ ਪਾਸਾ ਛਿਪਦੇ ਵੱਲ ਪਿਆ ਹੈ, ਤਾਂ ਬਚਨ ਕੀਤਾ, 'ਸ਼ੁੱਧ ਹੈ' ਥੋੜ੍ਹਾ ਜਿਹਾ ਪੰਜਾਬ ਦਾ ਹਿੱਸਾ ਛਿਪਦੇ ਪਾਸੇ ਗਰਕੇ ਗਾ, ਇੱਕ ਸ਼ਹਿਰ ਸਾਥੋਂ ਬਾਅਦ। ਇਹ ਬਚਨ ਸੱਤ ਹੋਇਆ ਕੋਇਟੇ ਭੁਚਾਲ ਆਇਆ ਸ਼ਹਿਰ ਗਰਕ ਹੋਇਆ ਗੁਰਵਾਕ ਹੈ।

**ਤੇਰੀ ਕੁਦਰਤਿ ਤੂ ਹੈ ਜਾਣਹਿ ਅਉਰੁ ਨਾ ਦੂਜਾ ਜਾਣੈ॥**
**ਜਿਸਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ॥**

*(ਇਹ ਬਚਨ ਮਾਤਾ ਪਿਤਾ ਪਾਸੋਂ ਮਿਲਿਆ)*

## ਤੇਰੀ ਦਾਤਿ ਤੁਝੈ ਤੇ ਹੋਵੈ॥

ਮਹਾਂਪੁਰਖ ਕਰਤੇ ਪੁਰਖ ਨਾਲ ਅਭੇਦ ਸਦਾ ਰਜ਼ਾ ਵਿੱਚ ਰਹਿਣ ਵਾਲੇ, ਉਨ੍ਹਾਂ ਦਾ ਬੋਲਣਾ, ਚੱਲਣਾ, ਤੁਰਨਾ, ਸਭ ਕੁਝ ਰਜ਼ਾ ਦੇ ਵਿੱਚ ਹੀ ਹੁੰਦਾ ਹੈ। ਕਿਸੇ ਨੂੰ ਕੀ ਬਖ਼ਸ਼ਦੇ ਹਨ ਤੇ ਕਿਵੇਂ ਬਖ਼ਸ਼ਦੇ ਹਨ। ਇਹ ਉਹ ਜਾਨਣ। ਦਿੰਦੇ ਹਨ ਮਹਾਂਪੁਰਖ, ਪਰ ਉਨ੍ਹਾਂ ਦੇ ਹੋ ਕੇ ਵਰਤਦੇ ਹਨ ਆਪ ਵਾਹਿਗੁਰੂ ਜੀ।

**ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ॥**

*(ਜੈਤਸਰੀ ਮ: ੫)*

ਇਕ ਵਾਰ ਦੁਪਹਿਰ ਦਾ ਸਮਾਂ ਸੀ ਬਾਬਾ ਜੀ ਰੋਜ਼ ਦੀ ਤਰ੍ਹਾਂ ਆਸਣ ਉੱਤੇ ਬਿਰਾਜ ਰਹੇ ਸਨ। ਅਚਾਨਕ ਹੀ ਬੈਠੇ ਬੋਲੀਆਂ ਪਾਉਣ ਲੱਗ ਪਏ, "ਕਿੱਥੋਂ ਆਈ ਹੈਂ ? ਕਿੱਧਰ ਨੂੰ ਜਾਣਾ ਨਿੰਮ ਦੇ ਸੰਦੂਕ ਵਾਲੀਏ ?" ਦੋ ਚਾਰ ਵਾਰ ਦੁਹਰਾ ਕੇ ਫਿਰ ਹੋਰ 'ਗਿਣ-ਗਿਣ ਮੇਖਾਂ ਲਾਈਆਂ ਚਰਖਾ ਬਿਸ਼ਨੋ ਦਾ' ਪੰਜ ਸੱਤ ਵਾਰ ਦੁਹਰਾ ਕੇ ਫਿਰ ਹੋਰ 'ਤੈਂ ਜੰਮਦੀ ਨੇ ਲੀਕਾਂ ਲਾਈਆਂ ਮਾਂ ਦੀਏ ਜੰਗੀਰ ਕੁਰੇ' ਬਾਰ-ਬਾਰ ਦੁਹਰਾਈ ਗਏ। ਇਸ ਦੌਰਾਨ ਇੱਕ ਨੌਜਵਾਨ ਲੜਕੀ ਨਾਲ ਉਸਦਾ ਭਰਾ ਸਾਹਮਣੇ ਵਾਲੇ ਕੋਠੀ ਦੇ ਬਰਾਂਡੇ ਵਿੱਚ ਆ ਕੇ ਨਮਸਕਾਰ ਕਰਕੇ ਬੈਠ ਗਏ। ਆਪ ਜੀ ਜਿਸ ਤਰ੍ਹਾਂ ਦੱਸਿਆ ਹੈ ਬੋਲੀਆਂ

ਪਾਉਂਦੇ ਰਹੇ ਆਪਣੇ ਰੰਗ ਮਸਤ ਨੌਜਵਾਨ ਲੜਕੀ ਤਾਂ ਚੁੱਪ ਰਹੀ। ਪ੍ਰੰਤੂ ਉਸਦੇ ਨਾਲ ਨੌਜਵਾਨ ਜੋ ਬੈਠਾ ਸੀ ਉਸ ਵੱਲ ਵੇਖੀਏ ਤਾਂ ਮਾਲੂਮ ਹੁੰਦਾ ਕਿ ਇਹ ਉੱਠ ਕੇ ਜਾਣ ਨੂੰ ਕਾਹਲਾ ਸੀ ਪ੍ਰੰਤੂ ਲੜਕੀ ਅਡੋਲ ਬੈਠੀ ਰਹੀ। ਤਕਰੀਬਨ ਇੱਕ ਘੰਟੇ ਦੇ ਲਗਭਗ ਹਜ਼ੂਰ ਇਸੇ ਰੰਗ ਵਿੱਚ ਰਹੇ ਅੱਗੇ ਸਭ ਨੂੰ ਪੁੱਛਦੇ ਸਨ ਨਾਮ ਕੀ ਹੈ ? ਗੌਤ ਕੀ ਹੈ ? ਕਿੱਥੋਂ ਆਏ ਹੋ ? ਪਿੱਛੇ ਸਭ ਥਾਂ ਉੱਤੇ ਜ਼ਿਕਰ ਵੀ ਆਇਆ ਸਭ ਨੂੰ ਪੁੱਛਦੇ ਰਹੇ ਸਨ। ਅਸਚਰਜਤਾ ਵਾਲੀ ਗੱਲ ਇਨ੍ਹਾਂ ਨੂੰ ਨਹੀਂ ਪੁੱਛਿਆ। ਅਖੀਰ ਉੱਤੇ ਲੜਕੀ ਅਤੇ ਲੜਕਾ ਦੋਵੇਂ ਉਠ ਕੇ ਜਾਣ ਲੱਗੇ ਤਾਂ ਬਚਨ ਕੀਤਾ, "ਕੰਨਿਆਂ ਤੂੰ ਪਹਿਲੀ ਵਾਰ ਹੀ ਆਈ ਤੂੰ ਬਹੁਤ ਕੁਝ ਲੈ ਗਈ ਤੈ ਮਨ ਵਿੱਚ ਨਫਰਤ ਨਹੀਂ ਕੀਤੀ।" ਉਪਰੰਤ ਉਹ ਲੜਕੀ ਤੇ ਨੌਜਵਾਨ ਲੜਕਾ ਉਠ ਕੇ ਚਲੇ ਗਏ। ਕੁਝ ਸਮੇਂ ਉਪਰੰਤ ਇਹ ਲੜਕੀ ਫਿਰ ਆਈ ਤਾਂ ਉਸ ਨੇ ਨੇੜੇ ਹੋ ਕੇ ਨਮਸਕਾਰ ਕੀਤੀ। ਇਸ ਸਮੇਂ ਇਸ ਨਾਲ ਇਸ ਦਾ ਪਤੀ ਅਤੇ ਸੱਸ ਸੀ। ਸਭ ਨੇ ਨੇੜੇ ਹੋ ਕੇ ਨਮਸਕਾਰ ਕੀਤੀ। ਇਸ ਸਮੇਂ ਇਸ ਲੜਕੀ ਦੇ ਕੁੱਛੜ ਦੋ ਜੌੜੇ ਬੱਚੇ ਸਨ, ਮੁੰਡੇ ਸਨ। ਉਪਰੰਤ ਇਸ ਲੜਕੀ ਦੀ ਸੱਸ ਨੇ ਬੇਨਤੀ ਕੀਤੀ ਮਹਾਰਾਜ ! ਆਪ ਦੀ ਬੜੀ ਕ੍ਰਿਪਾ ਹੋਈ ਦੋ ਜੌੜੇ ਬੱਚੇ ਮੇਰੀ ਨੂੰਹ ਨੂੰ ਬਖਸ਼ੇ, ਨਹੀਂ ਤਾਂ ਸਾਡੇ ਘਰ ਇੱਕ ਬੱਚਾ ਹੋ ਕੇ ਜਾਂ ਅੱਗੇ ਹੁੰਦਾ ਹੀ ਨਹੀਂ ਜੇ ਦੂਜਾ ਹੋਵੇ ਤਾਂ ਪਹਿਲਾ ਮਰ ਜਾਂਦਾ ਹੈ। ਆਪ ਮੇਹਰ ਕਰੋ, ਇਹ ਦੋਵੇਂ ਬੱਚੇ ਤੰਦਰੁਸਤ ਰਹਿਣ। ਹਜ਼ੂਰ ਨੇ ਬਚਨ ਕੀਤਾ, "ਮਾਈ ਤੇਰੀ ਨੂੰਹ ਨੇ ਸਿਦਕ ਰੱਖਿਆ ਇਸਦੇ ਸਿਦਕ ਨੂੰ ਫਲ ਲੱਗਿਆ ਹੈ।" ਉਪਰੰਤ ਬੱਚਿਆਂ ਸਮੇਤ ਸਭ ਦੀ ਸ਼ਰਾਅ ਕਰਵਾਈ ਤੇ ਸਭ ਦੇ ਨਾਮ ਲਿਖਵਾਏ। ਬਚਨ ਕੀਤਾ, ਕੰਨਿਆਂ ਉਸ ਦਿਨ ਤੇਰੇ ਨਾਲ ਤੇਰਾ ਭਰਾ ਸੀ। ਉਸ ਦੇ ਮਨ ਵਿੱਚ ਤਾਂ ਬੜੀ ਨਫ਼ਰਤ ਆਈ। ਪਰ ਤੂੰ ਅਡੋਲ ਰਹੀ ਤੇਰੇ ਸਿਦਕ ਨੂੰ ਭਾਗ ਲੱਗੇ ਹਨ ਤੁਹਾਡੇ ਘਰ ਬੜੇ ਰੰਗ ਲੱਗਣਗੇ। ਕਿਸੇ ਗੁਰਦੁਆਰੇ ਜਾਂ ਧਰਮਸ਼ਾਲਾ ਝਾੜੂ ਫੇਰਿਆ ਕਰੋ, ਦੀਵਾ ਕਰਿਆ ਕਰੋ, ਧਰਮ ਦੀ ਕਿਰਤ ਕਰਨੀ, ਨਾਮ ਜਪਿਆ ਕਰੋ, ਗੁਰੂ ਭਲੀ ਕਰੇਗਾ। ਇਸ ਤੋਂ ਉਪਰੰਤ ਪਤਾਸੇ ਪ੍ਰਸ਼ਾਦਿ ਦੇ ਕੇ ਖੁਸ਼ੀ ਨਾਲ ਤੋਰ ਦਿੱਤੇ।

*(ਇਹ ਬਚਨ ਵੱਡੇ ਝੰਡਾ ਸਿੰਘ ਸੇਮੇ ਵਾਲੇ ਤੋਂ ਮਿਲਿਆ)*

# ਭਗਤੁ ਤੇਰਾ ਸੋਈ ਤੁਧੁ ਭਾਵੈ
# ਜਿਸ ਨੋ ਤੂ ਰੰਗੁ ਧਰਤਾ॥

ਸੇਵਕਾਂ ਦੇ ਮਨ ਵਿੱਚ ਵੀ ਵਿਚਾਰ ਆਉਂਦੀ ਹੈ ਅਤੇ ਕਿਉਂ ਆਉਂਦੀ ਹੈ। ਫਿਰ ਉਸ ਦੀ ਸ਼ੰਕਾ ਕਿਵੇਂ ਹੱਲ ਕਰਨੀ ਹੈ ? ਇਸ ਨੂੰ ਮਹਾਂਪੁਰਖ ਹੀ ਜਾਣਦੇ ਹਨ ਇੱਕ ਵਾਰ ਸੰਤ ਚਿੰਤ ਰਾਮ ਤੇ ਸੰਤ ਬਹਾਲ ਦਾਸ ਜੀ ਨੂੰ ਸੱਦ ਕੇ ਹੁਕਮ ਕੀਤਾ, "ਤੁਸੀਂ ਸੋਚਦੇ ਹੋਵੋਗੇ ਕਿ ਸਾਨੂੰ ਤਾਂ ਅੱਧਾ ਨਾਮ ਲੈ ਕੇ ਬੁਲਾਉਂਦੇ ਹਨ ਤੇ ਕਲੇਰਾਂ ਵਾਲਿਆਂ ਨੂੰ ਰਿਖੀ ਜਾਂ ਮਹਾਂਪੁਰਖ ਆਖਦੇ ਹਨ, ਇਹ ਕਿਉਂ "ਲਉ ਸੁਣੋ ਕਲੇਰਾਂ ਵਾਲੇ ਤ੍ਰੇਤੇ ਜੁਗ ਤੋਂ ਸਾਡੇ ਨਾਲ ਚੱਲੇ ਆਉਂਦੇ ਹਨ, ਇਨ੍ਹਾਂ ਹਰ ਜਨਮ ਵਿੱਚ ਕਰੜੀ ਤੋਂ ਕਰੜੀ ਕਮਾਈ ਕੀਤੀ ਹੈ ਤੇ ਕਮਾਈ ਵਾਲੀ ਹੱਦ ਕਰ ਦਿੱਤੀ ਹੈ ਅਤੇ ਤੁਸੀਂ ਤਿੰਨ ਚਾਰ ਜਨਮ ਤੋਂ ਸਾਡੇ ਨਾਲ ਮਿਲੇ ਹੋ ਖਾਲੀ ਅਸੀਂ ਤੁਹਾਨੂੰ ਵੀ ਨਹੀਂ ਰੱਖਿਆ। ਪਰ ਉਹ ਕਮਾਈ ਵਿੱਚ ਬਹੁਤ ਵੱਡੇ ਅਤੇ ਅੱਗੇ ਹਨ।

**ਅਬ ਤਉ ਜਾਇ ਚਵੇ ਸਿੰਘਾਸਨਿ ਮਿਲੇ ਹੈ ਸਾਰਿੰਗ ਪਾਨੀ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥**

*(ਰਾਮਕਲੀ ਬਾਣੀ ਕਬੀਰ)*

ਅਸੀਂ ਕਮਾਈ ਦੇ ਲਿਹਾਜ਼ ਨਾਲ ਉਨ੍ਹਾਂ ਨੂੰ ਬੁਲਾਉਂਦੇ ਹਾਂ ਅਸੀਂ ਉਨਾਂ ਦਾ ਅਦਬ ਕਰਦੇ ਹਾਂ। ਉਨ੍ਹਾਂ ਦਾ ਸਤਿਕਾਰ ਅਸੀਂ ਮਹਾਂਪੁਰਖਾਂ ਵਾਲਾ ਕਰਦੇ ਹਾਂ ਅਤੇ ਤੁਹਾਡੇ ਨਾਲ ਪਿਆਰ ਤੇ ਵਿਹਾਰ ਚੇਲਿਆਂ ਵਾਲਾ ਕਰਦੇ ਹਾਂ। ਇਸ ਕਰਕੇ ਤੁਹਾਨੂੰ ਸੇਵਕ ਸਮਝ ਕੇ ਬੁਲਾਉਂਦੇ ਹਾਂ ਫਿਰ ਚਿੰਤ ਰਾਮ ਨੂੰ ਸੰਬੋਧਨ ਕਰਕੇ ਬਚਨ ਕੀਤਾ, "ਕਿ ਚਿੰਤ ਰਾਮ ਤੂੰ ਸੋਚ ਕਿ ਤੈਨੂੰ ਕਿੰਨੀ ਵਾਰ ਕਿਹਾ ਹੈ ਕਿ ਤੂੰ ਬਿਰਤੀ ਉੱਚੀ ਚੁੱਕ। ਪਰ ਤੂੰ ਜਿੱਥੇ ਬਿਰਤੀ ਰੱਖੀ ਇਸ ਤੋਂ ਅੱਗੇ ਧਿਆਨ ਲਿਜਾਂਦਾ ਹੀ ਨਹੀਂ ਤੂੰ ਇੱਕ ਵਾਰ ਇੱਥੋਂ ਬਿਰਤੀ ਪੁੱਟ ਕੇ ਤਾਂ ਵੇਖ ਤੈਨੂੰ ਪਤਾ ਲੱਗੇ ਅੱਗੇ ਵੀ ਕੁਝ ਹੈ। ਜਿੱਥੇ ਤੇਰੀ ਬਿਰਤੀ ਹੈ ਇੱਥੇ ਵੀ ਬਹੁਤ

ਕੁਝ ਹੈ ਪਰ ਇਸ ਤੋਂ ਅੱਗੇ ਵੀ ਬਹੁਤ ਹੈ। ਤੈਨੂੰ ਪਤਾ ਤਾਂ ਲੱਗੇ ਜੇ ਇੱਥੋਂ ਬ੍ਰਿਤੀ ਪੁੱਟੇਂ ਇਸ ਤੋਂ ਅੱਗੇ ਗੱਲ ਕਹਿਣ ਸੁਨਣ ਤੋਂ ਬਾਹਰ ਹੈ। ਗੁਰਵਾਕ :

**ਕਹਿਣ ਕਥਨ ਕਉ ਸੋਝੀ ਨਾਹੀ ਜਿਸ ਪੇਖੈ ਤਿਸੁ ਬਣਿ ਆਵੈ ॥**
**ਅਤੇ ਤਾ ਕੀਆ ਗਲਾ ਕਥੀਆ ਨਾ ਜਾਹਿ ॥**
**ਜੇ ਕੋ ਕਹੈ ਪਿਛੈ ਪਛੁਤਾਇ ॥**

ਪਿੱਛੇ ਇੱਕ ਵਾਰ ਤੁਹਾਨੂੰ ਦੋਹਾਂ ਨੂੰ ਸੱਦ ਕੇ ਨਿਤਾਰਾ ਕਰ ਚੁੱਕੇ ਹਾਂ ਜਿਹੜੀ ਸ਼ਕਤੀ ਤੁਹਾਥੋਂ ਦੋਹਾਂ ਤੋਂ ਨਹੀਂ ਝੱਲੀ ਗਈ ਉਹ ਮਹਾਂਪੁਰਖ ਝੱਲ ਗਏ ਹਨ। ਇਸ ਕਰਕੇ ਅਸੀਂ ਉਨ੍ਹਾਂ ਦਾ ਅਦਬ ਕਰਦੇ ਹਾਂ, ਅੱਗੇ ਵਾਸਤੇ ਤੁਸੀਂ ਕੋਈ ਖਿਆਲ ਨਾ ਕਰਨਾ ਜੋ ਹੋ ਰਿਹਾ ਹੈ 'ਸ਼ੁਧ ਹੈ' ਇਸ ਤੋਂ ਬਾਅਦ ਚਿੰਤ ਰਾਮ ਤੇ ਬਹਾਲ ਦਾਸ ਜੀ ਨੇ ਭੁੱਲ ਮੰਗ ਲਈ ਹਜ਼ੂਰ ਨੇ ਬਚਨ ਕੀਤਾ, "ਅਸੀਂ ਤੁਹਾਡੇ ਮਨ ਦੀਆਂ ਗਿਣਤੀਆਂ ਵੇਖ ਕੇ ਤੁਹਾਨੂੰ ਦੱਸਿਆ ਹੈ ਅੱਗੇ ਤੋਂ ਇਹ ਕੁਝ ਮਨ ਵਿਚੋਂ ਕੱਢ ਦਿਓ। ਆਪਣੇ ਆਨੰਦ ਵਿੱਚ ਮਸਤ ਰਹੋ, ਸਾਡੀ ਤੁਹਾਡੇ ਉੱਤੇ ਬਹੁਤ ਖੁਸ਼ੀ ਹੈ। ਇਸ ਤੋਂ ਉਪਰੰਤ ਚਿੰਤ ਰਾਮ ਜੀ ਅਤੇ ਬਹਾਲ ਦਾਸ ਜੀ ਨੂੰ ਖੁਸ਼ੀ ਦੇ ਕੇ ਤੋਰਿਆ ਮੁੜ ਕੇ ਕਦੇ ਨਾ ਉਨ੍ਹਾਂ ਦੇ ਮਨ ਵਿੱਚ ਐਸੀ ਵਿਚਾਰ ਆਈ ਅਤੇ ਨਾ ਬਾਬਾ ਜੀ ਨੇ ਇਸ ਪ੍ਰਥਾਇ ਉਨ੍ਹਾਂ ਨਾਲ ਕੋਈ ਬਚਨ ਕੀਤਾ।

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ।)*

## ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰ ॥

ਮਹਾਂਪੁਰਖ ਆਪਣੇ ਰੰਗ ਵਿੱਚ ਰੱਤੇ ਜਦੋਂ ਕਿਸੇ ਉੱਤੇ ਕ੍ਰਿਪਾ ਕਰਦੇ ਅਤੇ ਨਵਾਂ ਚੋਜ ਵਰਤਾ ਕੇ ਸਭ ਨੂੰ ਹੈਰਾਨ ਕਰ ਦਿੰਦੇ ਇੱਕ ਵਾਰ ਬਚਨ ਕੀਤਾ, "ਬਾਲਿਆ ਖਜਾਨੇ ਵਿਚੋਂ ਸੌ ਰੁਪਿਆ ਗਿਣ ਕੇ ਦਿਓ।" ਸੌ ਰੁਪਿਆ ਦੇ ਕੇ ਇੱਕ ਮੁਨਸ਼ੀ ਗੁਰਦਿੱਤ ਸਿੰਘ ਤੇ ਦੂਜਾ ਨੀਲਾ ਸਿੰਘ, ਇੱਕ ਵੱਡਾ ਝੰਡਾ ਸਿੰਘ ਸੇਮੇ ਵਾਲਾ ਤਿੰਨਾਂ ਨੂੰ ਹੁਕਮ ਦੇ ਕੇ ਬਠਿੰਡਾ ਭੇਜਿਆ। ਨਾਲ ਹੁਕਮ ਕੀਤਾ ਸੌ ਚਾਦਰਾਂ ਬੁੱਕਲ ਮਾਰਨ ਵਾਲੀਆਂ, ਦੋ ਸੌ ਦੁਪੱਟਾ ਤੇੜ ਬੰਨ੍ਹਣ ਵਾਲਾ ਤਿਆਰ

ਕਰਕੇ ਛੇਤੀ ਲਿਆਓ। ਤਿੰਨੇ ਜਾ ਕੇ ਤਿਆਰ ਕਰਾ ਕੇ ਲੈ ਆਏ। ਹੁਕਮ ਕਰਕੇ ਚਾਦਰੇ ਅੱਡ ਤੇ ਦੁਪੱਟੇ ਅੱਡੋ ਅੱਡ ਰਖਾ ਲਏ। ਦੋ ਚਾਰ ਦਿਨ ਬੀਤਣ ਤੋਂ ਬਾਅਦ ਭਜਨ ਸਿੰਘ ਮਹਿਰੇ ਨੇ ਪੁੱਛਿਆ, “ਮਹਾਰਾਜ ਐਨਾ ਲੀੜਾ ਮੰਗਾ ਕੇ ਕੀ ਕਰਨਾ ਹੈ?” ਅੱਗੋਂ ਬਾਬਾ ਜੀ ਨੇ ਉੱਤਰ ਦਿੱਤਾ, “ਭਜਨਿਆਂ ਦਿਗੰਬਰ ਅਲਫ ਨੰਗੇ ਸਾਧੂਆਂ ਦੀ ਜਮਾਤ ਸਾਡੇ ਕੋਲ ਦਰਸ਼ਨ ਕਰਨ ਵਾਸਤੇ ਆ ਰਹੀ ਹੈ, ਉਨ੍ਹਾਂ ਦੇ ਤਨਾਂ ਤੇ ਕੱਪੜੇ ਦਾ ਪੜਦਾ ਕਰਾ ਕੇ ਦਰਸ਼ਨ ਦਿਆਂਗੇ। ਅਸੀਂ ਉਨ੍ਹਾਂ ਦੀ ਮੰਗ ਵੀ ਪੂਰੀ ਕਰਨੀ ਹੈ ਤੇ ਆਪਣੀ ਮਰਿਯਾਦਾ ਵੀ ਪੂਰੀ ਰੱਖਣੀ ਹੈ ਦਰਸ਼ਨ ਦਿੱਤੇ ਬਿਨਾਂ ਕਿਸੇ ਨੂੰ ਖਾਲੀ ਨਹੀਂ ਮੋੜਣਾ। ਉਹ ਵਿਚਾਰੇ ਬੜੀ ਦੂਰ ਤੋਂ ਤੁਰ ਕੇ ਆ ਰਹੇ ਹਨ।” ਉਪਰੰਤ ਦੋ ਕੁ ਦਿਨ ਹੋਰ ਬੀਤੇ ਇੱਕ ਦਿਨ ਸ਼ਾਮ ਦੇ ਸਮੇਂ ਡੇਰੇ ਤੋਂ ਪੂਰੇ ਤੋਂ ਦੱਖਣ ਦੀ ਬਾਹੀ ਅਲਫ ਨੰਗੇ ਮਹਾਤਮਾ ਆਣ ਉੱਤਰੇ ਹਜ਼ੂਰ ਨੇ ਨੀਲਾ ਸਿੰਘ ਨੂੰ ਹੁਕਮ ਕੀਤਾ, “ਨੀਲਾ ਸਿਆਂ! ਅੱਜ ਰਾਤ ਨੂੰ ਉਨ੍ਹਾਂ ਸਾਧੂਆਂ ਨੂੰ ਤੂੰ ਅਤੇ ਡਰੋਲੀ ਵਾਲੇ ਨੇ ਲੰਗਰ ਉਥੇ ਲੈ ਜਾ ਕੇ ਛਕਾਉਣਾ ਹੈ।” ਸ਼ਾਮ ਨੂੰ ਲੰਗਰ ਪੱਕ ਕੇ ਆਇਆ। ਸਾਰੀ ਮਰਿਆਦਾ ਹੋ ਗਈ ਉਪਰੰਤ ਹੁਕਮ ਅਨੁਸਾਰ ਪਹਿਲਾਂ ਡੇਰੇ ਲੰਗਰ ਵਰਤਿਆ ਫਿਰ ਕੁਝ ਲੰਗਰ ਉਥੇ ਜਾ ਕੇ ਵਰਤਾਉਣ ਦੀ, ਜਿਸ ਵਕਤ ਬਾਬਾ ਜੀ ਤੋਂ ਆਗਿਆ ਮੰਗਣ ਗਏ ਤਾਂ ਹਜ਼ੂਰ ਨੇ ਬਚਨ ਕੀਤਾ, “ਸ਼ੁੱਧ ਹੈ” ਉਨ੍ਹਾਂ ਮਹਾਤਮਾਂ ਨੂੰ ਕਹਿਣਾ ਕਿ ਜਿਸਨੇ ਦਰਸ਼ਨ ਕਰਨੇ ਹਨ ਉਹ ਸਰੀਰ ਤੇ ਬਸਤਰ ਲੈ ਕੇ ਆਵੇ। ਹੁਕਮ ਅਨੁਸਾਰ ਲੰਗਰ ਦੀ ਮਰਿਯਾਦਾ ਦੁਬਾਰਾ ਕਰਕੇ ਲੰਗਰ ਭੇਜਿਆ ਅਤੇ ਵਰਤਾਇਆ। ਫਿਰ ਉਨ੍ਹਾਂ ਨੂੰ ਦੱਸਿਆ ਕਿ ਤਨ ਉੱਤੇ ਬਸਤਰ ਲੈ ਕੇ ਦਰਸ਼ਨ ਕਰਨ ਆਓ ਨਾਲ ਹੀ ਕਹਿ ਦਿੱਤਾ ਕਿ ਤੁਹਾਡੇ ਵਾਸਤੇ ਬਸਤਰ ਤਨ ਢੱਕਣ ਲਈ ਪਹਿਲੋਂ ਹੀ ਤਿਆਰ ਕਰ ਰੱਖੇ ਹਨ। ਉਨ੍ਹਾਂ ਦਾ ਜੋ ਮਹੰਤ ਸੀ ਉਹ ਤਾਂ ਉਸੇ ਵੇਲੇ ਖੁਸ਼ੀ ਵਿੱਚ ਹੋ ਗਿਆ ਅਤੇ ਬੋਲਿਆ ਸੱਤ ਹੈ ਐਸੀ ਜੈਸੀ ਵਡਿਆਈ ਸੁਣੀ ਸੀ ਅੱਜ ਪਹਿਲੀ ਵਾਰ ਪ੍ਰਤੱਖ ਹੋ ਗਈ ਹੈ। ਫਿਰ ਸਾਰੀ ਸਾਧੂ ਜਮਾਤ ਨੂੰ ਬਾਬਾ ਜੀ ਦੇ ਹੁਕਮ ਅਨੁਸਾਰ ਕੱਪੜਾ ਉੱਤੇ ਲੈਣ ਦਾ ਹੁਕਮ ਕੀਤਾ। ਰਾਤ ਬੀਤਣ ਉਪਰੰਤ ਉਨ੍ਹਾਂ ਵਾਸਤੇ ਬਸਤਰ ਜੋ ਤਿਆਰ ਕਰਕੇ ਰੱਖੇ ਸਨ ਭੇਜ ਦਿੱਤੇ ਗਏ। ਚਾਦਰੇ ਅੱਡ ਤੇ ਦੁਪੱਟੇ ਅੱਡ। ਜੋ ਮਾਈਆਂ ਸਨ

ਉਨ੍ਹਾਂ ਨੇ ਚਾਦਰਾਂ ਦੀ ਬੁੱਕਲਾਂ ਮਾਰ ਲਈਆਂ। ਜੋ ਨਗਨ ਸਾਧੂ ਸਨ ਉਨ੍ਹਾਂ ਨੇ ਤੇੜ ਦੁਪੱਟੇ ਕਰ ਲਏ। ਦਿਨ ਚੜ੍ਹਨ ਦੇ ਸਾਰ ਹੀ ਦਰਸ਼ਨ ਕਰਨ ਵਾਸਤੇ ਡੇਰੇ ਪਹੁੰਚ ਗਏ ਸਭ ਤੋਂ ਅੱਗੇ ਉਨ੍ਹਾਂ ਦੇ ਸ੍ਰੀ ਮਹੰਤ ਨੇ ਆ ਕੇ ਨਮਸਕਾਰ ਕੀਤੀ। ਉਪਰੰਤ ਸਾਰੀ ਜਮਾਤ ਆਈ ਨਮਸਕਾਰ ਕਰਕੇ ਸਭ ਬੈਠ ਗਏ। ਸਭ ਦੇ ਹੱਥ ਜੁੜੇ ਹੋਏ ਸਨ। ਪੁਰਸ਼ ਸਤਿਕਾਰ ਸਹਿਤ ਦਰਸ਼ਨ ਕਰ ਰਹੇ ਸਨ। ਕਦੇ-ਕਦੇ ਸਭ ਮਹਾਤਮਾਂ ਹਰੇ-ਹਰੇ ਮੁੱਖ ਤੋਂ ਬੋਲਦੇ ਤੇ ਮਸਤ ਹੋ ਜਾਂਦੇ ਸਨ। ਬਾਬਾ ਜੀ ਆਪਣੇ ਆਸਣ ਉੱਤੇ ਬਿਰਾਜੇ ਹੱਸ ਰਹੇ ਸਨ। ਕੁਝ ਚਿਰ ਅਨੰਦ ਮਗਨਤਾ ਵਾਲੀ ਅਵਸਥਾ ਬਣੀ ਰਹੀ। ਫਿਰ ਉਨ੍ਹਾਂ ਚੁੱਪ ਨੂੰ ਆਪ ਹੀ ਤੋੜਿਆ ਅਤੇ ਪੁੱਛਿਆ, "ਮਹੰਤ ਜੀ ਕਿੱਥੋਂ ਚੱਲ ਕੇ ਆਏ, ਸਾਰਾ ਬ੍ਰਿਤਾਂਤ ਦੱਸੋ। ਉਨ੍ਹਾਂ ਦੱਸਿਆ ਮਹਾਰਾਜ ਅਸੀਂ ਬਦਰੀ ਨਾਥ, ਕੇਦਾਰਨਾਥ ਸਭ ਧਾਮਾਂ ਨੂੰ ਪਰਸਦੇ ਅਤੇ ਸਭ ਥਾਵਾਂ ਤੋਂ ਆਪ ਦੀ ਸਿਫਤ ਸੁਣ ਕੇ ਆਏ ਹਾਂ। ਫਿਰ ਜੋ ਕੁਝ ਅਸੀਂ ਉਥੇ ਸੁਣਿਆ ਐਥੇ ਆ ਕੇ ਉਸਤੋਂ ਸਭ ਕੁਝ ਵੱਧ ਹੀ ਦੇਖਿਆ। ਐਸਾ ਘੋਰ ਕਲਯੁੱਗ ਅਤੇ ਐਸੀ ਸਮਰੱਥਾ ਅਤੇ ਸਰਬੱਗਤਾ ਤੇ ਐਸੇ ਅਸਥਾਨ ਉੱਤੇ ਐਸੇ ਗੁਪਤ ਰੂਪ ਵਿੱਚ ਬੈਠੇ ਹੋ ਆਪ ਜੀ ਧੰਨ ਹੋ। ਜੋ ਕੁਝ ਉਨ੍ਹਾਂ ਨੇ ਬਾਬਾ ਜੀ ਨੂੰ ਮੁਖਾਤਬ ਕਰਕੇ ਜੋ ਬਚਨ ਕੀਤੇ ਉਸ ਨਾਲ ਮਿਲਦੇ ਬਚਨ ਕੁਝ ਬਾਣੀ ਵਿਚੋਂ ਇਸ ਤਰ੍ਹਾਂ ਹਨ:

**ਤੁਧੁ ਧਿਆਇਨਿ ਬੇਦ ਕਤੇਬਾਂ ਸਣੁ ਖੜੇ॥**
**ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ॥**

*(ਅੰਗ ੫੧)*

ਅਖੀਰ ਉੱਤੇ ਸ੍ਰੀ ਮਹੰਤ ਨੇ ਬਚਨ ਕੀਤਾ, ਆਪ ਜੀ ਸੰਤ ਹੋ ਕਿ ਭਗਵੰਤ ਹੋ ਦੀਨ ਦਿਆਲ ਆਪ ਪ੍ਰੀ-ਪੂਰਨ ਪਰਮੇਸ਼ਰ ਹੋ।

ਜੋ ਵਡਿਆਈ ਵਾਹਿਗੁਰੂ ਜੀ ਦੀ ਉਹੀ ਵਡਿਆਈ ਉਸ ਦੇ ਪਿਆਰਿਆਂ ਦੀ ਹੈ। ਵਾਹਿਗੁਰੂ ਆਪਣੇ ਪਿਆਰਿਆਂ ਨੂੰ ਆਪ ਆਪਣੀ ਵਡਿਆਈ ਬਖ਼ਸ਼ਦਾ ਹੈ। ਗੁਰਵਾਕ ਹੈ:

**ਜਿਸ ਕੈ ਘਰਿ ਦੀਬਾਨਿ ਹਰਿ ਹੋਵੈ**
**ਤਿਸ ਕੀ ਮੁਠੀ ਵਿਚਿ ਜਗਤੁ ਸਭੁ॥**

**ਪ੍ਰਗਟ ਕੀਨੇ ਪ੍ਰਭ ਕਰਨੇ ਹਾਰੇ ਨਾਸਨ ਭਾਜਨ ਥਾਕੇ॥**
**ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ॥**

*(ਧਨਾਸਰੀ ਮ: ੫)*

ਨਿੱਤ ਰਹਿਣ ਵਾਲੇ ਸੇਵਾਦਾਰ ਸਭ ਉਸ ਵੇਲੇ ਮੌਜੂਦ ਸਨ ਵੇਖ ਸੁਣ ਕੇ ਅਸਚਰਜ ਹੋ ਰਹੇ ਸਨ ਅਤੇ ਬਾਬਾ ਜੀ ਨੇ ਅਖੀਰ ਵਿੱਚ ਬਚਨ ਕੀਤਾ, "ਸਾਡਾ ਸਮਾਂ ਥੋੜਾ ਹੈ।"

ਦੁਪਹਿਰ ਦਾ ਪ੍ਰਸ਼ਾਦਾ ਛਕ ਕੇ ਸਭ ਸੰਤ ਆਗਿਆ ਲੈ ਕੇ ਚਲੇ ਗਏ।

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ)*

## ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥

ਬਾਬਾ ਜੀ ਕਦੇ-ਕਦੇ ਅੱਠ ਦਿਨ ਜਾਂ ਪੰਦਰਾਂ ਦਿਨ ਪਿੱਛੋਂ ਦੁੱਧ ਛੱਕਦੇ ਸਨ। ਪਰ ਹਜ਼ੂਰ ਸੰਤ ਨਰੈਣ ਸਿੰਘ ਜੀ ਹਰ ਸਮੇਂ ਸੇਵਾ ਵਿੱਚ ਰਹਿੰਦੇ ਸਨ। ਹਰ ਤਰ੍ਹਾਂ ਸੇਵਾ ਅਤੇ ਸਰੀਰਿਕ ਕ੍ਰਿਆ ਵੱਲ ਧਿਆਨ ਰੱਖਦੇ ਸਨ। ਅੱਠਵੇਂ ਦਿਨ ਦੁੱਧ ਛਕਣ ਦੀ ਬਾਬਾ ਜੀ ਅੱਗੇ ਬੇਨਤੀ ਕਰ ਦੇਣੀ ਉਨ੍ਹਾਂ ਦੀ ਰਜ਼ਾ ਹੋਵੇ ਤਾਂ ਜਲ ਪਾਣੀ ਵਰਤ ਲੈਣਾ ਨਹੀਂ ਤਾਂ ਬਚਨ ਕਰਨਾ ਅਜੇ ਨਹੀਂ। ਪ੍ਰੰਤੂ ਸੰਤ ਨਰੈਣ ਸਿੰਘ ਜੀ ਨੇ ਅੱਠਾਂ ਦਿਨਾਂ ਤੋਂ ਬਾਅਦ ਬਾਰ-ਬਾਰ ਬੇਨਤੀ ਕਰਦੇ ਰਹਿਣਾ। ਇੱਕ ਦਿਨ ਇਸ ਤਰ੍ਹਾਂ ਹੀ ਹੋਇਆ ਸੰਤ ਨਰੈਣ ਸਿੰਘ ਜੀ ਨੇ ਬੇਨਤੀ ਕੀਤੀ, ਮਹਾਰਾਜ ਅੰਨ-ਪਾਨ ਕਰ ਲਵੋ, ਭਾਵ ਦੁੱਧ ਛੱਕ ਲਵੋ। ਹਜ਼ੂਰ ਨੇ ਬਚਨ ਕੀਤਾ, "ਬਾਲਿਆ ਕਿਸੇ ਦੀ ਉਡੀਕ ਕਰ ਰਹੇ ਹਾਂ। ਉਸਦੇ ਆਏ ਤੋਂ ਦੁੱਧ ਛਕਾਂਗੇ।" ਇਤਨਾ ਬਚਨ ਕਰਕੇ ਚੁੱਪ ਹੋ ਗਏ। ਉਪਰੰਤ ਦੋ ਚਾਰ ਦਿਨ ਹੋਰ ਬੀਤੇ, ਇੱਕ ਦਿਨ ਆਪ ਹੀ ਬਚਨ ਕੀਤਾ, "ਬਾਲਿਆ ਤਿਆਰੀ ਕਰੋ, ਦੁੱਧ ਛਕੀਏ, ਜਿਸ ਦੀ ਉਡੀਕ ਸੀ ਉਹ ਆ ਰਿਹਾ ਹੈ।" ਇਸ ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਨੇ ਸਾਰੀ ਤਿਆਰੀ ਕਰ ਲਈ। ਜਿਵੇਂ ਕਿ ਆਸਣ ਵਿਛੋਣਾ, ਅੱਗੇ ਬਰਤਨ ਦੁੱਧ ਵਾਲਾ ਰੱਖਣਾ ਬੀਕਾਨੇਰੀ ਮਿਸਰੀ, ਸੰਦਲ ਦਾ ਸ਼ਰਬਤ, ਰੂਹ ਕਿਉੜਾ ਮੌਸਮ ਅਨੁਸਾਰ ਮਤੀਰੇ ਦਾ ਪਾਣੀ, ਜਾਂ ਅਨਾਰ ਦਾ ਪਾਣੀ, ਗੰਗਾ ਜਲ, ਸਭ ਕੁਝ ਤਿਆਰ ਕਰਕੇ ਸੰਤ ਨਰੈਣ

ਸਿੰਘ ਜੀ ਨੇ ਆਵਾਜ਼ ਦਿੱਤੀ। ਮਹਾਰਾਜ! ਸਭ ਤਿਆਰੀ ਹੋ ਚੁੱਕੀ ਹੈ, ਦੁੱਧ ਛਕੋ। ਹਜ਼ੂਰ ਨੇ ਆਪਣੇ ਆਸਣ ਤੋਂ ਉੱਠ ਕੇ ਦੁੱਧ ਛਕਣ ਵਾਲੇ ਆਸਣ 'ਤੇ ਬਿਰਾਜ ਗਏ। ਨਿੱਕਾ ਸਿੰਘ ਭਾਗੀਵਾਂਦਰ ਵਾਲਾ ਹੁਕਮ ਅਨੁਸਾਰ ਪਹਿਰੇ ਉੱਤੇ ਸੀ। ਜਿਨ੍ਹਾਂ-ਜਿਨ੍ਹਾਂ ਨੂੰ ਸੀਤ ਪ੍ਰਸ਼ਾਦ ਦਿਆ ਕਰਦੇ ਸਨ ਉਹ ਸਾਰੇ ਹੁਕਮ ਅਨੁਸਾਰ ਹਾਜ਼ਰ ਸਨ। ਅਚਾਨਕ ਹੀ ਨਿੱਕਾ ਸਿੰਘ ਨੇ ਹਾਜ਼ਰ ਹੋ ਕੇ ਬੇਨਤੀ ਕੀਤੀ ਮਹਾਰਾਜ ਕੋਈ ਗਰੀਬ ਜਿਹਾ ਬੰਦਾ ਦਰਸ਼ਨ ਕਰਨ ਆਇਆ ਹੈ। ਬਾਬਾ ਜੀ ਨੇ ਬਚਨ ਕੀਤਾ, "ਆ ਜਾਣ ਦਿਓ।" ਉਪਰੰਤ ਉਸਨੇ ਆ ਕੇ ਨਮਸਕਾਰ ਕੀਤੀ, ਹਜ਼ੂਰ ਨੇ ਬਚਨ ਕੀਤਾ, "ਅਸੀਂ ਤੈਨੂੰ ਕਿੰਨੇ ਦਿਨਾਂ ਤੋਂ ਉਡੀਕ ਰਹੇ ਹਾਂ ਤੂੰ ਐਨਾਂ ਚਿਰ ਕਿਉਂ ਲਾਇਆ।" ਉਸਨੇ ਬੇਨਤੀ ਕੀਤੀ ਜੀ ਸਭ ਕੁਝ ਤੁਹਾਡੇ ਹੱਥ ਵੱਸ ਹੈ।

**ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ॥**

*(ਬਿਲਾਵਲੁ ਮ: ੪)*

ਹਜ਼ੂਰ ਨੇ ਬਚਨ ਕੀਤਾ, "ਅੱਛਾ ਚੁੱਪ ਕਰਕੇ ਬੈਠ ਜਾ।" ਉਪਰੰਤ ਬਾਬਾ ਜੀ ਨੇ ਦੁੱਧ ਛਕਿਆ। ਘੰਟਾ ਡੇਢ ਲਾ ਦਿੱਤਾ। ਸਭ ਨੂੰ ਸੀਤ ਪ੍ਰਸ਼ਾਦ ਦਿੱਤਾ। ਉਪਰੰਤ ਥੋੜ੍ਹਾ ਜਿਹਾ ਸੀਤ ਪ੍ਰਸਾਦ ਇੱਕ ਬਰਤਨ ਵਿੱਚ ਪਾ ਕੇ ਢੱਕ ਕੇ ਰੱਖਣ ਦਾ ਹੁਕਮ ਕੀਤਾ। ਫਿਰ ਉਸ ਦੇ ਵੱਲ ਮੁਖਾਤਬ ਹੋ ਕੇ ਬਚਨ ਕੀਤਾ, "ਤੂੰ ਹੁਣ ਆਪਣੀ ਗੱਲ ਕਰ ਹੁਣ ਤੱਕ ਤੂੰ ਕਿੰਨੀ ਸਾਧਨਾ ਕੀਤੀ ਹੈ ਤੇ ਕਿਹੜੀ ਕਿਹੜੀ ਕੀਤੀ ਹੈ। ਹੁਕਮ ਅਨੁਸਾਰ ਉਸਨੇ ਸਾਰਾ ਕੁਝ ਇਉਂ ਦੱਸਿਆ ਜੀ ਸਭ ਤੋਂ ਪਹਿਲਾਂ ਇੱਕ ਮੰਦਰ ਦੇ ਪੁਜਾਰੀ ਕੋਲੋਂ ਰਾਮ-ਰਾਮ ਮੰਤਰ ਤੇ ਗਾਇਤ੍ਰੀ ਮੰਤਰ ਸਿੱਖਿਆ ਅਤੇ ਬੇਅੰਤ ਜਪਿਆ। ਫਿਰ ਇੱਕ ਮੁਸਲਮਾਨ ਫਕੀਰ ਮੈਨੂੰ ਮਿਲਿਆ, ਉਸ ਨੇ ਆਪਣੇ ਆਪ ਮੈਨੂੰ ਮੱਕੇ ਦੇ ਦਰਸ਼ਨ ਕਰਵਾਏ। ਮੈਂ ਉਸਨੂੰ ਮੱਥਾ ਟੇਕਿਆ, ਉਸਦੇ ਕਹਿਣ ਉੱਤੇ ਮੈਂ ਉਸ ਤੋਂ ਕਲਮਾਂ ਪੜ੍ਹਨਾ ਆਰੰਭ ਕਰ ਦਿੱਤਾ। ਕਈ ਬਰਸ ਇਸਦੀ ਅਰਾਧਨਾ ਕਰਦਾ ਰਿਹਾ, ਮੈਨੂੰ ਮੱਕੇ ਦੇ ਦਰਸ਼ਨ ਹੋ ਜਾਂਦੇ ਰਹੇ। ਪਰ ਮਨ ਦੀ ਸ਼ਾਂਤੀ ਨਹੀਂ ਆਈ, ਹਰ ਵੇਲੇ ਚਿੱਤ ਨੂੰ ਜਲਨ ਜਿਹੀ ਲੱਗੀ ਰਹਿੰਦੀ ਸੀ। ਇੱਕ ਦਿਨ ਭਗਵੇਂ ਬਸਤਰ ਵਾਲੇ ਸਾਧੂ ਨੇ ਮੇਰੀ ਵਿੱਥਿਆ ਸੁਣ ਕੇ ਤੁਹਾਡੀ ਦੱਸ ਪਾਈ, ਨਾਲ ਕਿਹਾ ਜੇ ਮਨ ਦੀ ਸ਼ਾਂਤੀ ਪ੍ਰਾਪਤ ਕਰਨੀ ਹੈ ਤਾਂ ਉਥੇ ਪਹੁੰਚ ਸੋ ਉਸ ਦੇ ਦੱਸਣ ਅਨੁਸਾਰ ਤੁਹਾਡੇ

ਚਰਨਾਂ ਵਿੱਚ ਪਹੁੰਚਿਆਂ ਹਾਂ ਕ੍ਰਿਪਾ ਕਰੋ। ਗੁਰਵਾਕ ਹੈ:

**ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ॥**

ਬਾਬਾ ਜੀ ਨੇ ਬਚਨ ਕੀਤਾ, "ਸਿਰ ਦੇਣਾ ਪਏਗਾ ਲੈ ਜਾ ਜੋ ਲੈਣਾ ਹੈ।" ਗੁਰਵਾਕ ਹੈ:

**ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥**

ਉਸਨੇ ਮੱਥਾ ਟੇਕ ਦਿੱਤਾ ਅਤੇ ਰੋ ਕੇ ਕਹਿਣ ਲੱਗਾ ਲੈ ਲਵੋ ਜਿਵੇਂ ਕਿਸੇ ਸਿਆਣੇ ਨੇ ਕਿਹਾ ਹੈ।

**ਇਹ ਸਿਰ ਬਿਖੁ ਕੀ ਕੋਠੜੀ ਤੂੰ ਹੀਰਨ ਕੀ ਖਾਨ॥**
**ਜੇ ਸਿਰ ਦਿਤਿਆਂ ਤੂੰ ਮਿਲੇਂ ਲੈ ਮੇਰੇ ਭਗਵਾਨ॥**

ਉਪਰੰਤ ਹੁਕਮ ਕੀਤਾ, "ਬਾਲਿਆ ਇਸ ਨੂੰ ਸੀਤ ਪ੍ਰਸ਼ਾਦ ਦਿਓ।" ਹੁਕਮ ਅਨੁਸਾਰ ਸੀਤ ਪ੍ਰਸ਼ਾਦ ਦਿੱਤਾ, ਉਸਨੇ ਛੱਕ ਲਿਆ। ਉਪਰੰਤ ਹੁਕਮ ਕੀਤਾ, "ਬਾਲਿਆ ਇਸਦੀ ਬਾਂਹ ਫੜ ਕੇ ਸਾਡੇ ਨੇੜੇ ਲਿਆਓ।"

ਨੇੜੇ ਬਿਠਾ ਕੇ ਮੂਲ ਮੰਤਰ ਦਾ ਪਹਿਲੀ ਪਉੜੀ ਦਾ ਜਾਪ ਬਖਸ਼ ਕੇ ਹੁਕਮ ਹੋਇਆ ਇਸਨੂੰ ਜਪਦੇ ਰਹਿਣਾ।

**ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥**

ਹੁਕਮ ਕੀਤਾ ਇਸਨੂੰ ਜਪਦੇ ਰਹਿਣਾ ਸਦਾ ਸੁੱਖ ਰਹੇਗਾ। ਹੁਕਮ ਦੇ ਕੇ ਸਾਰੀ ਸ਼ਰਾਅ ਕਰਵਾਈ ਫਿਰ ਖੁਸ਼ੀ ਬਖਸ਼ ਕੇ ਤੋਰਿਆ।

*(ਇਹ ਬਚਨ ਵੀ ਮਾਤਾ ਪਿਤਾ ਪਾਸੋਂ ਲਿਆ।)*

## ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ॥
## ਅਤਿ ਸੁੰਦਰ ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ॥

ਸਮੇਂ ਸਮੇਂ ਅਨੁਸਾਰ ਆਪਣੇ ਸਰੀਰ ਦੇ ਦਰਸ਼ਨ ਅਤ ਸੁੰਦਰ ਕਰ ਲੈਣੇ ਅਤੇ ਬਚਨ ਮਨਮੋਹਕ ਬਣਾ ਲੈਣੇ। ਆਉਣ ਵਾਲੇ ਯਾਤਰੂ ਦੇ ਉੱਤੇ ਜਿਸ ਤਰ੍ਹਾਂ ਦਾ ਪ੍ਰਭਾਵ ਉਸਦੇ ਕਰਮਾਂ ਅਨੁਸਾਰ ਕਰਨਾ ਜਾਂ ਕਰਾ ਦੇਣਾ। ਇੱਕ

ਵਾਰ ਇੱਕ ਮਾਈ ਸੰਗਰੂਰ ਰਿਆਸਤ ਦੇ ਇਲਾਕੇ ਵਿਚੋਂ ਦਰਸ਼ਨ ਕਰਨ ਆਈ ਨਾਲ ਉਸਦਾ ਪੁੱਤਰ ਸੀ। ਦੁਪਹਿਰ ਦਾ ਸਮਾਂ ਸੀ ਹਜ਼ੂਰ ਆਪਣੇ ਰੰਗ ਅੰਦਰ ਮਸਤ ਮੰਜੀ ਉੱਤੇ ਬਿਰਾਜੇ ਹੋਏ ਸਨ। ਅਚਾਨਕ ਹੀ ਆਪ ਜੀ ਉੱਠ ਕੇ ਬੈਠ ਗਏ। ਵੇਖ ਬੱਚੇ ਨੇ ਆਪਣੀ ਮਾਤਾ ਨੂੰ ਕਿਹਾ ਕਿ ਮਾਤਾ ਸੰਤ ਤਾਂ ਸੋਹਣੇ ਨਹੀਂ ਹਨ, ਉਸ ਸਮੇਂ ਆਪ ਜੀ ਨੇ ਆਵਾਜ਼ ਦਿੱਤੀ, "ਬਾਲਿਆ ਲਿਆ ਪਾਣੀ ਮੁੰਡੇ ਨੂੰ ਹੱਥ ਮੂੰਹ ਧੋ ਕੇ ਸੋਹਣੇ ਬਣ ਕੇ ਵਿਖਾਈਏ।" ਸੇਵਕ ਨੇ ਉਸੇ ਵਕਤ ਹੀ ਜਲ ਵਾਲਾ ਬਰਤਨ ਅਤੇ ਇੱਕ ਕੱਪੜਾ ਮੂੰਹ ਧੋਣ ਤੋਂ ਬਾਅਦ ਸਾਫ ਕਰਨ ਲਈ ਲੈ ਕੇ ਹਾਜ਼ਰ ਹੋਇਆ। ਉਪਰੰਤ ਹੱਥ ਮੂੰਹ ਧੋਤੇ, ਕੱਪੜੇ ਨਾਲ ਸਫਾਈ ਕੀਤੀ। ਫਿਰ ਦਸਤਾਰ ਸਜਾਈ ਅਤੇ ਆਪ ਹੀ ਬਚਨ ਕੀਤਾ, "ਲੈ ਕਾਕਾ ਹੁਣ ਅਸੀਂ ਸੋਹਣੇ ਬਣ ਗਏ ਹਾਂ ਕਿਉਂ ਠੀਕ ਹੈ।" ਉਪਰੰਤ ਮਾਂ ਪੁੱਤ ਵੱਲ ਹੱਸ ਕੇ ਵੇਖਿਆ ਉਸ ਸਮੇਂ ਮਾਂ ਅਤੇ ਪੁੱਤ ਦੋਵੇਂ ਹੀ ਹੈਰਾਨ ਸਨ, ਚੇਹਰੇ ਦਾ ਰੰਗ ਰੂਪ ਬੜੇ ਹੀ ਦਿੱਬ ਪ੍ਰਭਾਵ ਵਾਲਾ ਸੀ।

**ਭਲਾ ਭਲਾ ਭਲਾ ਤੇਰਾ ਰੂਪ॥ ਅਤਿ ਸੁੰਦਰ ਅਪਾਰ ਅਨੂਪ॥**

*(ਗਉੜੀ ਸੁਖਮਨੀ ਮ: ੫)*

**ਕਿ ਸਾਹਿਬ ਦਿਮਾਗ਼ ਹੈ। ਕਿ ਹੁਸਨਲ ਚਿਰਾਗ਼ ਹੈ॥**

*(ਸ੍ਰੀ ਜਾਪੁ ਸਾਹਿਬ, ਪਾਤਸ਼ਾਹੀ ੧੦)*

ਮਾਂ ਪੁੱਤ ਵੇਖ ਕੇ ਹੈਰਾਨ ਹੋ ਰਹੇ ਸਨ, ਨਮਸਕਾਰ ਕਰ ਰਹੇ ਸਨ, ਬਾਬਾ ਜੀ ਹੱਸ ਰਹੇ ਸਨ 'ਸਰਬੀ ਰੰਗੀ ਰੂਪੀ ਤੂੰ ਹੈ' ਵਾਲਾ ਸਰੂਪ ਪ੍ਰਤੱਖ ਹੋ ਰਿਹਾ ਸੀ। ਉਪਰੰਤ ਮਾਈ ਨੂੰ ਹੁਕਮ ਹੋਇਆ, "ਮਾਈ ਆਪਣਾ ਪ੍ਰਸ਼ਨ ਦੱਸੋ ?" ਉਪਰੰਤ ਮਾਈ ਆਪਣਾ ਪ੍ਰਸ਼ਨ ਦੱਸਣ ਤੋਂ ਸੰਕੋਚ ਕਰੇ ਅੰਤਰਯਾਮੀ ਉਸ ਦੇ ਮਨ ਦੀ ਭਾਵਨਾ ਸਮਝ ਕੇ ਕਹਿਣ ਲੱਗੇ, "ਪ੍ਰਸ਼ਨ ਵੀ ਗੁਪਤ ਇਸਦਾ ਉੱਤਰ ਵੀ ਸਮੇਂ ਅਨੁਸਾਰ ਗੁਪਤ ਹੀ ਮਿਲੇਗਾ।" ਜੋ ਪ੍ਰਸ਼ਾਦ ਲੈ ਕੇ ਆਏ ਸੀ ਮਨਜ਼ੂਰ ਕਰਕੇ ਜਾਣ ਦਾ ਹੁਕਮ ਹੋਇਆ।

*(ਇਹ ਪ੍ਰਸੰਗ ਦਿੱਲੀ ਵਿੱਚ ਇੱਕ ਗੁਰਮੁਖ ਪਰਿਵਾਰ ਸ. ਭੰਗਾ ਸਿੰਘ ਦੇ ਘਰੋਂ ਬੀਬੀ ਅਜੀਤ ਕੌਰ ਪਾਸੋਂ ਮਿਲਿਆ।)*

## ਨ ਓਹਿ ਮਰਹਿ ਨ ਠਾਗੇ ਜਾਹਿ ॥
## ਜਿਨ ਕੈ ਰਾਮੁ ਵਸੈ ਮਨ ਮਾਹਿ ॥

ਵਾਹਿਗੁਰੂ ਪਾਸੋਂ ਜਾਂ ਮਹਾਂਪੁਰਖਾਂ ਪਾਸੋਂ ਸੇਵਾ ਸਿਮਰਨ ਕਰਕੇ ਬੰਦੇ ਨੂੰ ਜੋ ਕੁਝ ਮਿਲਦਾ ਹੈ ਉਨ੍ਹਾਂ ਦੀ ਮੇਹਰ ਦੀ ਨਿਸ਼ਾਨੀ ਹੈ। ਪ੍ਰੰਤੂ ਇਨਸਾਨੀ ਸੁਭਾਅ ਅਨੁਸਾਰ ਬੰਦਾ ਸਮਝਦਾ ਹੈ ਮੈਂ ਜੋ ਕੁਝ ਲਿਆ ਆਪਣੀ ਚਤੁਰਾਈ ਨਾਲ ਲਿਆ ਹੈ ਇਹੋ ਇਨਸਾਨ ਦੀ ਭੁੱਲ ਹੈ।

**ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥**
**ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥**

ਅਤੇ ਬੰਦਾ ਚਤੁਰਾਈ ਨਾਲ ਲੈਣ ਦੀ ਕੋਸ਼ਿਸ਼ ਕਰਦਾ ਹੈ ਪ੍ਰੰਤੂ ਮਹਾਂਪੁਰਖ ਭੋਲੇ ਭਾ ਰਹਿਣ ਵਾਲੇ, ਜਿਨ੍ਹਾਂ ਨੂੰ ਕਦੇ ਵੀ ਆਪਣੀ ਮਰਜ਼ੀ ਨਾਲ ਨਾ ਚਲਾ ਸਕੇ ਨਾ ਬੁਲਾ ਸਕੇ, ਨਾ ਕੋਈ ਕਾਰਜ ਕਰਵਾ ਸਕੇ। ਮਹਾਂਪੁਰਖਾਂ ਦੀ ਤਾਂ ਸੇਵਾ ਕਰਕੇ ਸੱਤ ਬਚਨ ਦਾ ਅਧਿਕਾਰੀ ਬਣ ਕੇ ਜਗਿਆਸੂ ਮਨ ਇੱਛਤ ਫਲ ਪ੍ਰਾਪਤ ਕਰਦਾ ਰਿਹਾ ਹੈ ਅਤੇ ਕਰੇਗਾ। ਇਸੇ ਤਰ੍ਹਾਂ ਭੁੱਚੋ ਇੱਕ ਪ੍ਰੇਮੀ ਸਰਦਾਰ ਆਇਆ ਬੜਾ ਪੜ੍ਹਿਆ ਹੋਇਆ ਅਤੇ ਗੱਲਬਾਤ ਵਿੱਚ ਬੜਾ ਚਤੁਰ। ਉਸਨੂੰ ਬਾਬਾ ਜੀ ਨੇ ਉਸਦੇ ਆਉਣ ਦਾ ਕਾਰਨ ਪੁੱਛਿਆ ਤਾਂ ਉਸਨੇ ਦੱਸਿਆ ਮੈਂ ਆਪ ਜੀ ਪਾਸੋਂ ਉਹ ਸ਼ਬਦ ਪੁੱਛਣਾ ਹੈ ਜਿਹੜਾ ਮੁਰਦੇ ਕੋਲ ਪੜ੍ਹੀਏ ਮੁਰਦਾ ਜਿਉਂਦਾ ਹੋ ਜਾਂਦਾ ਹੈ। ਹਜ਼ੂਰ ਨੇ ਉੱਤਰ ਦਿੱਤਾ, "ਬਾਣੀ ਤਾਂ ਸਾਰੀ ਜੀਵਨ ਦਾਨ ਬਖ਼ਸ਼ਦੀ ਹੈ ਤੂੰ ਕਿਹੜਾ ਸ਼ਬਦ ਪੁੱਛਣਾ ਹੈ ?" ਉਹ ਇਸ ਰਮਜ਼ ਨੂੰ ਸਮਝ ਨਾ ਸਕਿਆ ਉਸਨੇ ਫਿਰ ਓਹੀ ਇੱਕ ਮੁਰਦੇ ਨੂੰ ਜਿਉਂਦਾ ਕਰਨ ਵਾਲਾ ਸ਼ਬਦ ਹੀ ਦੱਸਣ ਵਾਸਤੇ ਬੇਨਤੀ ਕੀਤੀ। ਅੱਗੋਂ ਬਾਬਾ ਜੀ ਨੇ ਕੁਝ ਵਿਸਥਾਰ ਪੂਰਵਕ ਇਉਂ ਦੱਸਣਾ ਆਰੰਭ ਕੀਤਾ। ਜਪੁਜੀ ਸਾਹਿਬ ਦਾ ਪਾਠ ਮਨ ਚਿੱਤ ਇਕਾਗਰ ਕਰਕੇ ਨਿੱਤ ਨੇਮ ਨਾਲ ਸਵਾ ਲੱਖ ਪਾਠ ਕਰੇ

ਤਾਂ ਇਹ ਮਨ ਇੱਛਤ ਫਲ ਪ੍ਰਾਪਤ ਹੋ ਜਾਂਦਾ ਹੈ। ਹੋਰ ਜੋ ਕੁਝ ਵੀ ਮੰਗੇ ਤਾਂ ਕੁਝ ਤਾਂ ਮਿਲ ਜਾਂਦਾ ਹੈ, ਪਰ ਕਰੇ ਸਾਡੇ ਕਹਿਣ ਅਨੁਸਾਰ ਅਸੀਂ ਆਪਣੀ ਇੱਛਾ ਅਨੁਸਾਰ ਖਾਨ-ਪਾਨ ਕਰਾਵਾਂਗੇ, ਰੱਖਾਂਗੇ।" ਉਸ ਨੇ ਫਿਰ ਬੇਨਤੀ ਕੀਤੀ ਜੀ ਮਹਾਰਾਜ ਮੈਂ ਸੁਣਿਆ, ਤੁਹਾਡੇ ਕੋਲ ਇੱਕ ਸ਼ਬਦ ਹੈ ਮੈਨੂੰ ਉਹ ਦੱਸੋ। ਫਿਰ ਬਾਬਾ ਜੀ ਨੇ ਬਚਨ ਕੀਤਾ ਕਮਾਈ ਕਰਕੇ ਵੱਡੇ ਤੋਂ ਵੱਡਾ ਕੰਮ ਹੋ ਸਕਦਾ ਹੈ। ਮੁਰਦਾ ਜਿਉਂਦਾ ਕਰਨਾ ਕੋਈ ਵੱਡੀ ਗੱਲ ਨਹੀਂ, ਨਾਲੇ ਹੱਸ ਕੇ ਬਚਨ ਕੀਤਾ, "ਜੇ ਤੈਨੂੰ ਉਹ ਸ਼ਬਦ ਹੀ ਦੱਸ ਦਿੱਤਾ ਤੂੰ ਭੁੱਲ ਜਾਵੇਂਗਾ।" ਉਸ ਨੇ ਤੁਰੰਤ ਹੀ ਜੇਬ ਵਿਚੋਂ ਕਾਪੀ ਕੱਢ ਲਈ ਕਲਮ ਫੜ੍ਹ ਕੇ ਕਹਿਣ ਲੱਗਾ, ਲਉ ਜੀ ਮੈਂ ਲਿਖ ਲੈਂਦਾ ਹਾਂ ਭੁੱਲਦਾ ਨਹੀਂ ਲਿਖਾਓ। ਬਾਬਾ ਜੀ ਨੇ ਬਚਨ ਕੀਤਾ, "ਸਾਡਾ ਸਮਾਂ ਥੋੜਾ ਹੈ ਤੂੰ ਕਲੇਰੀਂ ਮਹਾਂਪੁਰਖਾਂ ਕੋਲ ਚਲਾ ਜਾ ਉਹ ਸਭ ਕੁਝ ਕਰਵਾਉਣਗੇ।" ਉਹ ਫਿਰ ਵੀ ਨਾ ਮੰਨਿਆ ਅਤੇ ਨਾ ਸਮਝਿਆ, ਕਹਿਣ ਲੱਗਾ ਜੀ ਨਹੀਂ ਮੇਹਰ ਕਰੋ, ਹੁਣ ਲਿਖਵਾ ਹੀ ਦਿਓ। ਉਪਰੰਤ ਬਾਬਾ ਜੀ ਨੇ ਕੁਝ ਮੁੱਖ ਤੋਂ ਪੜ੍ਹਿਆ ਜੋ ਉਸਨੇ ਜਲਦੀ-ਜਲਦੀ ਲਿਖ ਲਿਆ ਸਮਾਪਤ ਕਰਕੇ ਬਾਬਾ ਜੀ ਨੇ ਬਚਨ ਕੀਤਾ, "ਲੈ ਤੂੰ ਚੰਗੀ ਤਰ੍ਹਾਂ ਲਿਖਿਆ ਹੋਇਆ ਪੜ੍ਹ ਲੈ। ਉਸ ਨੇ ਕਿਹਾ ਜੀ ਪੜ੍ਹ ਲਿਆ ਹੈ ਹੁਣ ਨਹੀਂ ਕਿਤੇ ਜਾਂਦਾ। ਫਿਰ ਵੀ ਕਈ ਵਾਰ ਉਸਨੇ ਬੈਠੇ-ਬੈਠੇ ਨੇ ਹੀ ਮੁੱਖ ਵਿਚੋਂ ਪੜ੍ਹਿਆ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਹੁਣ ਸੰਭਾਲ ਕੇ ਰੱਖੀਂ।" ਤੂੰ ਲੰਗਰ ਵਿੱਚ ਜਾ ਕੇ ਲੰਗਰ ਛੱਕ ਲੈ। ਲੰਗਰ ਛਕਣ ਉਪਰੰਤ ਉਹ ਚਲਾ ਗਿਆ। ਰਸਤੇ ਵਿੱਚ ਨੇੜੇ ਹੀ ਕਿਤੇ ਜਾ ਕੇ ਕਾਗਜ਼ ਖੋਲ੍ਹ ਕੇ ਪੜਨ ਲੱਗਾ। ਕੀ ਵੇਖਿਆ ਕਾਗਜ਼ ਖਾਲੀ ਹੈ ਫਿਰ ਮੁੜ ਕੇ ਆਇਆ, ਉਹੀ ਬੇਨਤੀ ਲਿਖਵਾਉਣ ਦੀ ਕੀਤੀ ਤਾਂ ਹਜ਼ੂਰ ਨੇ ਜਵਾਬ ਦਿੱਤਾ, "ਤੈਨੂੰ ਮਹਾਂਪੁਰਖਾਂ ਕੋਲ ਕਲੇਰੀਂ ਜਾ ਕੇ ਸੇਵਾ ਕਰਨ ਦਾ ਹੁਕਮ ਹੋਇਆ ਤੂੰ ਉਹ ਨਹੀਂ ਮੰਨਿਆ, ਜੇ ਤੂੰ ਉਥੇ ਪਹੁੰਚ ਜਾਂਦਾ ਤਾਂ ਤੇਰਾ ਕੰਮ ਛੇਤੀ ਹੀ ਹੋ ਜਾਣਾ ਸੀ, ਚਿਰ ਨਹੀਂ ਸੀ ਲੱਗਣਾ। ਹੁਣ ਲਿਖਵਾਉਣ ਵਾਲਾ ਸਮਾਂ ਦੂਰ ਚਲਾ ਗਿਆ, ਨਾ ਇਹ ਚੀਜ਼ ਤੇਰੇ ਕੋਲ ਰਹੇਗੀ। ਉਪਰੰਤ ਉਹ ਨਿਰਾਸ਼ ਹੋ ਕੇ ਮੁੜ ਗਿਆ।

**ਸਕਲ ਪਦਾਰਥ ਹੈ ਜਗ ਮਾਹੀ॥ ਭਾਗਹੀਨ ਨਰਪਾਵਤ ਨਾਹੀਂ॥**

*(ਇਹ ਪ੍ਰਸੰਗ ਵੱਡਾ ਝੰਡਾ ਸਿੰਘ ਸੇਮੇ ਵਾਲੇ ਤੋਂ ਮਿਲਿਆ ਮਾਤਾ ਪਿਤਾ ਤੋਂ ਵੀ ਸੁਣਿਆ।)*

## ਸਤਿਗੁਰ ਬਚਨ ਤੁਮਾਰੇ॥ ਨਿਰਗੁਣ ਨਿਸਤਾਰੇ॥

ਇਕ ਬੰਦਾ ਜਿਹੜਾ ਕਿ ਜੂਏ ਵਿੱਚ ਸਭ ਕੁਝ ਹਾਰ ਚੁੱਕਾ ਸੀ, ਬੜਾ ਦੁੱਖੀ ਸੀ। ਰਾਮ ਸਿੰਘ 'ਕਾਲ ਝਰਾਣੀ' ਵਾਲੇ ਤੋਂ ਬਾਬਾ ਜੀ ਦੀ ਸਿਫਤ ਸੁਣ ਕੇ ਆਇਆ ਉਸਨੇ ਦੱਸਿਆ ਤੈਨੂੰ ਇੱਕ ਰੂਮੀ ਵਾਲੇ ਮਹਾਰਾਜ ਹੀ ਆਪਣੇ ਪੈਰਾਂ 'ਤੇ ਖੜ੍ਹਾ ਕਰ ਸਕਦੇ ਹਨ ਤੂੰ ਉਨ੍ਹਾਂ ਕੋਲ ਆਪਣੀ ਹਾਲਤ ਦੱਸੀਂ। ਉਹੋ ਹੀ ਤੇਰੇ ਉੱਤੇ ਤਰਸ ਕਰਕੇ ਸਭ ਕੁਝ ਦੇ ਸਕਦੇ ਹਨ।

**ਮਨ ਬਾਛਤ ਫਲ ਦੇਤ ਹੈ ਸੁਆਮੀ ਜੀ ਕੀ ਬ੍ਰਿਥਾ ਸਾਰੀ॥**

ਤੇਰਾ ਸਭ ਕੁਝ ਕਰ ਦੇਣਗੇ ਪਰ ਸ਼ਰਤ ਇਕੋ ਹੀ ਹੈ। ਉਨ੍ਹਾਂ ਦਾ ਬਚਨ ਮੰਨ ਲਵੀਂ। ਰਾਮ ਸਿੰਘ ਨੇ ਉਸਨੂੰ ਆਪਣੇ ਵੱਲੋਂ ਪੱਕਾ ਕਰਕੇ ਭੇਜਿਆ। ਉਹ ਆਸਵੰਦ ਹੋ ਕੇ ਆਇਆ ਸੀ ਸੇਵਾਦਾਰ ਰਾਹੀਂ ਬੇਨਤੀ ਕਰਕੇ ਅੰਦਰ ਆਇਆ ਹਜ਼ੂਰ ਨੇ ਆਉਣ ਸਾਰ ਹੀ ਬਚਨ ਕੀਤਾ, "ਤੈਨੂੰ ਕਾਲ ਝਰਾਣੀ ਵਾਲੇ ਰਾਮ ਸਿੰਘ ਨੇ ਘੱਲਿਆ ਹੈ।" ਉਸਨੇ ਕਿਹਾ ਜੀ ਹਾਂ ਉਪਰੰਤ ਬਚਨ ਕੀਤਾ, "ਜੂਏ ਵਾਲੇ ਲੋਕ ਚੰਗੇ ਨਹੀਂ ਹੁੰਦੇ, ਅਸੀਂ ਜੂਏ ਵਾਲਿਆਂ ਨੂੰ ਆਪਣੇ ਕੋਲ ਨਹੀਂ ਰੱਖਦੇ ਤੂੰ ਇੱਥੋਂ ਚਲਾ ਜਾ।" ਉਪਰੰਤ ਉਸ ਨੂੰ ਤੋਰ ਦਿੱਤਾ ਕੁਝ ਦਿਨਾਂ ਬਾਅਦ ਉਹ ਫਿਰ ਆ ਗਿਆ। ਫਿਰ ਉਸਦੀ ਸਾਰੀ ਸ਼ਰਾਅ ਕਰਵਾਈ ਉਪਰੰਤ ਬਚਨ ਕੀਤਾ, "ਤੈਨੂੰ ਰਾਮ ਸਿੰਘ ਨੇ ਪੱਕਾ ਕਰਕੇ ਭੇਜਿਆ ਹੈ।" ਉਪਰੰਤ ਉਸਨੂੰ ਸ਼ਰਾਅ ਕਰਕੇ ਇੱਕ ਦੁਆਨੀ ਦਿੱਤੀ ਤੇ ਬਚਨ ਕੀਤਾ, "ਕੁਝ ਪੈਸੇ ਬਣਾ ਕੇ ਜੂਆ ਛੱਡ ਦੇਵੀਂ। ਇਨ੍ਹਾਂ ਪੈਸਿਆਂ ਨਾਲ ਕੋਈ ਹੋਰ ਕੰਮ ਕਰ ਲਵੀਂ ਅੱਗੇ ਤੋਂ ਸੰਭਲ ਕੇ ਚੱਲੀਂ। ਉਸਨੂੰ ਆਗਿਆ ਦੇ ਕੇ ਤੋਰ ਦਿੱਤਾ, ਮਹਾਂਪੁਰਖ ਦੀ ਨਦਰ ਸਦਕੇ ਜਿਹੜੀ ਹਰ ਥਾਂ ਉੱਤੇ ਹਾਰ ਹੁੰਦੀ ਸੀ ਉਥੇ ਹਰ ਥਾਂ ਉੱਤੇ ਜਿੱਤ ਹੋਣ ਲੱਗ ਪਈ ਦਿਨਾਂ ਵਿੱਚ ਚੰਗੀ ਆਮਦਨ ਹੋਣ ਲੱਗੀ। ਚਾਰ ਪੈਸੇ ਕੋਲ ਰਹਿਣ ਲੱਗ ਪਏ। ਇੱਕ ਦਿਨ ਬਾਬਾ ਜੀ ਨੇ ਬਚਨ ਕੀਤਾ, "ਕੇਸਰਾ ਬਈ ਉਹ ਜੂਏ ਵਾਲਾ ਤਾਂ ਅੱਗੇ ਹੀ ਅੱਗੇ ਵੱਧਦਾ ਜਾਂਦਾ ਹੈ ਉਸਨੂੰ

ਮੋੜੀਏ ਭਲੇ ਪਾਸੇ ਲਾਈਏ।" ਹੁਕਮ ਦੇ ਕੇ ਸੇਮੇ ਤੋਂ ਵੱਡੇ ਝੰਡੇ ਨੂੰ ਸੱਦ ਕੇ ਹੁਕਮ ਕੀਤਾ ਇੱਕ ਜੂਏਬਾਜ਼ ਬੁਢਲਾਡੇ ਹੈ ਉਸਦੇ ਲਾਲ ਪੱਗ, ਚਿੱਟਾ ਬੋਸ਼ਕੀ ਦਾ ਕੁੜਤਾ, ਹਰੀ ਬੋਸ਼ਕੀ ਦਾ ਪਜਾਮਾ ਤੇ ਕੱਢਵੀਂ ਜੁੱਤੀ ਪਾਈ ਹੋਈ ਹੈ। ਉਸਦੇ ਕੋਲ ਜਾ ਕੇ ਸਾਡਾ ਸੁਨੇਹਾ ਦੇ ਕੇ ਛੇਤੀ ਮੁੜ ਆਈਂ। ਉਸਨੂੰ ਕਹੀ ਆਉਣ ਲੱਗਾ ਆਪਣੇ ਘਰਵਾਲੀ ਨੂੰ ਨਾਲ ਲਈ ਆਵੇ, ਅੱਜ ਤੋਂ ਉਸਨੂੰ ਕਹਿਣਾ, "ਤੇਰਾ ਜੂਆ ਬੰਦ", ਇਹ ਸਾਡਾ ਹੁਕਮ ਹੈ ਤੂੰ ਛੇਤੀ ਤੁਰ ਜਾ, ਹੁਕਮ ਅਨੁਸਾਰ ਵੱਡਾ ਝੰਡਾ ਸਿੰਘ ਬੁਢਲਾਢੇ ਪਹੁੰਚ ਗਿਆ। ਕੱਪੜਿਆਂ ਦੀਆਂ ਨਿਸ਼ਾਨੀਆਂ ਵੇਖ ਕੇ ਪਛਾਣ ਲਿਆ ਤੇ ਝੰਡਾ ਸਿੰਘ ਨੇ ਬਾਬਾ ਜੀ ਦਾ ਨਾਮ ਲੈ ਕੇ ਸੁਨੇਹਾ ਦੇ ਦਿੱਤਾ। ਵੱਡਾ ਝੰਡਾ ਸਿੰਘ ਦੇ ਵਾਪਸ ਭੁੱਚੋ ਪਹੁੰਚਣ ਤੋਂ ਅਗਲੇ ਦਿਨ ਹੀ ਉਹ ਵੀ ਘਰ ਵਾਲੀ ਸਣੇ ਪਹੁੰਚ ਗਿਆ ਤੇ ਨਮਸਕਾਰ ਕੀਤੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਕਿਉਂ ਬਈ ਤੂੰ ਹੁਣ ਤਾਂ ਸਬਰ ਕਰ" ਉਸ ਨੇ ਸੱਤ ਬਚਨ ਕੀਤਾ ਤੇ ਫਿਰ ਉਸਦੇ ਘਰ ਵਾਲੀ ਨੂੰ ਕਹਿਣ ਲੱਗੇ ਹੁਣ, "ਤੂੰ ਅੱਗੇ ਹੋ ਕੇ ਘਰ ਦਾ ਕੰਮ ਕਰ, ਇਸਦੇ ਕੋਲ ਜਿੰਨੇ ਪੈਸੇ ਹਨ ਤੂੰ ਹੱਥ ਵਿੱਚ ਕਰ ਲੈ ਇਸਨੂੰ ਸਾਡੇ ਕੋਲ ਛੱਡ ਜਾ ਸਾਰੀਆਂ ਆਦਤਾਂ ਸੁਧਾਰ ਕੇ ਇਸਨੂੰ ਤੇਰੇ ਕੋਲ ਘੱਲਾਂਗੇ। ਉਸਦੇ ਘਰਵਾਲੀ ਨੇ ਬੇਨਤੀ ਕੀਤੀ ਮਹਾਰਾਜ ਘਰ ਦਾ ਕੰਮ ਤਾਂ ਅੱਗੇ ਹੋ ਕੇ ਬੰਦੇ ਕਰ ਸਕਦੇ ਹਨ ਬੁੜੀਆਂ ਨਹੀਂ ਕਰ ਸਕਦੀਆਂ। ਅੱਗੇ ਜਿਵੇਂ ਆਪ ਜੀ ਦਾ ਹੁਕਮ ਹੈ ਮੈਂ ਤਿਆਰ ਹਾਂ, ਆਪ ਸਭ ਕੁਝ ਕਰ ਕਰਾ ਸਕਦੇ ਹੋ। ਬਾਬਾ ਜੀ ਬੜੇ ਪ੍ਰਸੰਨ ਹੋਏ ਤਾਂ ਬਚਨ ਕੀਤਾ, "ਦੇਵੀ ਸ਼ੁਧ ਹੈ ਸਭ ਕੁਝ ਹੋਵੇਗਾ ਤੂੰ ਫਿਕਰ ਨਾ ਕਰ ਹੱਸ ਕੇ ਬਚਨ ਕੀਤਾ, ਇਸਨੂੰ ਬੰਦਾ ਤਾਂ ਹੁਣ ਬਣਾਉਣ ਲੱਗੇ ਹਾਂ ਅੱਗੇ ਇਹ ਬੰਦਾ ਨਹੀਂ ਸੀ, ਜਿਵੇਂ ਗੁਰਵਾਕ ਹੈ:

**ਕਰਤੂਤਿ ਪਸੂ ਕੀ ਮਾਨਸ ਜਾਤ॥**

ਉਪਰੰਤ ਉਸਦੇ ਘਰਵਾਲੀ ਨੂੰ ਤਾਂ ਆਗਿਆ ਦੇ ਕੇ ਘਰ ਭੇਜ ਦਿੱਤਾ। ਉਸਨੂੰ ਕੋਲ ਰੱਖ ਲਿਆ ਅਤੇ ਫਿਰ ਹੁਕਮ ਕੀਤਾ, "ਰਤਨ ਸਿੰਘ ਡਰੋਲੀ ਨੂੰ ਹਾਜ਼ਰ ਕਰੋ। ਭਾਈ ਰਤਨ ਸਿੰਘ ਦੇ ਹਾਜ਼ਰ ਹੋਣ ਤੇ ਹੁਕਮ ਕੀਤਾ, "ਇਸਨੂੰ ਸਾਡੇ ਕੋਲ ਬਿਠਾ ਕੇ ਜਪੁਜੀ ਸਾਹਿਬ ਦੇ ਇਕਵਾਰ ਪੰਜ ਪਾਠ ਸੁਣਾ।" ਹੁਕਮ ਅਨੁਸਾਰ ਪੰਜ ਪਾਠ ਸੁਣਾਏ ਉਪਰੰਤ ਇਸਨੂੰ ਹੁਕਮ ਕੀਤਾ ਲੈ ਬਈ ਹੁਣ

ਤੂੰ ਪਾਠ ਸੁਣਾ ਅੱਖਾਂ ਬੰਦ ਰੱਖੀਂ ਤੇਰੇ ਅੰਦਰ ਹੀ ਲਿਖਿਆ ਹੈ ਪੜ੍ਹੀ ਚੱਲ ਤੇ ਸੁਣਾ ਦੇ। ਹੁਕਮ ਅਨੁਸਾਰ ਅੱਖਾਂ ਬੰਦ ਤੋਂ ਹੀ ਇਸਨੇ ਇਉਂ ਪੜ੍ਹ ਕੇ ਸੁਣਾ ਦਿੱਤਾ ਜਿਵੇਂ ਅੱਗੇ ਹੀ ਇਸਦੇ ਯਾਦ ਹੋਵੇ ਗੁਰਬਾਣੀ ਵਿੱਚ ਹੁਕਮ ਹੈ ਨਾ

**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ-ਜਨਮ ਕੀ ਸੋਈ ਜਾਗੀ॥**

ਫਿਰ ਹੁਕਮ ਅਨੁਸਾਰ ਇਸਨੇ ਸੇਵਾ ਸਿਮਰਨ ਵਿੱਚ ਦਿਨ ਰਾਤ ਇੱਕ ਕਰ ਦਿੱਤਾ।

**ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥**

ਇਸਨੂੰ ਇੱਕ ਦਿਨ ਹਜ਼ੂਰੀ ਵਿੱਚ ਸੱਦ ਕੇ ਹੁਕਮ ਕੀਤਾ, "ਕਿਉਂ ਬਈ ਹੁਣ ਤੇਰਾ ਚਿੱਤ ਕਿਸ ਕੰਮ ਨੂੰ ਕਰਦਾ ਹੈ। ਜੀ ਮੈਂ ਚਾਹੁੰਦਾ ਹਾਂ ਦਿਨ ਰਾਤ ਸੇਵਾ ਕਰਦਾ ਰਹਾਂ ਤੂੰ ਮੈਨੂੰ ਇਵੇਂ ਹੀ ਬੈਠਾ ਦਿਸਦਾ ਰਹੇਂ। ਭੋਲੇ ਭਾ ਦੀ ਬੇਨਤੀ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਬਚਨ ਕੀਤਾ, "ਸਾਡਾ ਸਮਾਂ ਥੋੜ੍ਹਾ ਹੈ ਤੂੰ ਕੁਝ ਸੇਵਾ ਹੋਰ ਕਰ ਲੈ।" ਉਪਰੰਤ ਫਿਰ ਸੇਵਾ ਆਰੰਭ ਕਰ ਦਿੱਤੀ ਸੇਵਾ ਕਰਦਾ ਰਿਹਾ। ਇੱਕ ਦਿਨ ਹੁਕਮ ਕੀਤਾ, "ਬਾਲਿਆ ਲਿਆ ਗੰਗਾ ਜਲ ਛਕੀਏ॥" ਮਹੀਨਾ ਮਹੀਨਾ ਜਾਂ ਮਹੀਨੇ ਬਾਅਦ ਹੀ ਜਲ ਛਕਦੇ ਸਨ ਉਹ ਵੀ ਗੰਗਾ ਜਲ ਛਕਦੇ ਸਿਰਫ਼ ਇੱਕ ਜਾਂ ਦੋ ਘੁੱਟ। ਜਲ ਛਕਣ ਲੱਗੇ ਅਚਾਨਕ ਇਹ ਵੀ ਸਾਹਮਣੇ ਆ ਕੇ ਨਮਸਕਾਰ ਕਰਕੇ ਬੈਠ ਗਿਆ ਅਤੇ ਬੋਲਿਆ "ਮਹਾਰਾਜ ਹਰੀ ਹਰ" ਹਜ਼ੂਰ ਨੇ ਪੁੱਛਿਆ, "ਬਾਲਿਆ ਕੌਣ ਹੈ, ਬਾਬਾ ਨਰੈਣ ਸਿੰਘ ਜੀ ਨੇ ਦੱਸਿਆ ਜੀ ਇਹ ਰਾਮ ਸਿੰਘ ਦਾ ਬੇਲੀ ਹੈ।" ਹਜ਼ੂਰ ਨੇ ਬਚਨ ਕੀਤਾ, 'ਸ਼ੁੱਧ ਹੈ ਚੰਗੇ ਸਮੇਂ ਆ ਗਿਆ' ਨਾਲ ਹੀ ਬਚਨ ਕੀਤਾ, 'ਨੇੜੇ ਹੋ ਕੇ ਬੁੱਕ ਕਰ' ਹੁਕਮ ਅਨੁਸਾਰ ਇਹ ਨੇੜੇ ਹੋ ਗਿਆ ਆਪਣਾ ਬੁੱਕ ਅੱਗੇ ਕਰ ਦਿੱਤਾ ਨਾਲ ਹੀ ਕਿਹਾ ਲਓ ਮਹਾਰਾਜ। ਆਪ ਜੀ ਨੇ ਬਚਨ ਕੀਤਾ "ਬਾਲਿਆ ਬਚਿਆ ਹੋਇਆ ਜਲ ਇਸਦੇ ਬੁੱਕ ਵਿੱਚ ਪਾ ਦੇ" ਬੁੱਕ ਵਿੱਚ ਪਾਉਣ ਉਪਰੰਤ ਇਸਨੇ ਛੱਕ ਲਿਆ ਉੱਚੀ ਆਵਾਜ਼ ਵਿੱਚ ਗੱਜ ਕੇ ਕਿਹਾ ਜਾਓ ਰੋਟੀ ਜੋਗਾ ਹੋ ਗਿਆ ਹੈਂ ਤੈਨੂੰ ਕੋਈ ਘਾਟਾ ਨਹੀਂ ਰਹੇਗਾ। ਤੇਰੀ ਘਰਵਾਲੀ ਵੀ ਅੱਜ ਇੱਥੇ ਆ ਰਹੀ ਹੈ ਤੈਨੂੰ ਉਸਦੇ ਨਾਲ ਘਰ ਤੋਰਾਂਗੇ। ਹੁਕਮ ਕੀਤਾ, "ਬਾਲਿਆ ਇਸਦੀ ਬਾਂਹ ਫੜ ਕੇ ਸਾਹਮਣੇ ਕੋਠੀ ਵਾਲੇ ਬਰਾਂਡੇ ਵਿੱਚ ਬਿਠਾ ਦਿਓ।" ਉਸ ਸਮੇਂ

ਇਸਦੀ ਹਾਲਤ ਮਸਤੀ ਵਾਲੀ ਸੀ। ਮਹਾਂਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਹੀ ਅਨੌਖੀ ਮਸਤੀ ਦੇਣ ਵਾਲੀ ਹੁੰਦੀ ਹੈ ਸੰਤ ਨਰੈਣ ਸਿੰਘ ਜੀ ਨੇ ਬਾਂਹ ਫੜ ਕੇ ਕੋਠੀ ਦੇ ਬਰਾਂਡੇ ਵਿੱਚ ਬਿਠਾ ਦਿੱਤਾ ਉਪਰੰਤ ਇਸਦੀ ਘਰਵਾਲੀ ਵੀ ਆ ਗਈ ਅਤੇ ਉਸਨੇ ਨਮਸਕਾਰ ਕੀਤੀ। ਹਜ਼ੂਰ ਨੇ ਹੱਸ ਕੇ ਬਚਨ ਕੀਤਾ, "ਦੇਵੀ ਔਹ ਸਾਹਮਣੇ ਤੇਰਾ ਪਤੀ ਬੈਠਾ ਹੈ, ਸਿਆਣ ਲੈ ਹੁਣ ਬੰਦਾ ਬਣਿਆ ਹੈ, ਅੱਗੇ ਨਹੀਂ ਸੀ। ਇਸਨੂੰ ਬੁਲਾਉਣਾ ਨਹੀਂ ਜਿਵੇਂ ਬੈਠਾ ਹੈ ਬੈਠਾ ਰਹਿਣ ਦੇ। ਹੁਕਮ ਮੰਨ ਕੇ ਉਹ ਬੀਬੀ ਵੀ ਉਸਦੇ ਕੋਲ ਜਾ ਬੈਠੀ ਕੁਝ ਸਮੇਂ ਉਪਰੰਤ ਹਜ਼ੂਰ ਨੇ ਆਵਾਜ਼ ਦੇ ਕੇ ਇਨ੍ਹਾਂ ਦੋਹਾਂ ਨੂੰ ਕੋਲ ਸੱਦ ਕੇ ਹੁਕਮ ਕੀਤਾ, "ਹੁਣ ਤੁਸੀਂ ਦੋਨੋਂ ਲੰਗਰ ਛੱਕ ਕੇ ਆਓ।" ਹੁਕਮ ਅਨੁਸਾਰ ਲੰਗਰ ਛੱਕ ਕੇ ਹਾਜ਼ਰ ਹੋਏ ਉਪਰੰਤ ਬਚਨ ਕੀਤਾ, "ਘਰ ਜਾਓ ਤੂੰ ਵਰ ਸਰਾਪ ਵਾਲੇ ਰੱਗੜੇ ਝਗੜੇ ਵਿੱਚ ਨਾ ਆਈਂ, ਮਸਤ ਰਾਹੀਂ ਤੇਰੇ ਸਭ ਕੰਮ ਹੁਣ ਆਪਣੇ ਆਪ ਹੀ ਹੁੰਦੇ ਰਹਿਣਗੇ।"

**ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥**

*(ਸੋਰਠਿ ਮ: ੩)*

ਹੁਕਮ ਅਨੁਸਾਰ ਘਰ ਗਏ ਕਦੇ-ਕਦੇ ਆ ਕੇ ਦਰਸ਼ਨ ਕਰ ਜਾਂਦਾ ਹੁੰਦਾ ਸੀ, ਦੱਸਦੇ ਹੁੰਦੇ ਸਨ ਪਿਤਾ ਜੀ ਰਹਿੰਦਾ ਮਸਤ ਜਿਹਾ ਹੀ ਸੀ। ਆਪ ਜੀ ਵੀ ਇਸਨੂੰ 'ਮਸਤ' ਕਹਿ ਕੇ ਬੁਲਾਉਂਦੇ ਹੁੰਦੇ ਸਨ।

**ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥**

*(ਇਹ ਪ੍ਰਸੰਗ ਵੱਡੇ ਝੰਡਾ ਸਿੰਘ ਤੋਂ ਸੁਣਿਆ।)*

## ਆਪ ਬੁਝਾਏ ਸੋਈ ਬੂਝੈ ॥

ਇਕ ਸਮੇਂ ਪੰਡਿਤ ਸ੍ਰੀ ਰਾਮ ਸਿੰਘ ਜੀ ਦਰਸ਼ਨ ਕਰਨ ਆਏ ਨਾਲ ਕੁਝ ਪ੍ਰੇਮੀ ਹਾਕਮ ਸਿੰਘ ਗਿੱਲ, ਗੁਰਮੁਖ ਸਿੰਘ ਮਲੂਕੇ ਤੋਂ ਸੀ, ਪ੍ਰੇਮੀ ਨਾਲ ਸਨ। ਇਤਨੇ ਹੀ ਨਾਮ ਮਿਲੇ ਹਨ। ਸਭ ਨੇ ਨਮਸਕਾਰ ਕੀਤੀ, ਦਿਨ ਛਿਪਣ ਦਾ ਸਮਾਂ ਸੀ। ਕੁਝ ਸੰਗਤ ਅੱਗੇ ਹੀ ਬੈਠੀ ਸੀ। ਗਰਮੀ ਦਾ ਮੌਸਮ ਸਾਵਣ ਭਾਦੋਂ ਦਾ ਮਹੀਨਾ ਸੀ, ਵੱਟ ਮਰੋੜਾ ਬੜਾ ਸੀ, ਹਾਕਮ ਸਿੰਘ ਗਿੱਲ ਨੇ ਬੇਨਤੀ ਕੀਤੀ,

ਮਹਾਰਾਜ ਵੱਟ ਬੜਾ ਹੈ ਬੈਠਿਆ ਨਹੀਂ ਜਾਂਦਾ, ਕੁਝ ਮੇਹਰ ਕਰੋ। ਠੰਡੀ ਹਵਾ ਚਲਾ ਦਿਓ, ਗਰਮੀ ਹਟੇ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, ਇਉਂ ਕਰੋ ਸਾਡੇ ਟਿੱਲੇ ਉੱਤੇ ਲੋਟ ਪਈ ਹੈ, ਮੂਧੀ ਭਾਵ ਕਿ ਪੁੱਠੀ ਹੈ ਉਸਦਾ ਮੂੰਹ ਇੱਧਰ ਨੂੰ ਕਰਕੇ ਸਿੱਧੀ ਕਰ ਦਿਓ, ਠੰਡੀ ਹਵਾ ਚੱਲ ਪਵੇਗੀ। ਹੁਕਮ ਅਨੁਸਾਰ ਇਵੇਂ ਹੀ ਕੀਤਾ, ਕਰਨ ਦੀ ਦੇਰ ਹੀ ਸੀ ਵੱਟ ਮਰੋੜ ਵਿੱਚ ਠੰਡੀ ਹਵਾ ਚੱਲ ਪਈ। ਜਿੱਥੇ ਅੱਗੇ ਤਨ ਵਾਲੇ ਕੱਪੜੇ ਨਹੀਂ ਸੀ ਰੱਖੇ ਜਾਂਦੇ ਉਥੇ ਚਾਦਰਾਂ ਦੀਆਂ ਬੁੱਕਲਾਂ ਮਾਰਨੀਆਂ ਪਈਆਂ। ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਗਿੱਲਾ, ਕਿਸੇ ਸਮੇਂ ਇਨ੍ਹਾਂ ਲੋਟਾਂ ਪਿੱਛੇ ਨਾ ਲੜਿਓ, ਇਨ੍ਹਾਂ ਵਿੱਚ ਕੁਝ ਨਹੀਂ ਸਾਡੇ ਨਾਲ ਹੀ ਸਭ ਕੁਝ ਹੈ।" ਠੀਕ ਇਸ ਸਮੇਂ ਹੀ ਹਾਕਮ ਸਿੰਘ ਗਿੱਲ ਨੇ ਬੇਨਤੀ ਕੀਤੀ। ਜੀ ਮਹਾਰਾਜ ਬਖਸ਼ ਲਵੋ, ਮੇਰੇ ਪਾਪੀ ਮਨ ਵਿੱਚ ਇਸ ਲੋਟ ਨੂੰ ਚੋਰੀ ਚੁੱਕ ਕੇ ਲੈ ਜਾਣ ਦਾ ਖਿਆਲ ਆਇਆ ਸੀ ਬਖ਼ਸ਼ ਲੈਣਾ। ਹਜ਼ੂਰ ਨੇ ਹੱਸ ਕੇ ਬਚਨ ਕੀਤਾ, "ਕੋਈ ਗੱਲ ਨਹੀਂ ਸ਼ੁੱਧ ਹੈ।" ਉਪਰੰਤ ਸੰਗਤ ਵਿਚੋਂ ਇੱਕ ਪ੍ਰੇਮੀ ਨੇ ਬੇਨਤੀ ਕੀਤੀ ਮਹਾਰਾਜ ਇੱਕ ਮਸ਼ੀਨ ਨਵੀ ਚੱਲੀ ਹੈ। ਜਿਸਦੇ ਉੱਤੇ ਇੱਕ ਕਾਲਾ ਜਿਹਾ ਰਿਕਾਰਡ ਰੱਖਦੇ ਹਨ, ਉਸ ਵਿਚੋਂ ਗਾਣੇ ਦੀ ਆਵਾਜ਼ ਵਿੱਚ ਬੰਦਾ ਬੋਲਦਾ ਹੈ। ਅੱਗੋਂ ਬਾਬਾ ਜੀ ਨੇ ਬਚਨ ਕੀਤੇ ਬੰਦਾ ਬੋਲਦਾ ਹੈ ਕਿ ਭੂਤ ਕਿਉਂ ਦਾਦਾ ਜੀ, ਅੱਗੋਂ ਸ੍ਰੀ ਰਾਮ ਸਿੰਘ ਜੀ ਬੇਨਤੀ ਕੀਤੀ ਜੀ ਹਾਂ ਮਹਾਰਾਜ ਸੱਤ ਹੈ, ਉਸ ਵਿੱਚ ਕਾਮ-ਕ੍ਰੋਧ-ਲੋਭ-ਮੋਹ ਹੰਕਾਰ ਦੇ ਭੂਤ ਬੋਲਦੇ ਹਨ, ਗੁਰੂ ਬਚਨ ਹੈ, "ਅੰਤਰ ਲੋਭ ਭਉਕੈ ਜਿਸੁ ਕੁਤਾ" ਅੱਗੋਂ ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਠੀਕ ਹੈ ਪੰਡਿਤ ਜੀ ਇਸ ਰਮਜ਼ ਨੂੰ ਤੂੰ ਬੁੱਝਿਆ ਹੈ।

**ਆਪ ਬੁਝਾਏ ਸੋਈ ਬੂਝੈ ॥**
**ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛ ਸੂਝੈ ॥**

*(ਵਾਰ ਮਾਝ ਕੀ)*

*(ਇਹ ਪ੍ਰਸੰਗ ਸ੍ਰੀ ਰਾਮ ਸਿੰਘ ਜੀ ਦੇ ਭਾਣਜੇ ਸ਼ਾਸਤਰੀ ਜੀ ਨੇ ਸੁਣਾਇਆ।)*

## ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥

ਇਕ ਵਾਰ ਤਿੰਨ ਚਾਰ ਪ੍ਰੇਮੀ ਤੁੰਗ ਵਾਲੀ ਨਗਰ ਤੋਂ ਦਰਸ਼ਨ ਕਰਨ ਵਾਸਤੇ ਚੱਲ ਪਏ, ਇਨ੍ਹਾਂ ਵਿੱਚ ਇੱਕ ਸੇਵਕ ਜਿਸਦਾ ਨਾਮ ਭਾਈ ਮੰਗਲ ਸਿੰਘ ਸੀ। ਅੱਗੇ ਵੀ ਦਰਸ਼ਨ ਕਰਨ ਆਉਂਦਾ ਅਤੇ ਕਈ- ਕਈ ਦਿਨ ਬਾਬਾ ਜੀ ਪਾਸ ਹੀ ਰਹਿੰਦਾ ਸੀ। ਪੁਰਾਣਾ ਸੇਵਾਦਾਰ ਸੀ। ਰਸਤੇ ਵਿੱਚ ਦੂਜੇ-ਸਾਥੀਆਂ ਨੇ ਪੁੱਛਿਆ ਮੰਗਲ ਸਿਆਂ ਤੂੰ ਐਨੇ ਚਿਰ ਤੋਂ ਬਾਬਾ ਜੀ ਕੋਲ ਆਉਂਦਾ ਜਾਂਦਾ ਰਹਿੰਦਾ ਹੈ, ਕਦੇ ਕੁਝ ਵੇਖਿਆ ਵੀ ਹੈ, ਅੱਗੋਂ ਮੰਗਲ ਸਿੰਘ ਚੁੱਪ ਹੀ ਰਿਹਾ ਕਿਸੇ ਕੰਮ ਕਰਕੇ ਇਨ੍ਹਾਂ ਨੇ ਭੁੱਚੋ ਮੰਡੀ ਵਿਚੋਂ ਦੀ ਹੀ ਹੋ ਕੇ ਜਾਣਾ ਸੀ। ਸਾਰੇ ਜਾਣੇ ਭੁੱਚੋ ਮੰਡੀ ਪਹੁੰਚ ਗਏ। ਉਥੇ ਇੱਕ ਦੁਕਾਨ ਤੋਂ ਪਤਾਸਿਆਂ ਦਾ ਪ੍ਰਸ਼ਾਦ ਲੈ ਕੇ ਇਨ੍ਹਾਂ ਤਿੰਨਾਂ ਨੇ ਇੱਕ ਸਾਥੀ ਨੂੰ ਫੜਾ ਦਿੱਤਾ ਅਤੇ ਭੁੱਚੋ ਨੂੰ ਤੁਰ ਪਏ। ਜਿਸਨੂੰ ਇਨ੍ਹਾਂ ਨੇ ਪ੍ਰਸ਼ਾਦ ਫੜਾਇਆ ਸੀ। ਰਾਹ ਵਿੱਚ ਉਸਨੇ ਇੱਕ ਦੋ ਪਤਾਸੇ ਮੂੰਹ ਵਿੱਚ ਪਾ ਲਏ ਵੇਖ ਕੇ ਮੰਗਲ ਸਿੰਘ ਨੇ ਕਿਹਾ ਇਹ ਪ੍ਰਸ਼ਾਦ ਤਾਂ ਜੂਠਾ ਹੋ ਗਿਆ ਮਹਾਰਾਜ ਨੇ ਮੰਜ਼ੂਰ ਨਹੀਂ ਕਰਨਾ ਉਸਨੇ ਹੱਸ ਕੇ ਗੱਲ ਟਾਲ ਦਿੱਤੀ ਤੇ ਕਿਹਾ ਮਹਾਰਾਜ ਕਿਹੜਾ ਵੇਖਦੇ ਹਨ। ਖੈਰ ਜਿਸ ਸਮੇਂ ਚਾਰੇ ਡੇਰੇ ਪਹੁੰਚੇ ਸਭ ਨੇ ਨਮਸਕਾਰ ਕੀਤੀ। ਪ੍ਰਸ਼ਾਦ ਰੱਖਣ ਵਾਲੇ ਨੂੰ ਸੰਬੋਧਨ ਕਰਕੇ ਬਚਨ ਕੀਤਾ, "ਬਈ ਤੂੰ ਦੋ ਪਤਾਸੇ ਖਾ ਕੇ ਹੀ ਹਟ ਗਿਆ ਸਾਰੇ ਖਾ ਲੈਂਦਾ ਮਹਾਰਾਜ ਕਿਹੜਾ ਵੇਖਦੇ ਹਨ, ਹੁਣ ਜੂਠਾ ਪ੍ਰਸ਼ਾਦ ਅਸੀਂ ਨਹੀਂ ਲੈਣਾ।" ਉਪਰੰਤ ਪ੍ਰਸ਼ਾਦ ਉਸਨੂੰ ਚੁਕਾ ਦਿੱਤਾ ਫਿਰ ਬਚਨ ਕੀਤਾ, "ਰਾਹ ਵਿੱਚ ਤੁਸੀਂ ਮੰਗਲ ਸਿੰਘ ਨੂੰ ਪੁੱਛਦੇ ਸੀ ਤੂੰ ਸੰਤਾਂ ਕੋਲ ਕੀ ਵੇਖਿਆ ਹੈ, ਹੁਣ ਦੱਸੋ ਹੋਰ ਕੀ ਵਿਖਾਲੀਏ।" ਤਾਂ ਫਿਰ ਸਭ ਨੇ ਮਾਫੀ ਮੰਗੀ ਬਚਨ ਕੀਤਾ, "ਸ਼ੁਧ ਹੈ" ਫਿਰ ਮੰਗਲ ਸਿੰਘ ਨੂੰ ਆਪਣੇ ਪਾਸ ਰੱਖ ਲਿਆ। ਦੂਸਰੇ ਸਾਥੀਆਂ ਨੂੰ

ਆਗਿਆ ਦੇ ਕੇ ਤੋਰ ਦਿੱਤਾ ਤੁਰਨ ਸਮੇਂ ਉਨ੍ਹਾਂ ਨੂੰ ਤਾਕੀਦ ਕੀਤੀ, "ਕਿ ਕਿਸੇ ਸਾਧੂ ਦੀ ਪ੍ਰੀਖਿਆ ਨਹੀਂ ਲੈਣੀ ਚਾਹੀਦੀ।"

*(ਇਹ ਪ੍ਰਸੰਗ ਮੰਗਲ ਸਿੰਘ ਨੇ ਇੱਕ ਵਾਰੀ ਕਲੇਰੀਂ ਆਉਣ ਉੱਤੇ ਸੁਣਾਇਆ ਸੀ।)*

## ਕਬੀਰ ਮਨੁ ਜਾਨੈ ਸਭ ਬਾਤ
## ਜਾਨਤ ਹੀ ਅਉਗਨੁ ਕਰੈ॥

ਇਕ ਕਾਂਗੜ ਨਗਰ ਦਾ ਨੰਬਰਦਾਰ ਬਾਬਾ ਜੀ ਦਾ ਸੇਵਕ ਸੀ। ਆਉਂਦਾ ਅਤੇ ਸੇਵਾ ਵੀ ਕਰਦਾ। ਕਦੇ-ਕਦੇ ਆਗਿਆ ਲੈ ਕੇ ਆਪਣੇ ਘਰ ਚਲਿਆ ਜਾਂਦਾ ਸੀ। ਇੱਕ ਵਾਰ ਬਾਬਾ ਜੀ ਵਾਸਤੇ ਦੁੱਧ ਲੈ ਕੇ ਆ ਰਿਹਾ ਸੀ ਰਸਤੇ ਵਿੱਚ ਇਸਦਾ ਇੱਕ ਮਿੱਤਰ ਮਿਲਿਆ ਪੁੱਛਿਆ ਨੰਬਰਦਾਰਾ ਕਿੱਥੇ ਜਾ ਰਿਹਾ ਹੈ। ਤੇਰੇ ਸਿਰ 'ਤੇ ਕੀ ਚੁੱਕਿਆ ਹੈ ਤੇ ਨੰਬਰਦਾਰ ਨੇ ਕਿਹਾ ਭੁੱਚੋ ਬਾਬਾ ਜੀ ਦੇ ਦਰਸ਼ਨ ਕਰਨ ਜਾ ਰਿਹਾ ਹਾਂ ਅਤੇ ਮੇਰੇ ਸਿਰ ਉੱਤੇ ਦੁੱਧ ਹੈ ਉਥੇ ਲੈ ਜਾ ਰਿਹਾ ਹਾਂ। ਉਸਨੂੰ ਨੰਬਰਦਾਰ ਨੇ ਪੁੱਛਿਆ ਤੂੰ ਕਿੱਥੇ ਜਾ ਰਿਹਾ ਹੈ ਅਤੇ ਤੇਰੀ ਡੱਬ ਵਿੱਚ ਕੀ ਹੈ ਉਸਨੇ ਦੱਸਿਆ ਮੇਰੀ ਡੱਬ ਵਿੱਚ ਸ਼ਰਾਬ ਦੀ ਬੋਤਲ ਹੈ ਅੱਗੋਂ ਨੰਰਬਦਾਰ ਨੇ ਕਿਹਾ ਬਾਈ ਉਥੇ ਸ਼ਰਾਬ ਵਾਲਾ ਬੰਦਾ ਨਹੀਂ ਜਾ ਸਕਦਾ ਤੂੰ ਸ਼ਰਾਬ ਬਾਹਰ ਹੀ ਰੱਖ ਕੇ ਮੇਰੇ ਨਾਲ ਅੱਗੇ ਅੰਦਰ ਜਾਈਂ ਅਤੇ ਹੁਣ ਤੂੰ ਪੀਵੀਂ ਨਾ ਉਸਨੇ ਕਿਹਾ ਕਿ ਨਹੀਂ ਪੀਂਦਾ ਇਹ ਬਾਹਰ ਹੀ ਰੱਖ ਕੇ ਜਾਵਾਂਗਾ ਬਾਬਾ ਜੀ ਦੇ ਅਸਥਾਨ ਦੇ ਨੇੜੇ ਆ ਕੇ ਉਸਨੇ ਬਾਹਰ ਰੱਖਣ ਦੇ ਬਹਾਨੇ ਇੱਕ ਪਾਸੇ ਜਾ ਕੇ ਪ੍ਰੰਤੂ ਬੋਤਲ ਅੱਗੇ ਵਾਂਗੂੰ ਡੱਬ ਵਿੱਚ ਹੀ ਰੱਖੀ ਤੇ ਅੰਦਰ ਨਾਲ ਹੀ ਲੰਘ ਗਿਆ, ਜਾ ਕੇ ਨਮਸਕਾਰ ਕਰਕੇ ਨੰਬਰਦਾਰ ਦੇ ਨਾਲ ਹੀ ਬੈਠ ਗਿਆ ਹਜ਼ੂਰ ਨੇ ਬਚਨ ਕੀਤਾ, "ਨੰਬਰਦਾਰਾ ਤੇਰੇ ਸਾਥੀ ਨੇ ਤੇਰੇ ਨਾਲ ਝੂਠਾ ਬਚਨ ਕੀਤਾ ਹੈ।" ਨੰਬਰਦਾਰ ਨੇ ਪੁੱਛਿਆ ਮਹਾਰਾਜ ਕਿਵੇਂ ਅੱਗੋਂ ਹਜ਼ੂਰ ਨੇ ਬਚਨ ਕੀਤਾ, "ਇਹ ਸ਼ਰਾਬ ਦੀ ਬੋਤਲ ਅੰਦਰ ਨਾਲ ਲੈ ਆਇਆ ਹੈ।" ਨੰਬਰਦਾਰ ਨੇ ਪੁੱਛਿਆ ਤੇ ਉਹ ਮੁੱਕਰ ਗਿਆ ਕਹਿਣ ਲੱਗਾ, ਜੀ ਮੇਰੇ ਕੋਲ ਦੋ ਬੋਤਲਾਂ ਸਨ ਇਕ ਸ਼ਰਾਬ ਵਾਲੀ, ਦੂਜੀ ਪਾਣੀ ਵਾਲੀ। ਸ਼ਰਾਬ ਵਾਲੀ

ਤਾਂ ਮੈਂ ਬਾਹਰ ਰੱਖ ਆਇਆ ਹਾਂ ਇਹ ਤਾਂ ਪਾਣੀ ਵਾਲੀ ਬੋਤਲ ਹੈ, ਹਜ਼ੂਰ ਨੇ ਬਚਨ ਕੀਤਾ, "ਅੱਛਾ ਫਿਰ ਪਾਣੀ ਵਾਲੀ ਹੀ ਹੋਏਗੀ। ਉਪਰੰਤ ਨੰਬਰਦਾਰ ਨਾਲ ਬਾਬਾ ਜੀ ਬਚਨ ਕਰਦੇ ਰਹੇ ਫਿਰ ਨੰਬਰਦਾਰ ਨੇ ਆਗਿਆ ਮੰਗੀ ਆਗਿਆ ਮਿਲ ਗਈ। ਦੋਵੇਂ ਬਾਹਰ ਆਏ ਪਿੱਛੇ ਪਿੰਡ ਨੂੰ ਚੱਲ ਪਏ, ਕੁਝ ਦੂਰ ਰਸਤੇ ਵਿੱਚ ਨਾਲ ਦੇ ਸਾਥੀ ਨੇ ਕਿਹਾ ਨੰਬਰਦਾਰਾ ਤੇਰੇ ਸੰਤਾਂ ਵਿੱਚ ਕੋਈ ਤਾਕਤ ਨਹੀਂ ਨੰਬਰਦਾਰ ਨੇ ਪੁੱਛਿਆ ਤੈਨੂੰ ਕਿਵੇਂ ਪਤਾ ਲੱਗਾ ਤਾਂ ਉਸਨੇ ਸ਼ਰਾਬ ਵਾਲੀ ਸਾਰੀ ਗੱਲ ਦੱਸੀ ਤੇ ਕਿਹਾ ਮੇਰੀ ਡੱਬ ਵਿੱਚ ਸ਼ਰਾਂਬ ਦੀ ਬੋਤਲ ਸੀ। ਮੈਂ ਸੰਤਾਂ ਦੇ ਪੁੱਛਣ ਉੱਤੇ ਕਿਹਾ ਕਿ ਮੇਰੇ ਕੋਲ ਪਾਣੀ ਵਾਲੀ ਬੋਤਲ ਹੈ ਤੇ ਉਹ ਮੰਨ ਗਏ ਜੇ ਸੰਤਾਂ ਕੋਲ ਤਾਕਤ ਹੁੰਦੀ ਤਾਂ ਉਹ ਸ਼ਰਾਬ ਦੀ ਬੋਤਲ ਡੱਬ ਵਿਚੋਂ ਕਢਾ ਕੇ ਮੈਨੂੰ ਝੂਠਾ ਕਰ ਦਿੰਦੇ ਇਉਂ ਕਹਿਕੇ ਉਸਨੇ ਡੱਬ ਵਿਚੋਂ ਸ਼ਰਾਬ ਕੱਢੀ ਤੇ ਵੇਖ ਕੇ ਹੈਰਾਨ ਹੋ ਗਿਆ, ਰੰਗ ਪਾਣੀ ਵਰਗਾ ਸੀ ਜਦੋਂ ਢੱਕਣ ਖੋਲਿਆ, ਸੱਚਮੁੱਚ ਪਾਣੀ ਹੀ ਨਿਕਲਿਆ। ਹੈਰਾਨ ਹੋ ਕੇ ਕਹਿਣ ਲੱਗਾ ਨੰਬਰਦਾਰਾ ਮੈਨੂੰ ਬਖਸ਼ਾ ਕੇ ਲੈ ਆ, ਮੈਂ ਬੜਾ ਪਾਪੀ ਹਾਂ, ਮੈ ਉਨ੍ਹਾਂ ਦੇ ਸਾਹਮਣੇ ਝੂਠ ਬੋਲਿਆ ਫਿਰ ਬਾਹਰ ਆ ਕੇ ਉਨ੍ਹਾਂ ਉੱਤੇ ਸ਼ੰਕਾ ਕੀਤੀ ਉਪਰੰਤ ਨੰਬਰਦਾਰ ਨੇ ਕਿਹਾ ਕਿ ਅੱਜ ਆਪਾਂ ਤੁਰਦੇ-ਤੁਰਦੇ ਦੂਰ ਆ ਚੁੱਕੇ ਹਾਂ ਨਾਲੇ ਇੱਕ ਕੰਮ ਮੇਰਾ ਵੀ ਜ਼ਰੂਰੀ ਹੈ ਮੈਂ ਅੱਗੇ ਪਹੁੰਚਣਾ ਹੈ। ਨੰਬਰਦਾਰ ਆਪਣੇ ਕੰਮ ਅੱਗੇ ਚਲਾ ਗਿਆ। ਪਰ ਉਹ ਵੀ ਨਾਲ ਰਿਹਾ ਬਾਰ-ਬਾਰ ਬਾਬਾ ਜੀ ਕੋਲ ਲੈ ਜਾ ਕੇ ਬਖਸ਼ਾਉਣ ਵਾਸਤੇ ਤਰਲੇ ਕਰਦਾ ਰਿਹਾ। ਇੱਕ ਦਿਨ ਨੰਬਰਦਾਰ ਨੇ ਆਪਣੇ ਨਾਲ ਲੈ ਕੇ ਭੁੱਚੋ ਆਉਣ ਦਾ ਵਿਚਾਰ ਬਣਾ ਹੀ ਲਿਆ। ਆਪਣੇ ਨਿਯਮ ਅਨੁਸਾਰ ਘਰੋਂ ਦੁੱਧ ਲੈ ਕੇ ਬਰਤਨ ਵਿੱਚ ਪਾ ਕੇ ਸਿਰ 'ਤੇ ਚੁੱਕ ਕੇ ਆਪਣੇ ਸਾਥੀ ਨੂੰ ਨਾਲ ਲੈ ਕੇ ਕਾਂਗੜ ਤੋਂ ਚੱਲ ਕੇ ਭੁੱਚੋ ਪਹੁੰਚ ਗਏ। ਦੋਹਾਂ ਨੇ ਨਮਸਕਾਰ ਕੀਤੀ। ਉਸ ਸ਼ਰਾਬ ਵਾਲੇ ਨੇ ਹੱਥ ਜੋੜ ਕੇ ਆਪਣੀ ਗਲਤੀ ਦੀ ਖਿਮਾ ਮੰਗੀ। ਅੱਗੋਂ ਬਾਬਾ ਜੀ ਨੇ ਬਚਨ ਕੀਤਾ, "ਤੈਨੂੰ ਕੋਈ ਕੰਮ ਦੱਸੀਏ ਤੇ ਕਰੇਂਗਾ।" ਉਸਨੇ ਬੇਨਤੀ ਕੀਤੀ ਜੀ ਜ਼ਰੂਰ ਕਰਾਂਗਾ। ਹੁਕਮ ਕਰੋ ਤਾਂ ਹੁਕਮ ਹੋਇਆ, "ਤੂੰ ੧੦੧ ਮਾਲਾ ਪਹਿਲੀ ਪਉੜੀ ਦੀਆਂ ਫੇਰਨੀਆਂ ਹਨ।" ਉਸਨੇ ਕਿਹਾ ਜੀ ਆਪ ਜੀ ਦੱਸੋ ਕਿਵੇਂ ਫੇਰਨੀਆਂ ਹਨ, ਹਜ਼ੂਰ ਨੇ ਮਾਲਾ ਆਪਣੇ ਹੱਥ ਵਿੱਚ ਲੈ ਕੇ ਮੁੱਖ ਤੋਂ ਪਹਿਲੀ ਪਉੜੀ ਪੜ੍ਹ ਕੇ ਸੁਣਾਈ ਤੇ ਬਚਨ

ਕੀਤਾ ਇੰਝ ਕਰਨੀਆਂ ਹਨ। ਨਾਲ ਹੁਕਮ ਕੀਤਾ, "ਅੱਗੇ ਤੋਂ ਸ਼ਰਾਬ ਨਹੀਂ ਪੀਣੀ, ਮਾਸ ਨਹੀਂ ਖਾਣਾ। ਹੋਰ ਜਿਹੜੀਆਂ ਗੁਪਤ ਤੇ ਗਲਤ ਗੱਲਾਂ ਉਸਦੇ ਮਨ ਵਿੱਚ ਵਸੀਆਂ ਸਨ ਅਤੇ ਕਰਦਾ ਸੀ ਸਭ ਜ਼ਾਹਰ ਤੌਰ 'ਤੇ ਦੱਸ ਕੇ ਹੁਕਮ ਕੀਤਾ, ਅੱਗੇ ਤੋਂ ਇਹ ਸਾਰੀਆਂ ਬੰਦ ਕਰਦੇ ਅਤੇ ਫਿਰ ਹੁਕਮ ਕੀਤਾ, "ਬਾਲਿਆ ਇਸ ਦੀ ਸਾਰੀ ਸ਼ਰਾਅ ਕਰਵਾ ਕੇ ਸਾਡੇ ਸਾਹਮਣੇ ਹਾਜ਼ਰ ਕਰੋ।" ਹੁਕਮ ਅਨੁਸਾਰ ਸ਼ਰਾਅ ਕਰਵਾ ਕੇ ਹਜ਼ੂਰੀ ਬਿਠਾ ਕੇ ਹੱਥ ਵਿੱਚ ਮਾਲਾ ਫੜ੍ਹਾ ਕੇ ਸਿਰ ਤੇ ਹੱਥ ਰੱਖ ਕੇ ਪਹਿਲੀ ਪਉੜੀ ਦਾ ਜਾਪ ਕਰਵਾ ਕੇ "**ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆਂ ਬੁਰਿਆਈਆ॥**" ਦੇ ਬਚਨ ਅਨੁਸਾਰ ਹੁਕਮ ਕੀਤਾ, "ਸ਼ੁਧ ਹੈ ਤੇਰੇ ਸਾਰੇ ਗੁਨਾਹ ਬਖਸ਼ੇ।"

*(ਇਹ ਪ੍ਰਸੰਗ ਕਾਂਗੜ ਵਾਲੇ ਨੰਬਰਦਾਰ ਹਰ ਦਿਆਲ ਸਿੰਘ ਤੋਂ ਸੁਣਿਆ)*

## ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ॥

ਇਕ ਬ੍ਰਿਧ ਬ੍ਰਾਹਮਣ ਹੱਥ ਵਿੱਚ ਸੋਟੀ ਫੜਕੇ ਬੜੀ ਮੁਸ਼ਕਿਲ ਨਾਲ ਤੁਰਦਾ-ਤੁਰਦਾ ਭੁੱਚੋ ਪਹੁੰਚਿਆਂ ਪਹਿਰੇਦਾਰ ਰਾਹੀਂ ਆਗਿਆ ਲੈ ਕੇ ਅੰਦਰ ਆਇਆ, ਨਮਸਕਾਰ ਕੀਤੀ। ਸੰਤ ਨਰੈਣ ਸਿੰਘ ਜੀ ਮਹਿਣਿਆਂ ਵਾਲੇ ਪੱਖੇ ਦੀ ਸੇਵਾ ਕਰ ਰਹੇ ਸਨ, ਬੀਬੀ ਜੈ ਕੌਰ ਹੁਕਮ ਅਨੁਸਾਰ ਸੁਖਮਨੀ ਸਾਹਿਬ ਦਾ ਪਾਠ ਸੁਣਾ ਰਹੇ ਸਨ। ਮਹੀਨਾ ਪੋਹ ਦਾ ਅੰਤ ਦੀ ਸਰਦੀ, ਹਜ਼ੂਰ ਦੇ ਤਨ ਉੱਤੇ ਬਸਤਰ ਵੀ ਕੋਈ ਨਹੀਂ, ਬੰਗਾਲੀ ਕੁੜਤਾ ਜੋ ਕਦੇ-ਕਦੇ ਪਹਿਨਦੇ ਸਨ, ਅੱਜ ਉਹ ਵੀ ਸਰੀਰ ਉੱਤੇ ਨਹੀਂ ਸੀ ਉੱਤੋਂ ਪੱਖਾ ਹੋ ਰਿਹਾ ਸੀ। ਇਹ ਉਨ੍ਹਾਂ ਦਿਨਾਂ ਦਾ ਜ਼ਿਕਰ ਹੈ ਜਿੰਨੀ ਦਿਨੀਂ ਅੱਤ ਦੀ ਸਰਦੀ ਵਿੱਚ ਛੱਪੜਾਂ ਦਾ ਪਾਣੀ ਵੀ ਜੰਮ ਗਿਆ ਸੀ, ਬ੍ਰਿਛਾਂ ਦੇ ਪੱਤੇ ਵੀ ਸੁੱਕ ਗਏ ਸਨ, ਸਭ ਕੁਝ ਵੇਖਕੇ ਬ੍ਰਾਹਮਣ ਹੈਰਾਨ ਜਿਹਾ ਹੋ ਗਿਆ ਤੇ ਉਸਨੂੰ ਵੇਖਣ ਸਾਰ ਹੀ ਹਜ਼ੂਰ ਨੇ ਬਚਨ ਕੀਤਾ, "ਜਗਤ ਗੁਰੂ ਤੂੰ ਜਿਸ ਕੰਮ ਲਈ ਆਇਆ ਹੈਂ, ਉਹ ਗੱਲ ਕਰ ਸਾਡੇ ਵੱਲ ਮਨ ਦੀਆਂ ਗਿਣਤੀਆਂ ਛੱਡ ਦੇਹ" ਉਸਨੇ ਸੰਸਕ੍ਰਿਤ ਦੇ ਸਲੋਕ ਪੜ੍ਹੇ ਨਾਲ ਹੱਥ ਜੋੜ ਕੇ ਕੱਪੜੇ ਦੀ ਝੋਲੀ ਅੱਗੇ ਕਰਕੇ ਵਿਛਾ ਦਿੱਤੀ, ਹਜ਼ੂਰ

ਨੇ ਬਚਨ ਕੀਤਾ, "ਕੇਸਰਾ ਇਸਨੂੰ ਕੀ ਕਹੀਏ ਇਸਨੇ ਤਾਂ ਝੋਲੀ ਵਿਛਾ ਦਿੱਤੀ ਹੈ, ਕੇਸਰ ਸਿੰਘ ਨੇ ਬਚਨ ਕੀਤਾ ਮਹਾਰਾਜ ਦੇ ਦਿਓ, ਜੋ ਕੁਝ ਮੰਗਦਾ ਹੈ ਵਿਚਾਰੇ ਦੀ ਭਟਕਣ ਮੁੱਕ ਜਾਵੇ ਬੜੀ ਮੁਸ਼ਕਿਲ ਨਾਲ ਦੂਰ ਤੋਂ ਚੱਲ ਕੇ ਆਇਆ ਹੈ ਤੇ ਰੋ ਵੀ ਰਿਹਾ ਹੈ। ਬਾਬਾ ਜੀ ਨੇ ਬਚਨ ਕੀਤਾ, "ਕੇਸਰਾ ਰੋਂਦਾ ਤਾਂ ਕਈ ਸਾਲਾਂ ਤੋਂ ਫਿਰ ਰਿਹਾ ਹੈ। ਕੇਸਰਾ ਸਿੰਘ ਨੇ ਕਿਹਾ ਮਹਾਰਾਜ ਮੇਹਰ ਕਰੋ ਰੋਂਦਿਆਂ ਨੂੰ ਹਸਾਉਣਾ ਵੀ ਆਪ ਜੀ ਦੇ ਹੱਥ ਹੈ। ਅੱਗੇ ਕੋਈ ਖਾਲੀ ਨਹੀਂ ਮੁੜਿਆ ਇਸਨੂੰ ਵੀ ਖਾਲੀ ਨਹੀਂ ਮੋੜਨਾ। ਬਾਬਾ ਜੀ ਨੇ ਬਚਨ ਕੀਤਾ, "ਪਾਠ ਦਾ ਭੋਗ ਪੈ ਜਾਵੇ ਫੇਰ ਗੱਲ ਕਰਾਂਗੇ।" ਪਾਠ ਦੀ ਸਮਾਪਤੀ ਉਪਰੰਤ ਉਸਨੂੰ ਕੋਲ ਸੱਦ ਕੇ ਹੁਕਮ ਕੀਤਾ, "ਆਪਣੀ ਸਾਧਨਾ ਦਾ ਜਿਵੇਂ-ਜਿਵੇਂ ਬਿਰਤਾਂਤ ਹੋਇਆ ਹੈ ਸੁਣਾਓ। ਹੁਕਮ ਅਨੁਸਾਰ ਉਸ ਬ੍ਰਾਹਮਣ ਨੇ ਸਾਰੀ ਵਿਥਿਆ ਸੁਣਾਈ। ਜੀ 12 ਸਾਲ ਮੈਂ ਫਲ ਫੁਲ ਖਾ ਕੇ ਜੰਗਲ ਵਿੱਚ ਤਪੱਸਿਆ ਕੀਤੀ, ਉਸਤੋਂ ਬਾਅਦ ਆਪਣੇ ਗੁਰੂ ਦੇ ਹੁਕਮ ਅਨੁਸਾਰ ਤੀਰਥ ਯਾਤਰਾ ਕੀਤੀ ? ਵਰਤ ਰੱਖੇ, ਕਦੇ-ਕਦੇ ਕੋਈ ਪ੍ਰਕਾਸ਼ ਦੀ ਝਲਕ ਜਿਹੀ ਵੱਜਦੀ ਹੈ ਉਸ ਵੇਲੇ ਬਿਰਤੀ ਨੂੰ ਇਉਂ ਮਾਲੂਮ ਹੁੰਦਾ ਹੈ, ਜਿਵੇਂ ਪਿੱਛੇ ਨੂੰ ਕੋਈ ਸੁੱਟ ਦਿੰਦਾ ਹੋਵੇ। ਫਿਰ ਸਰੀਰ ਨੂੰ ਥਕਾਵਟ ਨਿਰਬਲਤਾ ਜਿਹੀ ਹੋ ਜਾਂਦੀ ਹੈ। ਕਈ-ਕਈ ਦਿਨ ਉਦਰੇਵਾਂ ਜਿਹਾ ਰਹਿੰਦਾ ਹੈ ਉਸ ਸਮੇਂ ਮਰਿਆ ਨਹੀਂ ਜਾਂਦਾ, ਕਈ ਵਾਰ ਚਿਤ ਕਰਦਾ ਹੈ ਮਰ ਹੀ ਜਾਵਾਂ ਫਿਰ ਚਾਹੁੰਦਿਆਂ ਤੋਂ ਵੀ ਮੌਤ ਨਹੀਂ ਆਉਂਦੀ ਮਰ ਨਹੀਂ ਸਕਦਾ। ਬੜੀ ਤਰਸਯੋਗ ਹਾਲਤ ਹੈ ਮੇਰੀ।

**ਬੇ-ਕਸ ਹੂੰ ਬੇ ਨਵਾ ਹੂੰ ਮੇਰਾ ਮਾਜਰਾ ਅਜੀਬ॥**
**ਮਿਲਤਾ ਨਹੀ ਹੈ ਕੋਈ ਮੇਰੇ ਦਰਦ ਕਾ ਤਬੀਬ॥**
**ਦਰਵਾਜਾ ਤੇਰਾ ਛੋੜ ਕਹਾਂ ਜਾਇ ਯਹਿ ਗਰੀਬ॥**

ਹੁਣ ਮੈਂ ਕਿਤੇ ਜਾਣ ਯੋਗਾ ਨਹੀਂ ਰਿਹਾ, ਆਪ ਜੀ ਅੱਗੇ ਗੁਰੂ ਨਾਨਕ ਦਾ ਵਾਸਤਾ ਪਾ ਕੇ ਬੇਨਤੀ ਕਰਦਾ ਹਾਂ, ਤਰਸ ਕਰੋ ਦੀਨਾ ਨਾਥ। ਬੇਨਤੀ ਸੁਣ ਕੇ ਬਚਨ ਕੀਤਾ, "ਬਈ ਕੇਸਰਾ ਮਿਹਨਤ ਤਾਂ ਬੜੀ ਕੀਤੀ ਹੈ ਚੱਲੋ ਆਪਣਾ ਅਖੀਰਲਾ ਸਮਾਂ ਹੈ ਕੁਝ ਦੇ ਦਿੰਦੇ ਹਾਂ, ਬਾਲਿਆ ਇਸਦਾ ਪਹਿਲਾਂ ਇਸ਼ਨਾਨ ਕਰਾਓ ਫਿਰ ਸ਼ਰਾਅ ਕਰਾਕੇ ਸਾਡੇ ਸਾਹਮਣੇ ਬਿਠਾਓ।" ਹੁਕਮ ਅਨੁਸਾਰ ਸਭ ਕੁਝ ਕਰਾ ਕੇ ਲਿਆ ਚਰਨਾਂ ਵਿੱਚ ਬਿਠਾਇਆ ਤੇ ਬੇਨਤੀ ਕਰ ਦਿੱਤੀ।

ਮਹਾਰਾਜ ਉਹ ਬ੍ਰਾਹਮਣ ਹਾਜ਼ਰ ਹੈ, ਹਜ਼ੂਰ ਨੇ ਬਚਨ ਕੀਤਾ, "ਪੰਡਿਤ ਜੀ ਆਪਣੀ ਬਾਂਹ ਸਾਨੂੰ ਫੜਾ ਦੇ।" ਉਸਨੇ ਬਾਂਹ ਅੱਗੇ ਕਰਕੇ ਕਿਹਾ ਲਓ ਮਹਾਰਾਜ ਫੜ ਲਵੋ ਬਾਂਹ ਫੜ ਕੇ ਬਚਨ ਕੀਤਾ, "ਸਾਡੇ ਵੱਲ ਉੱਤੇ ਨੂੰ ਵੇਖ।" ਉਸ ਨੇ ਉਪਰ ਵੇਖ ਕੇ ਇਉਂ ਅੱਖਾਂ ਬੰਦ ਕਰ ਲਈਆਂ ਜਿਵੇਂ ਸੂਰਜ ਵੱਲ ਵੇਖ ਕੇ ਸਿਰ ਚਕਰਾ ਜਾਂਦਾ ਹੈ। ਇੱਕ ਵਾਰ ਨੀਵੀਂ ਪਾ ਲਈ ਕਿ ਜਿਤਨਾ ਸਮਾਂ ਹਜ਼ੂਰ ਨੇ ਹੱਥ ਫੜੀ ਰੱਖਿਆ ਉਸਨੇ ਧੌਣ ਨੀਵੀਂ ਕਰੀ ਰੱਖੀ ਬਾਬਾ ਜੀ ਨੇ ਉਸਦੀ ਬਾਂਹ ਛੱਡ ਕੇ ਬਚਨ ਕੀਤਾ, "ਬਾਲਿਆ ਇਸਨੂੰ ਫੜ ਕੇ ਸਾਡੇ ਸਾਹਮਣੇ ਕੋਠੀ ਦੇ ਬਰਾਂਡੇ ਵਿੱਚ ਬਿਠਾ ਦੇ। ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਨੇ ਕੋਠੀ ਦੇ ਬਰਾਂਡੇ ਵਿੱਚ ਬਿਠਾ ਦਿੱਤਾ। ਇੱਕ ਦਿਨ ਤੇ ਇੱਕ ਰਾਤ ਇਸੇ ਤਰ੍ਹਾਂ ਹੀ ਬਿਤਾ ਦਿੱਤੀ। ਨਾ ਉਹ ਉਠਿਆ ਨਾ ਕਿਸੇ ਨੇ ਬਾਬਾ ਜੀ ਦੇ ਹੁਕਮ ਬਗ਼ੈਰ ਉਠਾਇਆ। ਫਿਰ ਹੁਕਮ ਕੀਤਾ ਡਰੋਲੀ ਵਾਲੀ ਬੀਬੀ ਜੈ ਕੌਰ ਨੂੰ ਕਹੋ ਕਿ ਇਸਨੂੰ ਪ੍ਰਸ਼ਾਦ ਲਿਆ ਕੇ ਛਕਾਵੇ ਇਸਨੂੰ ਪ੍ਰਸ਼ਾਦ ਛਕਾਉਣ ਵੇਲੇ ਓਅੰ। ਸੋਹੰ ਆਵਾਜ਼ ਦੇਣੀ ਤਾਂ ਇਹ ਬੋਲ ਕੇ ਪ੍ਰਸ਼ਾਦ ਛਕਿਆ ਹੱਥ ਸੁੱਚੇ ਕਰਾ ਕੇ ਹਜ਼ੂਰੀ ਵਿੱਚ ਬੁਲਾ ਕੇ ਬਚਨ ਕੀਤਾ, "ਜਗਤ ਗੁਰੂ ਓਅੰ ਸੋਹੰ ਤੂੰ ਅੱਗੇ ਵੀ ਜਪਦਾ ਸੀ ਤੇ ਹੁਣ ਵੀ ਜਪਦਾ ਹੈਂ ਕੀ ਫਰਕ ਹੈ, ਉਸਨੇ ਬੇਨਤੀ ਦੇ ਰੂਪ ਵਿੱਚ ਹੱਥ ਜੋੜ ਕੇ ਕਿਹਾ ਤੇਰੀਆਂ ਰਮਜ਼ਾਂ ਤੂੰ ਜਾਣੇ ਮੇਰੇ ਭਗਵਾਨ ਓਅੰ ਸੋਹੰ ਜਪਾਉਣ ਵਾਲਾ ਤੂੰ ਹੀ ਹੈਂ, ਜਗਤ ਗੁਰੂ ਵੀ ਤੂੰ ਹੀ ਹੈਂ, ਮੈਂ ਨਹੀਂ।

**ਮੈ ਨਾਹੀ ਪ੍ਰਭ ਸਭ ਕਿਛੁ ਤੇਰਾ॥**

ਤਾਂ ਹੁਕਮ ਕੀਤਾ, "ਜਾਉ ਤੁਸੀਂ ਹੁਣ ਫਿਰ ਤੁਰ ਕੇ ਵਿਚਰੋ" ਫਿਰ ਪੁੱਛਿਆ, "ਜਿਵੇਂ ਅੱਗੇ ਤੇਰੀ ਬਿਰਤੀ ਟੁੱਟਦੀ ਸੀ, ਹੁਣ ਤਾਂ ਨਹੀਂ ਟੁੱਟਦੀ।" ਉਸ ਨੇ ਦੱਸਿਆ ਨਹੀਂ ਮਹਾਰਾਜ, ਹੁਣ ਤਾਂ ਇੱਕ ਰਸ ਹੈ। ਨਾਮ ਸਿਮਰਨ ਸਰਬ ਮੈਂ ਭਗਤ ਲਿਵਧਾਰ, ਤੁਹਾਡੀ ਕ੍ਰਿਪਾ ਹੈ ਬਚਨ ਕੀਤਾ। ਜੇ ਕੋਈ ਤੈਨੂੰ ਗੁਰੂ ਦਾ ਨਾਮ ਪੁੱਛੇ ਤੂੰ ਸਾਡਾ ਨਾਮ ਨਹੀਂ ਲੈਣਾ, ਪਹਿਲੇ ਗੁਰੂ ਦਾ ਨਾਮ ਹੀ ਦੱਸਣਾ ਇਹ ਸਾਡਾ ਹੁਕਮ ਹੈ।

**ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥**

*(ਇਹ ਵਡਿਆਈਆਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀਆਂ)*

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ।)*

# ਕੋਈ ਵਿਰਲਾ ਆਪਨ ਕੀਤ ॥
# ਸੰਗਿ ਚਰਨ ਕਮਲ ਮਨੁ ਸੀਤ ॥

ਮਹਾਂਪੁਰਖ ਦੀ ਮੇਹਰ ਜਨਮਾਂ-ਜਨਮਾਂ ਦੀ ਕਮਾਈ ਕਰਕੇ ਹੀ ਹੁੰਦੀ ਹੈ। ਵੱਡਾ-ਛੋਟਾ, ਅਮੀਰ-ਗਰੀਬ, ਪੜ੍ਹਿਆ-ਅਣਪੜ੍ਹਿਆ, ਚੰਗਾ ਅਤੇ ਮੰਦਾ ਸਭ ਦੁਨਿਆਵੀ ਬੰਦਿਆਂ ਦੀ ਨਿਗਾਹ ਵਿੱਚ ਹੁੰਦੇ ਹਨ। ਮਹਾਂਪੁਰਖ ਦੀ ਮੇਹਰ ਵਰਸਦੇ ਜਲ ਵਾਂਗ ਹੁੰਦੀ ਹੈ। ਜਿੱਥੇ ਵਰਸ ਪਏ ਸਭ ਭਰਮ ਭੇਦ ਮਿਟ ਗਏ। ਇੱਕ ਵਾਰ ਦੋ ਪ੍ਰੇਮੀ, ਨਾਲ ਇਨ੍ਹਾਂ ਦੇ ਦਸ ਕੁ ਸਾਲ ਦੀ ਇੱਕ ਲੜਕੀ ਆਪਣੇ ਪਿਛਲੇ ਸਾਥੀਆਂ ਨੂੰ ਮਿਲਣ ਲਈ ਇੱਥੇ ਠਹਿਰ ਗਏ, ਕਿਉਂਕਿ ਉਨ੍ਹਾਂ ਨਾਲ ਇਕਰਾਰ ਸੀ, ਰੁਮੀ ਵਾਲੇ ਡੇਰੇ ਇਕੱਠੇ ਹੋਣ ਦਾ, ਇਹ ਉਸ ਇਕਰਾਰ ਅਨੁਸਾਰ ਇੱਥੇ ਪਹੁੰਚ ਗਏ ਅਤੇ ਪਿਛਲਿਆਂ ਦੀ ਉਡੀਕ ਕਰਨ ਲੱਗੇ। ਦੋ ਬੰਦੇ ਤਾਂ ਕੁਝ ਪਿੱਛੇ ਹੀ ਰਹੇ। ਇਨ੍ਹਾਂ ਨਾਲ ਜੋ ਲੜਕੀ ਸੀ ਉਹ ਭੱਜ ਕੇ ਬਾਬਾ ਜੀ ਦੇ ਨੇੜੇ ਪਹੁੰਚ ਗਈ ਤੇ ਨਮਸਕਾਰ ਕਰਕੇ ਬੋਲੀ ਮਹਾਰਾਜ ਮੱਥਾ ਟੇਕਦੀ ਹਾਂ। ਬਾਬਾ ਜੀ ਅੱਗੇ ਆਪਣੇ ਹੱਥ ਉੱਤੇ ਹੱਥ ਇਉਂ ਫੇਰ ਰਹੇ ਸਨ ਜਿਵੇਂ ਕੁਝ ਸਾਫ ਕਰੀਦਾ ਹੈ। ਇਸ ਲੜਕੀ ਦੇ ਮੱਥਾ ਟੇਕਣ ਦੀ ਆਵਾਜ਼ ਸੁਣ ਕੇ ਆਪ ਜੀ ਨੇ ਹੱਸ ਕੇ ਬਚਨ ਕੀਤਾ, "ਕੰਨਿਆ ਆ ਗਈ ਹੈਂ। ਅਸੀਂ ਤੈਨੂੰ ਉਡੀਕਦੇ ਸੀ।" ਅੱਗੋਂ ਲੜਕੀ ਨੇ ਆਖਿਆ ਹਾਂ ਮਹਾਰਾਜ। ਫਿਰ ਬਾਬਾ ਜੀ ਨੇ ਪੁੱਛਿਆ, "ਕੰਨਿਆਂ ਤੇਰੇ ਨਾਲ ਕੌਣ ਹੈ ਤੇ ਅੱਗੇ ਕਿੱਥੇ ਜਾ ਰਹੇ ਹੋ ?" ਫਿਰ ਲੜਕੀ ਨੇ ਉਤਰ ਵਿੱਚ ਦੱਸਿਆ ਜੀ ਮੇਰੇ ਨਾਲ ਇੱਕ ਮੇਰਾ ਚਾਚਾ ਤੇ ਉਸਦਾ ਪੁੱਤਰ ਹੈ। ਅਸੀਂ ਭਗਤੇ ਵਿਆਹ ਜਾ ਰਹੇ ਹਾਂ। ਇੱਥੇ ਨਾਲ ਦੇ ਸਾਥ ਦੀ ਉਡੀਕ ਕਰ ਰਹੇ ਹਾਂ। ਉਨ੍ਹਾਂ ਨਾਲ ਇਕਰਾਰ ਐਥੋਂ ਮਿਲਣ ਦਾ ਸੀ। ਇਤਨੇ ਚਿਰ ਲੜਕੀ ਨੂੰ ਬਾਬਾ ਜੀ ਨਾਲ ਗੱਲਾਂ ਕਰਦੀ ਵੇਖ ਕੇ ਇਨ੍ਹਾਂ ਦੋਹਾਂ ਨੇ ਵੀ ਆ ਨਮਸਕਾਰ ਕੀਤੀ। ਤਤਕਾਲ ਹੀ ਹਜ਼ੂਰ ਨੇ ਬਚਨ ਕੀਤਾ, "ਤੁਹਾਡੇ ਨਾਲ ਦੇ ਸਾਥੀ ਤਾਂ ਸੜਕ ਉੱਤੋਂ ਲੰਘੀ ਜਾ ਰਹੇ ਹਨ, ਜਾਉ ਛੇਤੀ ਕਰੋ ਉਨ੍ਹਾਂ

ਨਾਲ ਜਾ ਮਿਲੋ।" ਉਨ੍ਹਾਂ ਵਿਚੋਂ ਇੱਕ ਵੱਡੀ ਉਮਰ ਦਾ ਬਜ਼ੁਰਗ, ਉਹ ਉਠ ਖੜਾ ਹੋਇਆ ਅਤੇ ਮੁੰਡੇ ਅਤੇ ਲੜਕੀ ਨੂੰ ਕਹਿਣ ਲੱਗਾ ਆਓ ਛੇਤੀ ਕਰੋ ਚੱਲੀਏ। ਪ੍ਰੰਤੂ ਲੜਕੀ ਤਾਂ ਇਉਂ ਬਾਬਾ ਜੀ ਕੋਲ ਬੈਠੀ ਜਿਵੇਂ ਚਿਰਾਂ ਤੋਂ ਆਉਂਦੀ ਜਾਂਦੀ ਹੋਵੇ। ਹੁਣ ਨਾ ਜਾਣਾ ਚਾਹੁੰਦੀ ਹੋਵੇ। ਹਜ਼ੂਰ ਨੇ ਹੱਸ ਕੇ ਬਚਨ ਕੀਤਾ, "ਕੰਨਿਆਂ ਜਾਹ ਜਾ ਕੇ ਵਿਆਹ ਵੇਖ ਕੁਝ ਲੱਡੂ ਜਲੇਬੀਆਂ ਸਾਡੇ ਵਾਸਤੇ ਲੈ ਕੇ ਆਈਂ।" ਉਪਰੰਤ ਲੜਕੀ ਚੁੱਪ ਚਾਪ ਉਨ੍ਹਾਂ ਨਾਲ ਤੁਰ ਪਈ। ਜਾਂਦੇ ਸਮੇਂ ਕਈ ਵੇਰ ਪਿੱਛੇ ਮੁੜ-ਮੁੜ ਕੇ ਬਾਬਾ ਜੀ ਵੱਲ ਵੇਖਦੀ ਰਹੀ। ਜਿਵੇਂ ਉਸਦਾ ਮਨ ਹਜ਼ੂਰ ਦੇ ਚਰਨਾਂ ਵਿੱਚ ਲੱਗਿਆ ਹੋਵੇ, ਪਿਆਰ ਪੈ ਗਿਆ ਹੋਵੇ ਪੰਜ ਸੱਤ ਦਿਨ ਬਾਅਦ ਸਭ ਮੁੜਕੇ ਬਾਬਾ ਜੀ ਪਾਸ ਪਹੁੰਚੇ ਉਸ ਸਮੇਂ ਉਹ ਲੜਕੀ ਸਭ ਤੋਂ ਅੱਗੇ ਸੀ ਉਸਦੇ ਕੋਲ ਰੁਮਾਲ ਵਿੱਚ ਬੰਨ੍ਹੇ ਹੋਏ ਲੱਡੂ ਜਲੇਬੀਆਂ ਸਨ। ਭੋਲੇ ਭਾਅ ਬਾਬਾ ਜੀ ਅੱਗੇ ਰੱਖ ਕੇ ਕਹਿਣ ਲੱਗੀ ਲਓ ਜੀ, ਆਪਣੇ ਲੱਡੂ ਜਲੇਬੀਆਂ ਹਜ਼ੂਰ ਬੜੇ ਹੱਸੇ, ਆਪਣੇ ਕੋਲ ਲੱਡੂ ਜਲੇਬੀਆਂ ਦੀ ਪੋਟਲੀ ਰੱਖ ਕੇ ਬਚਨ ਕੀਤਾ, "ਕੰਨਿਆਂ ਤੇਰੀ ਭੇਟਾ ਪ੍ਰਵਾਨ ਹੈ ਦੱਸ ਤੈਨੂੰ ਕੀ ਦੇਈਏ ?" ਉਸਨੇ ਭੋਲੇ ਭਾ ਆਖ ਦਿੱਤਾ ਜੀ ਮੈਨੂੰ ਇੱਕ ਵੀਰ ਦੇ ਦਿਓ। ਹਜ਼ੂਰ ਨੇ ਬਚਨ ਕੀਤਾ, "ਬਾਲਿਆ ਇਸ ਪੋਟਲੀ ਦੀ ਸ਼ਰਾਅ ਕਰਕੇ ਲੱਡੂਆਂ ਦੀ ਗਿਣਤੀ ਕਰੋ।" ਹੁਕਮ ਅਨੁਸਾਰ ਸ਼ਰਾਅ ਕਰਕੇ ਲੱਡੂਆਂ ਦੀ ਗਿਣਤੀ ਕੀਤੀ ਜਿਹੜੇ ਕਿ ਪੰਜ ਸਨ, ਦੱਸਿਆ ਮਹਾਰਾਜ ਲੱਡੂ ਪੰਜ ਹਨ। ਅੱਗੋਂ ਬਚਨ ਕੀਤਾ, "ਕੰਨਿਆਂ ਤੂੰ ਇੱਕ ਮੰਗਿਆ ਪਰ ਹੋਣਗੇ ਪੰਜ ਵੀਰ ਤੇਰੇ ਪਰ ਨਾ ਤੂੰ ਨਾ ਅਸੀਂ ਇਸ ਸੰਸਾਰ ਵਿੱਚ ਹੋਵਾਂਗੇ।" ਉਸ ਸਮੇਂ ਲੜਕੀ ਦੀ ਮਾਂ ਵੀ ਕੋਲ ਬੈਠੀ ਸੀ, ਰੋ ਕੇ ਕਹਿਣ ਲੱਗੀ, "ਮਹਾਰਾਜ ਤੁਸੀਂ ਤੇ ਇਹ ਲੜਕੀ ਕਿੱਥੇ ਜਾਉਗੇ ?" ਹਜ਼ੂਰ ਨੇ ਉੱਤਰ ਦਿੱਤਾ, "ਸਾਡਾ ਸਮਾਂ ਥੋੜਾ ਹੈ, ਇਸ ਕੰਨਿਆਂ ਦੀ ਆਰਜਾ ਵੀ ਘੱਟ ਹੈ। ਉਪਰੰਤ ਦੋਹੀਂ ਪਾਸੀਂ ਚੁੱਪ ਵਰਤ ਗਈ। ਕੁਝ ਸਮੇਂ ਉਪਰੰਤ ਬਚਨ ਕੀਤਾ, "ਹੋਰ ਜੋ ਕੁਝ ਕਿਸੇ ਨੇ ਮੰਗਣਾ ਹੈ ਮੰਗ ਲਵੋ ਇਸ ਕੰਨਿਆਂ ਦੇ ਸਿਦਕ ਨੇ ਸਭ ਨੂੰ ਰੰਗ ਲਾ ਦੇਣੇ ਹਨ।" ਕਿਸੇ ਨੇ ਕੁਝ ਨਹੀਂ ਮੰਗਿਆ ਫਿਰ ਬਚਨ ਕੀਤਾ, "ਬਾਲਿਆ ਇਸ ਕੰਨਿਆਂ ਦੀ ਤੇ ਇਸਦੇ ਮਾਂ ਪਿਉ ਦੀ ਸ਼ਰਾਅ ਕਰਵਾਓ।" ਸ਼ਰਾਅ ਕਰਨ ਉਪਰੰਤ ਉਸ ਕੰਨਿਆਂ ਨੂੰ ਬਚਨ ਕੀਤਾ, "ਕੰਨਿਆ ਤੂੰ ਵਾਹਿਗੁਰੂ-ਵਾਹਿਗੁਰੂ

ਜਪਿਆ ਕਰੇਂਗੀ ?" ਉਸਨੇ ਬਚਨ ਮੰਨ ਕੇ ਹਾਂ ਕਰ ਦਿੱਤੀ। ਜੀ ਜਪਿਆ ਕਰਾਂਗੀ ਇਸ ਸਮੇਂ ਲੜਕੀ ਦੀ ਨਿਗਾਹ ਬਾਬਾ ਜੀ ਦੇ ਚਿਹਰੇ ਉੱਤੇ ਟਿਕੀ ਹੋਈ ਸੀ। ਜਿਵੇਂ ਆਖਿਆ ਹੈ, "ਅਖੀ ਪ੍ਰੇਮ ਕਸਾਈਆ ਹਰਿ ਹਰਿ ਨਾਮੁ ਪਿਖੰਨਿ" ਵਾਲੀ ਹਾਲਤ ਬਣੀ ਹੋਈ ਸੀ, "ਚੰਦ ਚਕੋਰ ਪ੍ਰੀਤ ਹੈ ਲਾਇ ਤਾਰ ਨਿਹਾਲੈ" ਬਚਨ ਕੀਤਾ "ਜਾ ਕੰਨਿਆ ਤੇਰਾ ਜਨਮ ਮਰਨ ਕੱਟਿਆ ਗਿਆ। ਗੁਰਬਾਣੀ ਦਾ ਬਚਨ ਹੈ :

**ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥**

*(ਸੋਰਠਿ ਮ: ੫)*

ਬੜੀ ਦੇਰ ਹੋਈ ਇਹ ਪ੍ਰਸੰਗ ਬਾਬਾ ਈਸ਼ਰ ਸਿੰਘ ਜੀ ਜਿਹੜੇ ਬਾਬਾ ਖੇਮ ਸਿੰਘ ਜੀ ਤੋਂ ਪਹਿਲੇ ਸੇਵਾ ਕਰਾਉਂਦੇ ਸਨ ਇੱਕ ਵਾਰ ਉਨ੍ਹਾਂ ਪਾਸੋਂ ਭੁੱਚੋ ਆਏ ਸੀ ਸੁਣਿਆ ਸੀ।

## ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥

ਇਕ ਵਾਰ ਮਲੂਕੇ ਤੋਂ ਸੰਤ ਸ੍ਰੀ ਰਾਮ ਸਿੰਘ ਜੀ ਦਰਸ਼ਨ ਕਰਨ ਆਏ। ਨਾਲ ਕੁਝ ਸੰਗਤ ਵੀ ਸੀ ਸੰਤ ਸ੍ਰੀ ਰਾਮ ਸਿੰਘ ਜੀ ਦੀ ਸੰਗਤ ਵਿੱਚ ਇੱਕ ਐਸਾ ਪ੍ਰੇਮੀ ਸੀ ਜਿਸਦੇ ਮਨ ਵਿੱਚ ਇੱਥੋਂ ਦੇ ਸੇਵਕ ਹੁਕਮ ਅਨੁਸਾਰ ਕਿਤੇ ਜਾਣਾ ਹੁਕਮ ਲੈ ਕੇ ਜਾਣਾ ਜੇ ਬੈਠਣਾ ਤਾਂ ਵੀ ਹੁਕਮ ਅਨੁਸਾਰ ਜਿੱਥੇ ਅਤੇ ਜਿਸ ਤਰ੍ਹਾਂ ਕਹਿਣ ਓਵੇਂ ਹੀ ਬੈਠਣਾ ਜਾਂ ਪੈਣਾ ਇੱਥੋਂ ਤੱਕ ਕਿ ਕਿਸੇ ਸੇਵਾਦਾਰ ਨੇ ਜੰਗਲ ਪਾਣੀ ਵੀ ਪੁੱਛ ਕੇ ਜਾਣਾ। ਜਿਸ ਪਾਸੇ ਕਹਿਣ ਉਸ ਪਾਸੇ ਹੀ ਜਾਣਾ। ਉਹ ਇਹ ਸਭ ਕੁਝ ਵੇਖ ਕੇ ਹੈਰਾਨ ਹੋਇਆ, ਫਿਰ ਆਪਣੇ ਸਾਥੀ ਹਾਕਮ ਸਿੰਘ ਗਿੱਲ ਨੂੰ ਕਹਿਣ ਲੱਗਾ, ਗਿੱਲਾ ਬਈ ਇਹ ਕੀ ਗੱਲ ਹੋਈ ਸਭ ਕੁਝ ਸੰਤਾਂ ਨੂੰ ਪੁੱਛ ਕੇ ਹੀ ਕਰਨਾ ਇੱਥੋਂ ਤੱਕ ਕਿ ਥੁੱਕਣਾ ਤੇ ਪਿਸ਼ਾਬ ਕਰਨਾ ਇਹ ਵੀ ਸੰਤਾਂ ਨੂੰ ਪੁੱਛ ਕੇ ਇਹ ਤਾਂ ਬੜੀ ਅਣੋਖੀ ਗੱਲ ਹੋਈ। ਜੇ ਕਿਸੇ ਬਾਹਰ ਦੂਰ ਜਾਣਾ ਹੋਵੇ ਤਾਂ ਪੁੱਛੇ, ਫੇਰ ਤਾਂ ਠੀਕ ਹੈ ਨੇੜੇ ਤੋਂ ਨੇੜੇ

ਕੰਮ ਤੇ ਜਾਣਾ ਫਿਰ ਵੀ ਪੁੱਛ ਕੇ ਮੈਨੂੰ ਇਹ ਗੱਲ ਚੰਗੀ ਨਹੀਂ ਲੱਗੀ, ਜੇ ਭਲਾ ਬਗ਼ੈਰ ਪੁੱਛੇ ਕੋਈ ਚਲਾ ਜਾਏ ਫਿਰ ਕੀ ਹੋਵੇਗਾ ? ਅੱਗੋਂ ਹਾਕਮ ਸਿੰਘ ਗਿੱਲ ਨੇ ਆਖਿਆ ਭਰਾਵਾ ਇੱਥੇ ਇਹੋ ਹੀ ਮਰਿਆਦਾ ਹੈ। ਕਿਸੇ ਜ਼ਰੂਰੀ ਕੰਮ ਹਾਕਮ ਸਿੰਘ ਗਿੱਲ ਤੇ ਉਹ ਪ੍ਰੇਮੀ ਬਾਹਰ ਆਏ ਫਿਰ ਹਾਕਮ ਸਿੰਘ ਨੇ ਆਖਿਆ ਆਪਾਂ ਇੱਕ ਵਾਰ ਪੁੱਛ ਕੇ ਬਾਹਰ ਆ ਗਏ ਹਾਂ ਉਹ ਕਹਿਣ ਲੱਗਾ ਤੂੰ ਇੱਥੋਂ ਅੰਦਰ ਚਲਾ ਜਾਹ ਤੇ ਮੈਨੂੰ ਤੁੰਗ ਵਾਲੀ ਕੰਮ ਹੈ ਮੈਂ ਬਿਨਾਂ ਪੁੱਛੇ ਤੋਂ ਜਾਂਦਾ ਹਾਂ ਵੇਖਦਾ ਹਾਂ ਭਲਾ ਕੀ ਹੁੰਦਾ ਹੈ ਹਾਕਮ ਸਿੰਘ ਨੇ ਕਿਹਾ ਭਰਾਵਾਂ ਤੇਰੀ ਮਰਜ਼ੀ ਹੈ ਮੈਂ ਤਾਂ ਨਹੀਂ ਕਹਿੰਦਾ ਕਿ ਤੂੰ ਬਿਨਾਂ ਪੁੱਛੇ ਤੋ ਜਾਹ। ਮਹਾਂਪੁਰਖਾਂ ਦੀ ਰਜ਼ਾ ਤੋਂ ਬਾਹਰ ਕੋਈ ਕੰਮ ਕਰਨਾ ਚੰਗਾ ਨਹੀਂ ਹੁੰਦਾ ਉਹ ਪ੍ਰੇਮੀ ਬੋਲਿਆ ਤੁੰਗ ਵਾਲੀ ਨੇੜੇ ਹੀ ਹੈ ਅੱਗੇ ਮੈਂ ਕਈ ਵਾਰ ਗਿਆ-ਆਇਆ ਹਾ। ਕਿਹੜਾ ਵਿਚਾਲੇ ਦਰਿਆ ਪਾਰ ਕਰਨਾ ਹੈ ਜੋ ਮੁਸ਼ਕਿਲ ਹੋਵੇਗਾ, ਮੈਂ ਨਹੀਂ ਪੁੱਛਦਾ ਇਸ ਤਰ੍ਹਾਂ ਕਹਿ ਕੇ ਉਹ ਪ੍ਰੇਮੀ ਚਲਾ ਗਿਆ। ਹਾਕਮ ਸਿੰਘ ਦੇ ਰੋਕਣ ’ਤੇ ਵੀ ਨਾ ਰੁਕਿਆ ਸਵੇਰੇ ਦਿਨ ਚੜ੍ਹਨ ਦੇ ਸਮੇਂ ਦਾ ਤੁਰਿਆ ਸੂਰਜ ਛਿਪਣ ਦੇ ਸਮੇਂ ਬੜੀ ਬੁਰੀ ਸਰੀਰ ਦੀ ਹਾਲਤ ਭੁੱਖਾ ਤਿਹਾਇਆ ਵਾਪਸ ਆ ਗਿਆ। ਹਾਕਮ ਸਿੰਘ ਨੇ ਪੁੱਛਿਆ ਸੁਣਾ ਕੀ ਹਾਲ ਹੈ। ਉਹ ਬੋਲਿਆ ਗਿੱਲਾ ਜੋ ਮੇਰੀ ਹਾਲਤ ਹੋਈ ਜੋ ਕੁਝ ਮੈਂ ਵੇਖਿਆ ਉਹ ਮੈਨੂੰ ਹੀ ਪਤਾ ਹੈ, ਮੇਰੇ ਵਰਗੀ ਕਿਸੇ ਦੁਸ਼ਮਣ ਨਾਲ ਵੀ ਨਾ ਹੋਵੇ। ਚੱਲ ਮੈਨੂੰ ਮਹਾਰਾਜ ਕੋਲ ਲੈ ਚੱਲ। ਮੈਂ ਆਪਣੀ ਭੁੱਲ ਬਖਸ਼ਾ ਲਵਾਂ। ਅੱਗੇ ਉਸਨੂੰ ਵੇਖਣ ਸਾਰ ਹੀ ਅੰਤਰਜਾਮੀ ਬਾਬਾ ਜੀ ਹੱਸ ਕੇ ਕਹਿਣ ਲੱਗੇ, “ਆ ਬਾਈ ਹਾਕੂ ਗਿੱਲ ਦੇ ਸਾਥੀਆ, ਮੰਡੀ ਤੇ ਤੁੰਗਵਾਲੀ ਦੇ ਵਿਚਾਲੇ ਤੇਰੇ ਨਾਲ ਕੀ ਵਾਪਰੀ ਸੱਚੋ-ਸੱਚ ਸੁਣਾ।” ਫਿਰ ਉਸਨੇ ਹੁਕਮ ਅਨੁਸਾਰ ਜੋ ਵਰਿਤਆ ਸੀ, ਸੁਣਾਇਆ। ਮਹਾਰਾਜ ਮੈਂ ਇੱਥੋਂ ਮੰਡੀ ਤੱਕ ਤਾਂ ਬੜੇ ਆਰਾਮ ਨਾਲ ਗਿਆ। ਅੱਗੇ ਲੰਘਣ ਸਾਰ ਹੀ ਮੈਨੂੰ ਨਹੀਂ ਪਤਾ ਹਨੇਰੀ ਕਿਸ ਪਾਸੇ ਤੋਂ ਆਈ। ਹਨੇਰੀ ਆਉਂਦੀ ਵੀ ਹੈ ਤੇ ਥੋੜ੍ਹੀ ਬਹੁਤੀ ਦਿਸਦੀ ਵੀ ਦੂਰ ਤੋਂ ਹੈ ਪਤਾ ਲੱਗ ਜਾਂਦਾ ਹੈ। ਜੇ ਦਿੱਸਦੀ ਤਾਂ ਮੈਂ ਮੰਡੀ ਵਿੱਚ ਖੜ੍ਹ ਜਾਂਦਾ। ਪਰ ਸਭ ਕੁਝ ਇਸਦੇ ਉਲਟ ਹੀ ਹੋਇਆ। ਇਸਤੋਂ ਅੱਗੇ ਬੜੀ ਔਖਿਆਈ ਨਾਲ ਦੱਸ ਕੁ ਕਰਮਾਂ ਗਿਆ ਹੋਵਾਂਗਾ, ਜ਼ੋਰ ਦੀ ਹਨੇਰੀ

ਸੀ ਮੈਂ ਅੱਗੇ ਕਦਮ ਰੱਖਦਾ, ਪਰ ਪਿੱਛੇ ਟਿਕਦਾ ਪਿੱਛੇ। ਮੇਰੇ ਪੈਰ ਨਿਕਲ ਗਏ ਮੈਂ ਡਿੱਗ ਪਿਆ। ਇਉਂ ਉੱਠਦਾ ਤੇ ਡਿਗਦਾ ਮੈਂ ਕੁਝ ਹੋਰ ਵੀਹ ਕੁ ਕਦਮ ਗਿਆ ਹੋਵਾਂਗਾ। ਫਿਰ ਭੇਡਾਂ ਬੱਕਰੀਆਂ ਤੇ ਗਧੀਆਂ ਜਿਨ੍ਹਾਂ ਉੱਤੇ ਬੁੜੀਆਂ ਬੈਠੀਆਂ ਗੱਲਾਂ ਕਰਦੀਆਂ ਹੱਸਦੀਆਂ ਸੁਣਦੀਆਂ ਸਨ। ਮਗਰ-ਮਗਰ ਆਦਮੀ ਵੀ ਬਹੁਤ ਤੁਰੇ ਜਾਂਦੇ ਸਨ। ਮੈਂ ਇੱਕ ਪਾਸੇ ਹੋ ਕੇ ਖੜ੍ਹਾ ਹੋ ਗਿਆ ਅਖੀਰ ਨੂੰ ਥੱਕ ਕੇ ਮੈਂ ਤਾਂ ਸਾਰਾ ਸਮਾਂ ਉਥੇ ਬੈਠ ਕੇ ਲੰਘਾਇਆ ਭੇਡਾਂ ਬੱਕਰੀਆਂ ਇੱਕ ਪਾਸੇ ਨੂੰ ਲੰਘੀ ਗਈਆਂ ਪਤਾ ਨਹੀਂ ਉਹ ਕੀ ਬਲਾਵਾਂ ਸਨ। ਮੈਂ ਤਾਂ ਅੱਜ ਤੱਕ ਨਾ ਐਡੀ ਹਨੇਰੀ ਤੇ ਨਾ ਐਸੀਂਆਂ ਭੇਡਾਂ-ਬੱਕਰੀਆਂ ਵੇਖੀਆਂ ਹਨ। ਸਾਰੀ ਉਮਰ ਲੰਘ ਗਈ ਪਰ ਇਹ ਸਭ ਕੁਝ ਅਨੋਖਾ ਹੀ ਦੇਖਿਆ ਅਖੀਰ ਨੂੰ ਮੈਂ ਡਰੇ ਹੋਏ ਨੇ ਉਥੇ ਮਨ ਵਿੱਚ ਹੀ ਆਪਣੀ ਗਲਤੀ ਮੰਨੀ ਤੇ ਫਿਰ ਹਨੇਰੀ ਵੀ ਬੰਦ ਤੇ ਬੱਕਰੀਆਂ ਸਭ ਕੁਝ ਦਿਸਣੋ ਬੰਦ ਹੋ ਗਿਆ ਤੇ ਜਾਂ ਉਥੇ ਮੈਂ ਕੱਲ੍ਹਾ ਤੇ ਥੋੜਾ ਜਿਹਾ ਸੂਰਜ ਖੜਾ ਸੀ ਤੇ ਮਨ ਮੇਰਾ ਬਹੁਤ ਡਰਿਆ ਹੋਣ ਕਰਕੇ ਅੱਗੇ ਨਹੀਂ ਜਾ ਸਕਿਆ। ਪਿੱਛੇ ਨੂੰ ਤੁਹਾਡੇ ਚਰਨਾਂ ਵਿੱਚ ਡੇਰੇ ਕੇ ਪਹੁੰਚ ਗਿਆ। ਕ੍ਰਿਪਾ ਕਰੋ ਮੈਥੋਂ ਬਹੁਤ ਭੁੱਲ ਹੋਈ ਮੇਰੀ ਭੁੱਲ ਬਖਸ਼ ਦਿਓ। ਮੈਨੂੰ ਹੁਣ ਬਹੁਤ ਡਰ ਲੱਗ ਰਿਹਾ ਹੈ। ਬਾਬਾ ਜੀ ਨੇ ਬਚਨ ਕੀਤਾ, "ਤੂੰ ਡਰ ਨਾ" ਇਤਨਾ ਕੁ ਤੂੰ ਵੇਖ ਕੇ ਹੀ ਮੰਨਣਾ ਸੀ 'ਸ਼ੁੱਧ ਹੈ' ਜਾਹ ਜਾ ਕੇ ਲੰਗਰ ਤਿਆਰ ਹੈ, ਅੰਨ ਪਾਣੀ ਛੱਕ। ਇਸਨੂੰ ਅੰਨ ਪਾਣੀ ਛਕਾਓ ਫਿਰ ਹਾਕਮ ਸਿੰਘ ਗਿੱਲ ਨੇ ਹੁਕਮ ਅਨੁਸਾਰ ਉਸਨੂੰ ਨਾਲ ਲੈ ਜਾ ਕੇ ਅੰਨ ਪਾਣੀ ਛਕਾਇਆ ਤੇ ਫਿਰ ਰਾਤ ਸਾਰੀ ਉਥੇ ਬਿਤਾਈ ਜਿਵੇਂ ਬਾਬਾ ਜੀ ਨੇ ਪੈਣ ਸੌਣ ਦਾ ਹੁਕਮ ਕੀਤਾ ਤੇ ਇਸ ਪ੍ਰੇਮੀ ਨੇ ਉਸੇ ਤਰ੍ਹਾਂ ਹੀ ਪੈ ਕੇ ਰਾਤ ਕੱਟੀ ਦਿਨ ਚੜ੍ਹਿਆ ਤਾਂ ਸਭ ਉੱਠੇ ਤੇ ਨਾਲ ਵਾਲੇ ਛੱਪੜ ਜਿਸਨੂੰ ਹਜ਼ੂਰ ਤਲਾਅ ਕਹਿੰਦੇ ਸਨ, ਮੂੰਹ ਹੱਥ ਧੋਤਾ। ਉਪਰੰਤ ਬਾਬਾ ਜੀ ਪਾਸ ਪਹੁੰਚ ਕੇ ਆਗਿਆ ਮੰਗੀ। ਹਜ਼ੂਰ ਨੇ ਪੁੱਛਿਆ, "ਕਿੱਥੇ ਜਾਣਾ ਹੈ ?" ਇਸਨੇ ਅਤੇ ਹਾਕਮ ਸਿੰਘ ਗਿੱਲ ਨੇ ਦੱਸਿਆ ਜੀ ਮਲੂਕੇ ਜਾਵਾਂਗੇ। ਅੱਗੋਂ ਹਜ਼ੂਰ ਨੇ ਹੱਸ ਕੇ ਬਚਨ ਕੀਤਾ, "ਕਿਉਂ, ਤੁੰਗ ਵਾਲੀ ਨਹੀਂ ਜਾਣਾ ?" ਇਸਨੇ ਕਿਹਾ ਜੇ ਹੁਕਮ ਕਰੋ ਤਾਂ ਜਾਵਾਂਗੇ, ਚਿੱਤ ਤਾਂ ਕਰਦਾ ਹੈ ਕਿ ਭੈਣ ਨੂੰ ਮਿਲ ਆਵਾਂ।

ਹਜ਼ੂਰ ਨੇ ਬਚਨ ਕੀਤਾ, "ਹਾਂ ਬਾਈ ਨੇੜੇ ਆਇਆ ਹੈਂ ਭੈਣ ਨੂੰ ਜ਼ਰੂਰ ਮਿਲਣਾ ਹੈ।" ਖੁਸ਼ੀ ਵਿੱਚ ਬੈਠੇ ਵੇਖ ਕੇ ਉਸਨੇ ਬੇਨਤੀ ਕੀਤੀ ਮਹਾਰਾਜ ਕੱਲ ਵਾਲੀ ਗੱਲ ਕੀ ਸੀ ਬਾਬਾ ਜੀ ਨੇ ਬਚਨ ਕੀਤਾ, "ਕੱਲ ਵਾਲੀ ਹਨੇਰੀ ਵਿੱਚ ਕਲਜੋਗਣਾ ਆਪੋ ਆਪਣੀਆਂ ਪੱਖੀਆਂ ਲੈ ਕੇ ਜਾ ਰਹੀਆਂ ਸਨ। ਜੇ ਤੂੰ ਆਗਿਆ ਲੈ ਕੇ ਜਾਂਦਾ ਤਾਂ ਤੈਨੂੰ ਉਸ ਸਮੇਂ ਨਾ ਤੁਰਨ ਦਿੰਦੇ। ਉਹ ਕਲਜੋਗਣਾ ਸਾਡੇ ਪਾਸੋਂ ਆਗਿਆ ਲੈ ਕੇ ਕਿਤੇ ਹੋਰ ਚਲੀਆਂ ਗਈਆਂ ਹਨ। ਤੂੰ ਹੁਣ ਡਰੀਂ ਨਾ ਤੁਰਨ ਲੱਗਿਆ ਨੂੰ ਬਾਬਾ ਜੀ ਨੇ ਹੁਕਮ ਕੀਤਾ, "ਤੁਸੀਂ ਜਾਂਦੇ ਸਾਰ ਹੀ ਮੰਗਲ ਸਿੰਘ ਨੂੰ ਸਾਡੇ ਵੱਲ ਘੱਲ ਦਿਉ। ਇਨ੍ਹਾਂ ਨੇ ਸਤਿ ਬਚਨ ਕੀਤਾ। ਉਪਰੰਤ ਹੁਕਮ ਅਨੁਸਾਰ ਤੁੰਗਵਾਲੀ ਚਲਿਆ ਗਿਆ, ਹਾਕਮ ਸਿੰਘ ਗਿੱਲ ਵੀ ਇਸਦੇ ਨਾਲ ਹੀ ਗਿਆ।

*(ਇਹ ਪ੍ਰਸੰਗ ਰਤਨ ਸਿੰਘ ਢਿੱਲੋਂ ਨੇ ਹਾਕਮ ਸਿੰਘ ਗਿੱਲ ਤੋਂ ਸੁਣਾਇਆ ਤੇ ਲਿਖਾਇਆ।)*

## ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ॥

ਹੁਕਮ ਅਨੁਸਾਰ ਹਾਕਮ ਸਿੰਘ ਗਿੱਲ ਅਤੇ ਦੂਸਰਾ ਪ੍ਰੇਮੀ ਤੁੰਗ ਵਾਲੀ ਨਗਰ ਪਹੁੰਚੇ। ਮੰਗਲ ਸਿੰਘ ਨੂੰ ਬਾਬਾ ਜੀ ਦਾ ਸੁਨੇਹਾ ਦੇ ਕੇ ਕਿਹਾ ਤੂੰ ਹੁਣੇ ਹੀ ਭੁੱਚੋ ਪਹੁੰਚ ਤੈਨੂੰ ਬਾਬਾ ਜੀ ਨੇ ਯਾਦ ਕੀਤਾ ਹੈ। ਉਪਰੰਤ ਉਹ ਪ੍ਰੇਮੀ ਤੇ ਹਾਕਮ ਸਿੰਘ ਗਿੱਲ ਉਸਦੀ ਭੈਣ ਦੇ ਘਰ ਪਹੁੰਚੇ ਸੁੱਖ ਅਨੰਦ ਪੁੱਛੀ। ਉਪਰੰਤ ਬੀਬੀ ਨੇ ਪੁੱਛਿਆ ਬਾਈ ਤੇਰਾ ਇਕਰਾਰ ਤਾਂ ਕੱਲ ਆਉਣ ਦਾ ਸੀ ਤੇ ਕੱਲ ਕਿਉਂ ਨਹੀਂ ਆ ਸਕਿਆ ? ਸੁੱਖ ਤਾਂ ਹੈ ਤਾਂ ਉਸਨੇ ਕੱਲ ਵਾਲੀ ਆਪ ਬੀਤੀ ਸਾਰੀ ਵਿੱਥਿਆ ਸੁਣਾਈ ਤੇ ਦੱਸਿਆ, ਭੈਣ ਮੇਰੇ ਨਾਲ ਤਾਂ ਕੱਲ ਇਹ ਕੁਝ ਵਾਪਰਿਆ। ਇਹ ਭਾਣਾ ਵਰਤਿਆ ਉਹ ਅਤੇ ਉਸਦਾ ਪਤੀ ਕਹਿਣ ਲੱਗਾ ਕੱਲ ਤਾਂ ਹਨੇਰੀ ਆਈ ਹੀ ਨਹੀਂ। ਜੇ ਤੂੰ ਨਹੀਂ ਆ ਸਕਿਆ ਤਾਂ ਨਾ ਸਹੀ, ਪਰ ਝੂਠ ਤਾਂ ਨਾ ਬੋਲ। ਹਨੇਰੀ ਹਟੀ ਤੋਂ ਤੂੰ ਅੱਗੇ ਆ ਜਾਂਦਾ। ਰਾਹ ਵਿਚੋਂ ਪਿੱਛੇ ਕਿਉਂ ਮੁੜਿਆ ਉਸਨੇ ਦੱਸਿਆ ਮੈਂ ਝੂਠ ਨਹੀਂ ਬੋਲਦਾ ਮੈਂ

ਅੱਗੇ ਆਉਣਾ ਹੀ ਭੁੱਲ ਗਿਆ। ਕੱਲ ਮੈਂ ਰੂੰਮੀ  ਵਾਲੇ ਸੰਤਾਂ ਦੇ ਡੇਰੇ ਤੋਂ ਤੁਰਿਆ ਹੀ ਏਥੇ ਆਉਣ ਲਈ ਸੀ ਕਿ ਮਜਬੂਰੀ ਵਿੱਚ ਡਰਦੇ ਹੋਏ ਨੂੰ ਪਿੱਛੇ ਮੁੜਨਾ ਪਿਆ। ਉਸਦੀ ਭੈਣ ਨੇ ਦੱਸਿਆ ਬਾਈ ਹਨੇਰੀ ਤਾਂ ਕੱਲ ਆਈ ਹੀ ਨਹੀਂ। ਸਾਰੇ ਪਿੰਡ ਵਿਚੋਂ ਜਿੱਥੇ ਜੀ ਕਰੇ ਪੁੱਛ ਲੈ ਪਰ ਜਿਹੜੀ ਰੂੰਮੀ  ਵਾਲੇ ਮਹਾਰਾਜ ਦੀ ਤੂੰ ਗੱਲ ਕਰਦਾ ਹੈ ਉਹ ਮੈਂ ਮੰਨ ਸਕਦੀ ਹਾਂ। ਉਹ ਜੋ ਚਾਹੁਣ ਕਰ-ਕਰਾ ਸਕਦੇ ਹਨ। ਪਰ ਵੀਰ ਉਨ੍ਹਾਂ ਦੇ ਹੁਕਮ ਬਗ਼ੈਰ ਕੱਲ ਇੱਥੇ ਕਿਵੇਂ ਆ ਸਕਦੇ ਸੀ। ਉਨ੍ਹਾਂ ਦੇ ਹੁਕਮ ਮੰਨਣ ਵਾਲੇ ਸੇਵਕ ਬੜੇ ਸ਼ਰਧਾਲੂ ਹਨ, ਬੜੇ ਪੱਕੇ ਹਨ। ਉਹ ਸੇਵਕਾਂ ਨੂੰ ਕਹਿ ਦੇਣ ਕਿਸੇ ਦੀ ਹਿੰਮਤ ਹੈ ਹੁਕਮ ਮੋੜੇ। ਤੂੰ ਚੰਗਾ ਕੀਤਾ ਜਾ ਕੇ ਮਾਫੀ ਮੰਗ ਲਈ ਇਸਦੀਆਂ ਗੱਲਾਂ ਦੀ ਹਾਕਮ ਸਿੰਘ ਗਿੱਲ ਨੇ ਹਾਮੀ ਭਰੀ ਤੇ ਦੱਸਿਆ ਉਸ ਨਾਲ ਇਸ ਤਰ੍ਹਾਂ ਹੀ ਹੋਈ ਹੈ। ਇਸ ਹਾਕਮ ਸਿੰਘ ਗਿੱਲ ਨੂੰ ਬਾਬਾ ਜੀ ਰਾਵਣ ਦਾ ਪੁੱਤਰ ਮੇਘ ਨਾਥ ਦੱਸਦੇ ਹੁੰਦੇ ਸਨ। ਇਹ ਉਦੋਂ ਸਾਡੇ ਮੁਕਾਬਲੇ ਉੱਤੇ ਹੋ ਕੇ ਲੜਿਆ ਸੀ ਤੇ ਸਵਾਲ ਜਵਾਬ ਹੁਣ ਵੀ ਬੜੇ ਕਰਦਾ ਹੈ। ਸਮਝਾਏ ਤੋਂ ਵੀ ਨਹੀਂ ਹਟਦਾ। ਸੁਭਾਅ ਇਸਦਾ ਉਹੀ ਹੈ। ਉਪਰੰਤ ਇਸਦੀ ਭੈਣ ਨੇ ਦੱਸਿਆ ਕਿ ਵੀਰਾ ਤੈਨੂੰ ਪਤਾ ਹੈ ਵੀਹ ਸਾਲ ਹੋਏ ਮੈਨੂੰ ਇੱਕ ਪੁੱਤ ਦੀ ਭੁੱਖ ਹੈ ਜੇ ਰੱਬ ਖੈਰ ਪਾਵੇ ਤੂੰ ਮੈਨੂੰ ਵੀ ਰੂੰਮੀ ਲੈ ਚੱਲ। ਸਵੇਰੇ ਆਉਣ ਦੀ ਪੱਕੀ ਧਾਰ ਕੇ ਰਾਤ ਨੂੰ ਆਰਾਮ ਕੀਤਾ।

*(ਇਹ ਪ੍ਰਸੰਗ ਰਤਨ ਸਿੰਘ ਢਿੱਲੋਂ ਨੇ ਹਾਕਮ ਸਿੰਘ ਤੋਂਟ ਸੁਣਿਆ ਤੇ ਲਿਖਾਇਆ।)*

## ਗੁਝੀ ਛੰਨੀ ਨਾਹੀ ਬਾਤ ॥
## ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥

ਬਾਬਾ ਜੀ ਬਚਨ ਕਰਦੇ ਹੁੰਦੇ ਸਨ "ਸਾਡੇ ਕੋਲ ਉਹ ਆਏਗਾ ਜਿਸਦਾ ਸਾਡੇ ਨਾਲ ਪਿਛਲਾ ਸੰਬੰਧ ਹੈ। ਜਿਸ ਨੇ ਸਾਡੇ ਕੋਲ ਕਿਸੇ ਸਮੇਂ ਸੇਵਾ ਸਿਮਰਨ ਦੀ ਘਾਲਣਾ ਕੀਤੀ ਹੈ। ਉਸਨੇ ਹੀ ਸਾਡਾ ਬਚਨ ਮੰਨਣਾ ਹੈ। ਸਾਥੋਂ ਕੁਝ ਲੈਣ ਦਾ ਹੱਕਦਾਰ ਵੀ ਉਹੀ ਹੁੰਦਾ ਹੈ, ਦੂਜਾ ਆ ਹੀ ਨਹੀਂ ਸਕਦਾ। ਜੇ

ਆਏਗਾ ਤਾਂ ਖਾਲੀ ਮੁੜ ਜਾਏਗਾ। ਹੁਣ ਬੈਠੇ ਹਾਂ ਇਸ ਪਿੰਡ ਵਿਚੋਂ ਵੀ ਕੋਈ ਵਿਰਲਾ ਹੀ ਆਉਂਦਾ ਹੈ। ਪਿੱਛੋਂ ਆ ਕੇ ਨੱਕ ਰਗੜਿਆਂ ਕਰਨਗੇ। ਜਿਸ ਨਾਲ ਪਿਛਲਾ ਸੰਬੰਧ ਹੈ ਥੋੜੀ ਜਿਹੀ ਸਾਡੀ ਸ੍ਰੋਤ ਸੁਣ ਤੇ ਭੱਜ ਕੇ ਇੱਥੇ ਪਹੁੰਚ ਜਾਂਦਾ ਹੈ। ਇਸੇ ਤਰ੍ਹਾਂ ਤੁੰਗ ਵਾਲੀ ਵਿੱਚ ਇਸ ਲੜਕੀ ਨੇ ਬਾਬਾ ਜੀ ਕੋਲ ਜਾ ਕੇ ਆਪਣੀ ਮੁਰਾਦ ਪੂਰੀ ਹੋਣ ਦਾ ਨਿਸਚਾ ਕਰ ਲਿਆ। ਸਮਝ ਗਈ ਠੀਕ ਉਥੋਂ ਹੀ ਮੇਰੀ ਝੋਲੀ ਭਰ ਸਕਦੀ ਹੈ। ਮਨ ਨੂੰ ਇੱਕ ਤਰ੍ਹਾਂ ਐਸੀ ਖੁਸ਼ੀ ਹੋਈ ਜਿਵੇਂ ਮਾਨੋਂ ਸਭ ਕੁਝ ਮਿਲ ਹੀ ਗਿਆ ਹੋਵੇ। ਰਾਤ ਬਤੀਤ ਹੋਣ ਉਪਰੰਤ ਦਿਨ ਚੜ੍ਹਿਆ ਇਹ ਤਿੰਨੇ ਹਾਕਮ ਸਿੰਘ ਗਿੱਲ ਅਤੇ ਇਹ ਲੜਕੀ ਤੀਸਰਾ ਉਸਦਾ ਭਾਈ ਭੁੱਚੋ ਵਾਲੇ ਚੱਲ ਪਏ। ਰਸਤੇ ਵਿੱਚ ਬਾਬਾ ਜੀ ਦੀਆਂ ਸਿਫਤਾਂ ਕਰਦੇ ਹੋਏ ਤੁਰਦੇ-ਤੁਰਦੇ ਭੁੱਚੋ ਪਹੁੰਚ ਗਏ। ਹਜ਼ੂਰੀ ਵਿੱਚ ਪਹੁੰਚ ਕੇ ਚਰਨਾਂ ’ਤੇ ਨਮਸਕਾਰ ਕੀਤੀ। ਨਿਯਮ ਅਨੁਸਾਰ ਆਪਣੇ ਨਾਮ ਲਿਖਵਾਏ। ਉਪਰੰਤ ਬਾਬਾ ਜੀ ਨੇ ਉਸ ਲੜਕੀ ਨੂੰ ਪੁੱਛਿਆ, “ਦੇਵੀ ਤੇਰਾ ਪ੍ਰਸ਼ਨ ਕੀ ਹੈ ?” ਉੱਤਰ ਵਿੱਚ ਲੜਕੀ ਨੇ ਪੁੱਤਰ ਦੀ ਮੰਗ ਕੀਤੀ। ਹਜ਼ੂਰ ਨੇ ਬਚਨ ਕੀਤਾ, “ਆਪਣੀ ਸ਼ਰਾਅ ਕਰਾਓ।” ਨੀਲਾ ਸਿੰਘ ਨੇ ਹੁਕਮ ਅਨੁਸਾਰ ਸਭ ਮਰਿਆਦਾ ਕਰਾਈ। ਬੇਨਤੀ ਕਰਨ ਉਪਰੰਤ ਬਚਨ ਕੀਤਾ “ਸ਼ੁਧ ਹੈ” ਦੇਵੀ ਪਹਿਲੀ ਵੇਰ ਹੀ ਆਈ ਜੋ ਮੰਗਿਆ ਸੋ ਲੈ ਗਈ, 3 ਵਾਰ ਇਹ ਬਚਨ ਕੀਤਾ ਨਾਲ ਹੱਸਦੇ ਰਹੇ ਖੁਸ਼ੀਆਂ ਬਖਸ਼ ਕੇ ਲੱਡੂਆਂ ਦਾ ਪ੍ਰਸ਼ਾਦ ਦੇ ਕੇ ਘਰ ਨੂੰ ਵਿਦਾਅ ਕਰਨ ਸਮੇਂ ਉਸ ਲੜਕੀ ਨੂੰ ਬਚਨ ਕੀਤਾ, “ਦੇਵੀ ਇਸ ਤੋਂ ਬਾਅਦ ਜੋ ਕੁਝ ਕਰਾਉਣਾ ਹੋਵੇ ਮਲੂਕੇ ਸ੍ਰੀ ਰਾਮ ਸਿੰਘ ਕੋਲ ਪਹੁੰਚਣਾ ਉਹ ਕਰਨਗੇ।” ਇਹ ਵੀ ਇੱਕ ਕੁਦਰਤੀ ਅੱਗੋਂ ਤੋਂ ਸੰਗਤ ਕਰਨ ਦਾ ਇਸ਼ਾਰਾ ਸੀ। ਸੋ ਸਮਝਾ ਦਿੱਤਾ ਗਿਆ।

*(ਬਚਨ ਨੰਬਰ ੨੧-੨੨-੨੩ ਹਾਕਮ ਸਿੰਘ ਗਿੱਲ ਤੋਂ ਰਤਨ ਸਿੰਘ ਢਿੱਲੋਂ ਮਲੂਕੇ ਨਿਵਾਸੀ ਨੇ ਸੁਣੇ ਤੇ ਲਿਖਵਾਏ।)*

## ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥

ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਇੱਕ ਮਲੂਕੇ ਦਾ ਪ੍ਰੇਮੀ ਜਿਸਦਾ ਨਾਮ ਗੁਰਮੁਖ ਸਿੰਘ ਸੀ। ਚੰਗਾ ਸਿਦਕ ਭਰੋਸੇ ਵਾਲਾ ਬੰਦਾ, ਸੇਵਾ ਕਰਨ ਵਿੱਚ ਤਤਪਰ ਰਹਿੰਦਾ ਸੀ। ਜਿਸ ਵਕਤ ਸ੍ਰੀ ਰਾਮ ਸਿੰਘ ਜੀ ਹੁਕਮ ਅਨੁਸਾਰ ਮਲੂਕੇ ਚਲੇ ਗਏ, ਮਲੂਕੇ ਤੋਂ ਸ੍ਰੀ ਰਾਮ ਸਿੰਘ ਜੀ ਨੇ ਜੋ ਸੇਵਾ ਬਾਬਾ ਜੀ ਦੀ ਭੇਜਦੇ ਸਨ, ਉਥੋਂ ਤਿਆਰ ਕੀਤੀ ਕੋਈ ਚੀਜ਼ ਮਲੂਕੇ ਤੋਂ ਲੈ ਕੇ ਭੁੱਚੋ ਪਹੁੰਚਦੇ ਸਨ। ਕਿਉਂਕਿ ਬਾਬਾ ਜੀ ਦਾ ਸ੍ਰੀ ਰਾਮ ਸਿੰਘ ਜੀ ਨੂੰ ਹੁਕਮ ਸੀ ਮਲੂਕੇ ਤੋਂ ਬਰਫੀ ਜਾਂ ਪੇਠੇ ਦੀ ਮਠਿਆਈ ਤਿਆਰ ਕਰਕੇ ਰੋਜ਼ ਦੀ ਰੋਜ਼ ਭੁੱਚੋ ਭੇਜਣੀ ਪੈਂਦੀ ਸੀ। ਉਹ ਤਿਆਰ ਕੀਤੀ ਵਸਤੂ ਬਾਬਾ ਜੀ ਪਾਸ ਪਹੁੰਚਾਉਣੀ। ਜਿਨ੍ਹਾਂ-ਜਿਨ੍ਹਾਂ ਦੀ ਜ਼ੁੰਮੇਵਾਰੀ ਹੁੰਦੀ ਉਨ੍ਹਾਂ ਵਿਚੋਂ ਇੱਕ ਗੁਰਮੁਖ ਸਿੰਘ ਸੀ ਸੇਵਾ ਵਿਚੋਂ ਕਦੇ ਗ਼ੈਰ ਹਾਜ਼ਰ ਨਹੀਂ ਸੀ ਹੁੰਦਾ। ਗ੍ਰਹਿਸਤੀ ਜੀਵਨ ਵਾਲਾ ਪ੍ਰੰਤੂ ਸੁਭਾਅ ਦਾ ਦੁਰਵਾਸਾ ਰਿਖੀ ਹੀ ਸੀ। ਇਸ ਗੁਰਮੁਖ ਸਿੰਘ ਨੇ ਵੀ ਬਾਬਾ ਜੀ ਪਾਸ ਆਪਣੀ ਬੇਨਤੀ ਕੀਤੀ ਕਿ ਮੇਰੇ ਉਪਰ ਵੀ ਕੋਈ ਕ੍ਰਿਪਾ ਕਰੋ, ਸਭ ਉੱਤੇ ਬਖ਼ਸ਼ਿਸ਼ਾਂ ਕਰ ਰਹੇ ਹੋ ਮੈਂ ਗਰੀਬ, ਸਮੁੰਦਰ ਕਿਨਾਰੇ ਬੈਠ ਕੇ ਤਿਹਾਇਆ ਹੀ ਰਹਿ ਕੇ ਤਿਹਾਇਆ ਹੀ ਨਾ ਤੁਰ ਜਾਵਾਂ। ਜਿਵੇਂ ਸਧਨੇ ਅਤੇ ਕਬੀਰ ਜੀ ਦਾ ਫੁਰਮਾਨ ਹੈ :

**ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥**
**ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥**

*(ਬਾਣੀ ਸਧਨੇ ਕੀ ਰਾਗ ਬਿਲਾਵਲੁ)*

**ਕਬੀਰ ਅੰਬਰ ਘਨਹਰ ਛਾਇਆ ਬਰਖਿ ਭਰੇ ਸਰ ਤਾਲ॥**
**ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ॥**

*(ਸਲੋਕ ਭਗਤ ਕਬੀਰ ਜੀਓ ਕੇ)*

ਇਸ ਤਰ੍ਹਾਂ ਗੁਰਮੁਖ ਸਿੰਘ ਦੀ ਯੁਕਤੀ ਪੂਰਨ ਬੇਨਤੀ ਸੁਣ ਹਜ਼ੂਰ ਬੜੇ

ਪ੍ਰਸੰਨ ਹੋਏ ਤੇ ਬਚਨ ਕੀਤਾ, "ਤੂੰ ਜੋ ਮੰਗਿਆ ਅਸੀਂ ਸਮਝ ਲਿਆ ਤੇਰੀ ਸੇਵਾ ਪ੍ਰਵਾਨ ਹੋ ਰਹੀ ਹੈ। ਇਸ ਦੀ ਤੂੰ ਚਿੰਤਾ ਨਾ ਕਰ।" ਇਸ ਸਮੇਂ ਵੱਡਾ ਝੰਡਾ ਸਿੰਘ ਵੀ ਹਾਜ਼ਰ ਸੀ ਉਸ ਵੱਲ ਇਸ਼ਾਰਾ ਕਰਕੇ ਬਚਨ ਕੀਤਾ, "ਇਹ ਝੰਡਾ ਵੀ ਤੇਰੇ ਨਾਲ ਹੀ ਹੈ ਤੈਨੂੰ ਬਹਾਲ ਦਾਸ ਵਰਗੀ ਸ਼ਕਤੀ ਮਿਲੇਗੀ।" ਉਪਰੰਤ ਗੁਰਮੁਖ ਸਿੰਘ ਨੂੰ ਕੋਲ ਬੁਲਾ ਕੇ ਗੁਪਤ ਸ਼ਬਦ ਦੱਸ ਕੇ ਹੁਕਮ ਕੀਤਾ, "ਸਾਰੀ ਰਾਤ ਇਸਨੂੰ ਜਪਣਾ ਹੈ।" ਫਿਰ ਵੱਡੇ ਝੰਡਾ ਸਿੰਘ ਨੂੰ ਹੁਕਮ ਕੀਤਾ, "ਕਿ ਜਿਸ ਵੇਲੇ ਇਹ ਜਪੇਂ ਤੂੰ ਉਸ ਸਮੇਂ ਪਹਿਰਾ ਦੇਣਾ ਹੈ। ਉਪਰੰਤ ਦੋਹਾਂ ਨੇ ਸਤ ਬਚਨ ਕੀਤਾ। ਉਸੇ ਰਾਤ ਤੋਂ ਹੀ ਜਾਪ ਸ਼ੁਰੂ ਕਰਵਾ ਦਿੱਤਾ ਗਿਆ। ਹੁਕਮ ਅਨੁਸਾਰ ਆਗਿਆ ਲੈ ਕੇ ਇਸ਼ਨਾਨ ਕਰਨ ਉਪਰੰਤ ਜਾਪ ਆਰੰਭ ਕਰ ਦੇਣਾ। ਵੱਡੇ ਝੰਡਾ ਸਿੰਘ ਨੇ ਪਹਿਰਾ ਦੇਣਾ ਤੀਸਰੇ ਦਿਨ ਤੋਂ ਬਾਅਦ ਹੀ ਰੱਬੀ ਕਉਤਕ ਅਨੁਭਵ ਹੋਣ ਲੱਗ ਪਏ। ਜਿਵੇਂ ਕਿ ਕਰੋੜ ਬਿਜਲੀਆਂ ਦਾ ਪ੍ਰਕਾਸ਼, ਕੋਟਿ ਸੂਰਜਾਂ ਦੇ ਪ੍ਰਕਾਸ਼। ਚਮਕਦੇ ਨਜ਼ਰ ਆਉਣ ਲੱਗ ਪਏ, ਉਠਦਿਆਂ ਬਹਿੰਦਿਆਂ ਪ੍ਰਕਾਸ਼ ਹੀ ਪ੍ਰਕਾਸ਼ ਰਹਿਣਾ। ਕਦੇ-ਕਦੇ ਤ੍ਰਭਕ ਕੇ ਕਹਿਣਾ ਝੰਡਿਆ ਤੈਨੂੰ ਕੁਝ ਦਿਸਿਆ ? ਅੱਗੋਂ ਝੰਡੇ ਨੇ ਕਹਿਣਾ ਨਹੀਂ ਇੱਥੇ ਤਾਂ ਕੁਝ ਨਹੀਂ, ਸੁਣ ਕੇ ਝੰਡਾ ਡਰ ਗਿਆ। ਫਿਰ ਗੁਰਮੁਖ ਸਿੰਘ ਵੀ ਡਰਨ ਲੱਗ ਪਿਆ। ਅੰਤ ਨੂੰ ਬਾਬਾ ਜੀ ਕੋਲ ਸਾਰੀ ਗੱਲ ਦੱਸੀ। ਹਜ਼ੂਰ ਨੇ ਬਚਨ ਕੀਤਾ, "ਅਜੇ ਭਾਂਡਾ ਛੋਟਾ ਹੈ ਇਹ ਚੀਜ਼ ਸਮਾਉਣੀ ਨਹੀਂ ਤੂੰ ਸੇਵਾ ਹੀ ਕਰੀ ਚੱਲ ਸਮਾਂ ਆਏ ਤੋਂ ਸਭ ਕੁਝ ਹੋਏਗਾ ਸ਼ੁੱਧ ਹੈ। ਉਪਰੰਤ ਗੁਰਮੁਖ ਸਿੰਘ ਨੇ ਡਰ ਕੇ ਸਾਧਨਾ ਬੰਦ ਕਰ ਦਿੱਤੀ। ਲਿਖਾਰੀ ਦੇ ਪੁੱਛਣ ਉੱਤੇ ਵੀ ਸ਼ਬਦ ਨਹੀਂ ਦੱਸਿਆ ਕਿਹਾ ਮੈਨੂੰ ਭੁੱਲ ਗਿਆ ਹੈ।

*(ਇਹ ਪ੍ਰਸੰਗ ਗੁਰਮੁਖ ਸਿੰਘ ਮਲੂਕੇ ਨਿਵਾਸੀ ਨੇ ਸੁਣਾਇਆ।)*

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਤੇਰੇ ਗੁਣ ਤੁਝ ਹੀ ਮਾਹਿ॥**
**ਤੂੰ ਅਗਮ ਅਗਾਧ ਬੇਅੰਤ ਹੈ ਕਹਿਣ ਕਥਨ ਮੈਂ ਨਾਹਿ॥**
**ਕਹਿਣ ਕਥਨ ਮੈ ਨਾਹਿ ਪਾਰ ਕੋਈ ਨਹਿ ਪਾਵੇ॥**
**ਨਾਰਦ ਸਾਰਦ ਸ਼ੇਸ਼ ਅੰਤ ਨ ਕੋਈ ਪਾਵੈ॥**
**ਸਿਫਤ ਨਾ ਸਕੈ ਬਖਾਨ ਬ੍ਰਹਿਮਾ ਬਿਸ਼ਨ ਮਹੇਸ਼ਰੀ॥**
**ਨਮਸਕਾਰ ਤੁਹਿ ਬਾਰ ਬਾਰ ਪਰਮ ਜੋਤ ਪਰਮੇਸ਼ਰੀ॥**

# ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ॥

ਬਾਬਾ ਅਨੰਦ ਸਿੰਘ ਜੀ ਕਿਸੇ ਸਮੇਂ ਮਾਝੇ ਦੇ ਇਲਾਕੇ ਵਿੱਚ ਬਿਰਾਜਦੇ ਸਨ। ਉਸ ਸਮੇਂ ਦਾ ਪ੍ਰਸੰਗ ਜੋ ਕਿ ਬਾਬਾ ਅਨੰਦ ਸਿੰਘ ਜੀ ਤੋਂ ਲਿਖਾਰੀ ਦੇ ਪਿਤਾ ਨੇ ਸੁਣਿਆ। ਉਹਨਾਂ ਤੋਂ ਅੱਗੇ ਸੁਣ ਕੇ ਦਾਸ ਲਿਖ ਰਿਹਾ ਹੈ। ਬਾਬਾ ਜੀ ਨੇ ਦੱਸਿਆ ਕਿ ਡਰੋਲੀ ਮਾਝੇ ਵਿੱਚ ਸਾਡੇ ਪਾਸ ਇੱਕ ਮੌਲਵੀ ਆਇਆ। ਸਾਡੇ ਕੋਲ ਉਸਨੇ ਇੱਕ ਪ੍ਰਸ਼ਨ ਕੀਤਾ ਤੇ ਉਹ ਕੁਰਾਨ ਬਾਰੇ ਕੁਝ ਪੁੱਛਣਾ ਚਾਹੁੰਦਾ ਸੀ। ਅਸੀਂ ਉਸਨੂੰ ਕਿਹਾ ਮੌਲਵੀ ਜੀ, ਸਾਡੇ ਵੱਡੇ ਮਹਾਂਪੁਰਖ ਭੁੱਚੋ ਨਗਰ ਜ਼ਿਲ੍ਹਾ ਬਠਿੰਡਾ ਵਿੱਚ ਬਿਰਾਜਦੇ ਹਨ। ਤੁਹਾਡੀਆਂ ਸਭ ਗੱਲਾਂ ਦਾ ਉਨ੍ਹਾਂ ਪਾਸ ਉੱਤਰ ਹੈ। ਤੁਸੀਂ ਬਠਿੰਡਾ ਤੋਂ ਭੁੱਚੋ ਪਹੁੰਚ ਕੇ ਇਨ੍ਹਾਂ ਗੱਲਾਂ ਦਾ ਉੱਤਰ ਪ੍ਰਾਪਤ ਕਰੋ। ਸਾਰਾ ਪਤਾ ਲਿਖਕੇ ਮੌਲਵੀ ਚੱਲ ਕੇ ਭੁੱਚੋ ਪਹੁੰਚਿਆ। ਜਿਸ ਸਮੇਂ ਬਾਬਾ ਜੀ ਕੋਲ ਹਜ਼ੂਰੀ ਵਿੱਚ ਪਹੁੰਚਿਆ, ਉਸ ਸਮੇਂ ਬਾਬਾ ਜੀ ਦੇ ਚਿਹਰੇ ਦਾ ਤੇਜ ਹੀ ਐਸਾ ਸੀ ਵੇਖਣ ਸਾਰ ਹੀ ਮੌਲਵੀ ਸਰੀਰ ਦੀ ਸੁੱਧ-ਬੁੱਧ ਭੁੱਲ ਗਿਆ। ਅੱਗੋਂ ਬਾਬਾ ਜੀ ਨੇ ਕਿਹਾ, "ਮੌਲਵੀ ਤੂੰ ਮਹਾਂਪੁਰਖਾਂ ਕੋਲ ਤਾਂ ਗੱਲ ਤੇ ਗੱਲ ਕਰਦਾ ਸੀ ਤੇ ਹੁਣ ਚੁੱਪ ਵੱਟ ਲਈ ਹੈ, ਕੁਝ ਤਾਂ ਬੋਲ ਐਡੀ ਦੂਰੀ ਤੋਂ ਚੱਲ ਕੇ ਆਇਆ ਹੈਂ। ਮੁੜ ਕੇ ਜਾ ਕੀ ਦੱਸੇਂਗਾ ? ਕਈ ਵਾਰ ਪੁੱਛਣ 'ਤੇ ਮੋਲਵੀ ਨਾ ਬੋਲਿਆ। ਅਖੀਰ ਉੱਤੇ ਬਾਬਾ ਜੀ ਨੇ ਆਪ ਹੀ ਕੁਰਾਨ ਸ਼ਰੀਫ ਦੀ ਉਹ ਆਇਤ ਪੜ੍ਹੀ ਤੇ ਕਿਹਾ ਕਿ ਇਹੋ ਹੀ ਪੁੱਛਣੀ ਚਾਹੁੰਦਾ ਸੀ ਨਾ। ਉਪਰੰਤ ਬਾਬਾ ਜੀ ਨੇ ਕੁਰਾਨ ਦੀਆਂ ਆਇਤਾਂ ਦੀ ਐਸੀ ਪੜ੍ਹਨ ਦੀ ਝੜੀ ਲਾਈ ਹਰ ਆਇਤ ਵਿੱਚ ਉਸਦੇ ਗੂੜ੍ਹੇ ਅਰਥ ਭਾਵ ਦੱਸਣ ਬਗ਼ੈਰ ਹੀ ਮੌਲਵੀ ਦੀ ਸਮਝ ਵਿੱਚ ਆ ਰਹੇ ਸਨ। ਜੋ ਕਿ ਮੌਲਵੀ ਨੇ ਅੱਗੇ ਨਹੀਂ ਸੁਣੇ ਸਨ। ਉਪਰੰਤ ਜਿਸ-ਜਿਸ ਤਰ੍ਹਾਂ ਹਜ਼ੂਰ ਅੱਗੇ ਪੜ੍ਹ ਕੇ ਸੁਣਾਈ ਗਏ, ਮੌਲਵੀ ਕਿਸੇ ਬਿਸਮਾਦ ਵਿੱਚ ਆ ਕੇ ਸੁਣਦਾ ਰਿਹਾ ਕਈ

ਵਾਰ ਤਾਂ ਮੌਲਵੀ ਦਾ ਸਿਰ ਝੁਕ-ਝੁਕ ਜਾਂਦਾ ਰਿਹਾ। ਅੰਤ ਵਿੱਚ ਬਾਬਾ ਜੀ ਨੇ ਬਚਨ ਕੀਤਾ, "ਕਿਉਂ ਮੌਲਵੀ ਤੇਰੀ ਤਸੱਲੀ ਹੋਈ ਹੈ ਕਿ ਅੱਗੇ ਚੱਲੀਏ ?" ਮੌਲਵੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ਹਜ਼ੂਰ ਆਪ ਸਮਰੱਥ ਹੋ। 'ਸੁਬਹਾਨ ਤੇਰੀ ਕੁਦਰਤ' ਕੁਝ ਮੇਰੇ ਗਰੀਬ ਉੱਤੇ ਵੀ ਬਖ਼ਸ਼ਿਸ਼ ਕਰੋ। "ਪਰਵਦਗਾਰ ਅਪਾਰ ਅਗਮ ਬੇਅੰਤ ਤੂ" ਅੱਲ੍ਹਾ ਦੇ ਨਾਮ ਦੀ ਖੈਰਾਇਤ ਦਿਉ। ਹਜ਼ੂਰ ਨੇ ਬਚਨ ਕੀਤਾ, "ਮੌਲਵੀ ਕਦੇ ਕੋਈ ਕਿਸੇ ਸਮੇਂ ਥੋੜ੍ਹਾ ਸਮਾਂ ਰੱਬ ਦੇ ਨਾਮ ਉੱਤੇ ਖਰਚ ਕਰਿਆ ਕਰੋ। ਮੌਲਵੀ ਨੇ ਸਿਰ ਝੁਕਾ ਦਿੱਤਾ ਤੇ ਕਿਹਾ ਜੀ ਮੈਂ ਤਸਬੀ ਤਾਂ ਫੇਰਦਾ ਹਾਂ। ਜੋ ਅੱਜ ਕੁਰਾਨ ਪਾਕ ਦੀਆਂ ਆਇਤਾਂ ਆਪ ਜੀ ਪਾਸੋਂ ਸੁਣ ਕੇ ਸਰੂਰ ਆਇਆ ਹੈ ਅੱਗੇ ਕਦੇ ਨਹੀਂ ਆਇਆ ਮੇਰਾ ਮਨ ਮੰਨ ਗਿਆ ਹੈ। ਉਪਰੰਤ ਬਾਬਾ ਜੀ ਨੇ ਦੋ ਸ਼ਬਦ ਗੁਰਬਾਣੀ ਵਿਚੋਂ ਇੱਕ ਤਿਲੰਗ ਰਾਗ ਵਿਚੋਂ, "ਯਕ ਅਰਜ਼ ਗੁਫਤਮ ਪੇਸ਼ ਤੌ' ਗੁਰੂ ਨਾਨਕ ਸਾਹਿਬ ਦਾ ਉਚਾਰਨ ਕੀਤਾ ਹੋਇਆ। ਦੂਸਰਾ ਪੰਚਮ ਪਾਤਸ਼ਾਹ ਦਾ 'ਖਾਕ ਨੂਰ ਕਰਦੇ ਆਲਮ ਦੁਨਿਆਵੀ' ਵਾਲੇ ਪੜ੍ਹ ਕੇ ਕੁਝ ਭਾਵ ਵੀ ਸਮਝਾਏ। ਉਪਰੰਤ ਹੁਕਮ ਕੀਤਾ, "ਤੈਨੂੰ ਸਵੇਰੇ ਤੋਰਾਂਗੇ ਨਾਲੇ ਤੇਰਾ ਘਰ ਪੂਰਾ ਕਰਾਂਗੇ, ਹੁਣ ਲੰਗਰ ਵਿਚੋਂ ਅੰਨਪਾਨ ਕਰੋ।" ਉਪਰੰਤ ਹੁਕਮ ਅਨੁਸਾਰ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਫਿਰ ਹੁਕਮ ਅਨੁਸਾਰ ਜਿੱਥੇ ਆਰਾਮ ਕਰਨ ਦਾ ਹੁਕਮ ਹੋਇਆ ਉਥੇ ਰਾਤ ਨੂੰ ਆਰਾਮ ਕੀਤਾ। ਸੂਰਜ ਚੜ੍ਹਨ ਸਾਰ ਹੀ ਹੁਕਮ ਕੀਤਾ, "ਮੌਲਵੀ ਨੂੰ ਹਾਜ਼ਰ ਕਰੋ।" ਹਾਜ਼ਰ ਹੋਣ ਉਪਰੰਤ ਬਚਨ ਕੀਤਾ, "ਮੌਲਵੀ ਅਸੀਂ ਕਲਮਾਂ ਪੜ੍ਹਦੇ ਹਾਂ ਤੂੰ ਧਿਆਨ ਨਾਲ ਸੁਣ।" ਸੁਣਾ ਕੇ ਹੁਕਮ ਕੀਤਾ, "ਕਲਮਾ ਇਉਂ ਪੜਨਾ ਹੈ।" ਉਪਰੰਤ ਮੌਲਵੀ ਨੂੰ ਖੁਸ਼ੀਆਂ ਬਖਸ਼ ਕੇ ਤੋਰ ਦਿੱਤਾ ਕਿਹਾ, ਏਥੋਂ ਤੂੰ ਸਿੱਧਾ ਮਹਾਂਪੁਰਖਾਂ ਕੋਲ ਜਾਈਂ, ਉਨ੍ਹਾਂ ਕੋਲ ਸਾਰੀ ਗੱਲ ਦੱਸ ਕੇ ਫਿਰ ਅੱਗੇ ਜਾਣਾ ਹੋਵੇਗਾ। ਹੁਣ ਜੇ ਕੋਈ ਤੈਨੂੰ ਤੇਰੇ ਮੁਰਿਸ਼ਦ ਦਾ ਨਾਮ ਪੁੱਛੇ ਤੂੰ ਸਾਡਾ ਨਾਮ ਨਹੀਂ ਲੈਣਾ। ਉਪਰੰਤ ਮੌਲਵੀ ਸਿਜਦਾ ਕਰਕੇ ਵਿਦਾ ਹੋ ਗਿਆ।

**ਦਿਲਾਂ ਕਾ ਮਾਲਕੁ ਕਰੇ ਹਾਕੁ। ਕੁਰਾਨ ਕਤੇਬ ਤੇ ਪਾਕੁ।**

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ)*

## ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥
## ਨਿੰਦਕ ਕਉ ਦਈ ਛੋਡੈ ਨਾਹਿ ॥

ਇੱਕ ਵਾਰੀ ਇੱਕ ਪੰਡਿਤ ਜੋ ਆਪਣੇ ਸਮੇਂ ਮੰਨਿਆ-ਪ੍ਰਮੰਨਿਆ ਵਿਦਵਾਨ ਸੀ। ਬਾਬਾ ਜੀ ਪਾਸ ਦਰਸ਼ਨ ਕਰਨ ਆਇਆ। ਹਜ਼ੂਰ ਨੇ ਆਪਣੀ ਮਰਿਆਦਾ ਅਨੁਸਾਰ ਉਸਦਾ ਨਾਮ, ਗੋਤ, ਨਾਨਕੇ, ਦਾਦਕੇ ਜਿਵੇਂ ਕਿ ਸਭ ਨੂੰ ਪੁੱਛਦੇ ਸਨ। ਉਸਨੂੰ ਵੀ ਪੁੱਛ ਕੇ ਲਿਖਾਉਣੇ ਆਰੰਭ ਕੀਤੇ। ਉਪਰੰਤ ਵਿੱਦਿਅਕ ਤੌਰ 'ਤੇ ਉੱਤਰ ਪ੍ਰਸ਼ਨ ਆਰੰਭ ਹੋਏ। ਪੰਡਿਤ ਜੀ ਨੇ ਦਸਮ ਪਾਤਸ਼ਾਹ ਸ੍ਰੀ ਕਲਗੀਧਰ ਬਾਰੇ ਕੁਝ ਅਯੋਗ ਪ੍ਰਸ਼ਨ ਕੀਤੇ ਜਿਸ ਤਰ੍ਹਾਂ ਕਿ ਸ੍ਰੀ ਚੰਡੀ ਦੇਵੀ ਦੀ ਅਰਾਧਨਾ ਕਰਨੀ ਬਾਬਾ ਜੀ ਨੇ ਉੱਤਰ ਦਿੱਤਾ ਪੰਡਿਤ ਜੀ ਦਸਮ ਪਾਤਸ਼ਾਹ ਬਾਰੇ ਐਸਾ ਕੁਛ ਕਹਿਣਾ ਤੇਰੇ ਵਾਸਤੇ ਚੰਗੀ ਗੱਲ ਨਹੀਂ। ਹਜ਼ੂਰ ਦੇ ਬਾਰ-ਬਾਰ ਸਮਝਾਉਣ 'ਤੇ ਵੀ ਉਹ ਨਾ ਰੁਕਿਆ, ਅੰਤ ਵਿੱਚ ਆਪ ਜੀ ਨੇ ਬਚਨ ਕੀਤਾ, "ਅੱਜ ਤੇਰਾ ਕੰਮ ਨਬੇੜ ਕੇ ਹੀ ਦੁੱਧ ਛਕਾਂਗੇ।" ਇਹ ਰਮਜ਼ ਭਰੇ ਬਚਨਾਂ ਨੂੰ ਵੀ ਉਹ ਨਾ ਸਮਝ ਸਕਿਆ ਅਤੇ ਆਪਣੇ ਹੱਠ ਉੱਤੇ ਅੜਿਆ ਰਿਹਾ। ਉਸ ਵੇਲੇ ਆਪ ਜੀ ਨੇ ਬਚਨ ਕੀਤਾ, "ਕੋਈ ਹਾਜ਼ਰ ਹੈ" ਉਸ ਸਮੇਂ ਭਾਈ ਨੀਲਾ ਸਿੰਘ ਨੇ ਬੇਨਤੀ ਕੀਤੀ, ਮਹਾਰਾਜ ਨੀਲਾ ਸਿੰਘ ਹਾਜ਼ਰ ਹੈ। ਉਪਰੰਤ ਆਪ ਜੀ ਨੇ ਬਚਨ ਕੀਤਾ, "ਨੀਲਿਆ ਇਸ ਗੁਰ ਨਿੰਦਕ ਨੂੰ ਸਾਡੇ ਸਾਹਮਣੇ ਤੋਂ ਉਠਾ ਕੇ ਡੇਰੇ ਤੋਂ ਬਾਹਰ ਕਰ ਦਿਓ।" ਸੇਵਕ ਨੇ ਇਸੇ ਤਰ੍ਹਾਂ ਹੀ ਕੀਤਾ। ਡੇਰੇ ਤੋਂ ਬਾਹਰ ਕਰਨ ਸਮੇਂ ਹੀ ਉਸ ਦੇ ਪੇਟ ਦਰਦ ਸ਼ੁਰੂ ਹੋ ਗਿਆ। ਜਿਵੇਂ ਕਿਵੇਂ ਔਖਾ ਸੌਖਾ ਹੋ ਕੇ ਇੱਕ ਵਾਰੀ ਉਹ ਮੰਡੀ ਪਹੁੰਚ ਗਿਆ। ਉਥੇ ਪਹੁੰਚ ਕੇ ਉਸਦੀ ਮੌਤ ਹੋ ਗਈ। ਉਸਦੇ ਡੇਰੇ ਤੋਂ ਬਾਹਰ ਜਾਣ ਉਪਰੰਤ ਆਪ ਜੀ ਨੇ ਜਿਸ ਥਾਂ ਉੱਤੇ ਉਹ ਪੰਡਿਤ ਬੈਠਾ ਸੀ। ਉਥੋਂ ਮਿੱਟੀ ਚੁਕਾ ਕੇ ਬਾਹਰੋਂ ਮਿੱਟੀ ਮੰਗਾ ਕੇ ਪੁਆਈ। ਜਿਸ ਬੋਰੀ ਉੱਤੇ ਪੰਡਿਤ ਬੈਠਾ

ਸੀ ਉਹ ਬੋਰੀ ਬਾਹਰ ਸਿਟਾਈ ਤੇ ਬਚਨ ਕੀਤਾ, "ਜਾ ਉਇ ਨਿੰਦਕਾ ਤੇਰਾ ਲੋਕ ਤੇ ਪ੍ਰਲੋਕ ਵੀ ਗਿਆ।" ਜਿਵੇਂ ਰਵਿਦਾਸ ਜੀ ਦਾ ਬਚਨ ਹੈ।

**ਨਿੰਦਕੁ ਸੋਧਿ ਸਾਧਿ ਬੀਚਾਰਿਆ॥**
**ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥**

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਪ੍ਰਾਪਤ ਹੋਇਆ।)*

## ਮੂਲੁ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥

ਪਟਿਆਲੇ ਦੇ ਇਲਾਕੇ ਤੋਂ ਇੱਕ ਸਰਦਾਰ ਕਈ ਵਾਰ ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਆਉਂਦਾ ਹੁੰਦਾ ਸੀ। ਬਾਬਾ ਜੀ ਨੇ ਜਦੋਂ ਵੀ ਇਸ ਨੂੰ ਕਹਿਣਾ ਕਿ ਤੂੰ ਕੁਝ ਮੰਗ ਲੈ। ਇਸਨੇ ਕਹਿਣਾ ਜੀ ਮੇਰੇ ਘਰ ਆ ਕੇ ਦਰਸ਼ਨ ਦਿਉ। ਅੱਗੋਂ ਬਾਬਾ ਜੀ ਨੇ ਚੁੱਪ ਰਹਿਣਾ। ਇੱਕ ਵਾਰ ਇਹ ਦਰਸ਼ਨ ਕਰਨ ਆਇਆ ਤੇ ਬਾਬਾ ਜੀ ਨੇ ਬਚਨ ਕੀਤਾ, "ਕਿ ਤੂੰ ਆਪਣੇ ਮਨ ਦੀ ਗੱਲ ਦੱਸ।" ਇਸ ਨੇ ਫਿਰ ਉਹੀ ਗੱਲ ਦੁਹਰਾਈ ਕੇ ਮੇਰੇ ਘਰ ਆ ਕੇ ਦਰਸ਼ਨ ਦਿਓ। ਹਜ਼ੂਰ ਨੇ ਬਚਨ ਕੀਤਾ, "ਤੂੰ ਬਾਣੀ ਪੜ੍ਹਦਾ ਸੁਣਦਾ ਨਹੀਂ। ਕੋਈ ਨਾਮ ਨਹੀਂ ਜਪਦਾ ਸੇਵਾ ਨਹੀਂ ਕਰਦਾ, ਤੇਰੇ ਘਰ ਅਸੀਂ ਕਿਵੇਂ ਆਈਏ। ਜੇ ਆਏ ਵੀ ਤੂੰ ਸਾਨੂੰ ਸਿਆਣ ਨਹੀਂ ਸਕੇਗਾ।" ਤਾਂ ਸਰਦਾਰ ਨੇ ਬੇਨਤੀ ਕੀਤੀ ਜੀ ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਨਾ ਸਿਆਣਾ ਬਾਬਾ ਜੀ ਨੇ ਬਚਨ ਕੀਤਾ, "ਜੇ ਨਾਮ ਨਾ ਜਪੇ ਰੱਬ ਵੀ ਸਾਮਣੇ ਖੜਾ ਹੋਵੇ ਸਿਆਣ ਨਹੀਂ ਆਉਂਦੀ।" ਨਾਨਕ ਸੇ ਆਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥" ਸਰਦਾਰ ਫਿਰ ਵੀ ਰਮਜ਼ ਭਰੇ ਸਿੱਖਿਆ ਦਾਇਕ ਬਚਨ ਨਾ ਸਮਝ ਸਕਿਆ। ਉਸਨੇ ਇੱਕੋ ਹੱਠ ਵਾਲੀ ਗੱਲ ਦੁਹਰਾਈ ਜੀ ਤੁਸੀਂ ਆਓ ਤਾਂ ਸਹੀ ਮੈਂ ਜ਼ਰੂਰ ਸਿਆਣ ਰੱਖੂਗਾ, ਮੈਨੂੰ ਐਵੇਂ ਟਾਲਣ ਵਾਲੀ ਗੱਲ ਨਾ ਕਰੋ ਜੀ ਤੁਸੀਂ ਬਚਨ ਤਾਂ ਕਰੋ ਆਉਣ ਦਾ ਤਾਂ ਬਾਬਾ ਜੀ ਨੇ ਬਚਨ ਕੀਤਾ, "ਕਿ ਅਸੀਂ ਪਹਿਲਾਂ ਤੇਰੇ ਘਰੋਂ ਬਾਹਰ ਹੀ ਤੈਨੂੰ ਇੱਕ ਵਾਰ ਮਿਲਾਂਗੇ, ਜੇ ਤੂੰ ਸਿਆਣ ਲਿਆ ਫਿਰ

ਤੇਰੇ ਨਾਲ ਅਗਲੀ ਗੱਲ ਹੋਊਗੀ। ਉਪਰੰਤ ਸਰਦਾਰ ਆਪਣੇ ਨਗਰ ਚਲਾ ਗਿਆ, ਰੋਜ਼ ਵਾਂਗੂ ਇੱਕ ਦਿਨ ਸਰਦਾਰ ਸ਼ਿਕਾਰ ਖੇਡਣ ਗਿਆ। ਮ੍ਰਿਗਾਂ ਦੀ ਡਾਰ ਵੇਖੀ ਸਰਦਾਰ ਨੇ ਅਤੇ ਇਸਦੇ ਸਾਥੀਆਂ ਨੇ ਬੇ-ਅੰਤ ਗੋਲੀਆਂ ਚਲਾਈਆਂ। ਜਿੱਥੇ ਅੱਗੇ ਕਦੇ ਵਾਰ ਖਾਲੀ ਨਹੀਂ ਸੀ ਗਿਆ, ਅੱਜ ਡਾਰ ਵਿਚੋਂ ਇੱਕ ਮ੍ਰਿਗ ਵੀ ਨਾ ਮਾਰ ਸਕੇ। ਉਸ ਸਮੇਂ ਇੱਕ ਹਿਰਨ ਸਾਰੀ ਡਾਰ ਦੇ ਆਲੇ ਦੁਆਲੇ ਭੱਜਿਆ ਫਿਰਦਾ ਨਜ਼ਰ ਆਉਂਦਾ ਸੀ। ਵੇਖ ਕੇ ਸਾਰੇ ਹੈਰਾਨ ਹੋ ਰਹੇ ਸਨ ਗੋਲੀ ਚਲਦੀ ਤੋਂ ਮ੍ਰਿਗ ਤਾਂ ਡਰ ਕੇ ਭੱਜਦੇ ਹਨ, ਪਰ ਇਹ ਨਵੀਂ ਗੱਲ ਹੋਈ। ਸਾਰੇ ਕਾਰਤੂਸ ਵੀ ਮੁੱਕ ਗਏ, ਹੈਰਾਨ ਪਰ ਸਮਝ ਕੋਈ ਨਾ ਆਈ ਅੰਤ ਨੂੰ ਥੱਕ ਟੁੱਟ ਕੇ ਘਰ ਵਾਪਸ ਆਏ ਤੇ ਬੇਚੈਨ ਮਨ ਨਾਲ ਰਾਤ ਕੱਟ ਕੇ ਅਗਲੇ ਦਿਨ ਹੀ ਭੁੱਚੋ ਜਾਣ ਦੀ ਤਿਆਰੀ ਕਰਕੇ ਭੁੱਚੋ ਪਹੁੰਚ ਗਿਆ। ਡੇਰੇ ਆ ਕੇ ਦਰਸ਼ਨ ਕਰਨ ਦੀ ਆਗਿਆ ਮੰਗੀ ਅੱਗੋਂ ਸੇਵਾਦਾਰ ਕੋਲ ਬਾਬਾ ਜੀ ਨੇ ਸੁਨੇਹੇ ਰਾਹੀਂ ਹੁਕਮ ਕੀਤਾ, "ਉਸਨੂੰ ਕਹੋ ਕਿ ਅੱਜ ਅਸੀਂ ਥੱਕੇ ਹੋਏ ਹਾਂ, ਤੇਰੇ ਨਾਲ ਸਵੇਰੇ ਗੱਲ ਕਰਾਂਗੇ।" ਉਪਰੰਤ ਉਸਨੂੰ ਹੁਕਮ ਦੇ ਕੇ ਪਿੰਡ ਵਿੱਚ ਰਾਤ ਕੱਟਣ ਲਈ ਭੇਜ ਦਿੱਤਾ। ਅਗਲੇ ਦਿਨ ਸਰਦਾਰ ਦਰਸ਼ਨ ਕਰਨ ਲਈ ਫਿਰ ਡੇਰੇ ਪਹੁੰਚਿਆ। ਦਰਸ਼ਨ ਕਰਨ ਲਈ ਆਗਿਆ ਮੰਗੀ। ਹਜ਼ੂਰ ਨੇ ਅੰਦਰ ਬੁਲਾ ਲਿਆ। ਅੱਗੇ ਆਪ ਇਉਂ ਬੈਠੇ ਮਲੂਮ ਹੋ ਰਹੇ ਸਨ, ਜਿਵੇਂ ਕਿ ਬਹੁਤ ਥੱਕੇ ਹੋਏ ਹੁੰਦੇ ਹਨ। ਕੋਈ ਬਚਨ ਵੀ ਕਰਦੇ ਤਾਂ ਲਗਦਾ ਸੀ ਥਕਾਵਟ ਹੋਈ ਹੋਵੇ ਚਿਹਰਾ ਉਦਾਸ-ਉਦਾਸ ਦਿਸਦਾ ਸੀ। ਨਮਸਕਾਰ ਕਰਕੇ ਸਰਦਾਰ ਬੈਠ ਗਿਆ, ਸਰਦਾਰ ਨੇ ਹੱਥ ਜੋੜ ਕੇ ਜੀ ਆਪ ਜੀ ਨੇ ਮੈਨੂੰ ਦਰਸ਼ਨ ਦੇਣ ਦਾ ਬਚਨ ਕੀਤਾ ਸੀ। ਪਰ ਦਿਨ ਕੋਈ ਨਹੀਂ ਸੀ ਦੱਸਿਆ ਬਾਬਾ ਜੀ, ਬੜੀ ਧੀਮੀ ਆਵਾਜ਼ ਵਿੱਚ ਉੱਤਰ ਦਿੱਤਾ। "ਤੈਨੂੰ ਅਸੀਂ ਦਰਸ਼ਨ ਦੇਣ ਲਈ ਗਏ ਸੀ, ਤੂੰ ਸਾਨੂੰ ਭਜਾ- ਭਜਾ ਕੇ ਥਕਾ ਦਿੱਤਾ।" ਸਰਦਾਰ ਨੇ ਹੈਰਾਨ ਹੋ ਕੇ ਕਿਹਾ, ਜੀ ਮੈਂ ਤੁਹਾਨੂੰ ਕਿਸ ਤਰ੍ਹਾਂ ਭਜਾ-ਭਜਾ ਕੇ ਥਕਾ ਦਿੱਤਾ। ਆਪ ਜੀ ਨੇ ਫਿਰ ਵਿਸਥਾਰ ਨਾਲ ਸਾਰੀ ਹਕੀਕਤ ਦੱਸੀ ਤੇ ਫੁਰਮਾਇਆ, "ਉਹ ਦਿਨ ਤੇ ਮੌਕਾ ਯਾਦ ਕਰ ਜਿਸ ਸਮੇਂ ਤੂੰ ਨੌਕਰਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਗਿਆ ਸੀ ਤੇ ਅੱਗੋਂ ਹਿਰਨਾਂ ਦੀ ਡਾਰ ਨਿਕਲੀ ਸੀ ਤੂੰ ਗੋਲੀਆਂ ਚਲਾਈਆਂ ਮਗਰ ਘੋੜਾ ਵੀ ਭਜਾਇਆ। ਪਰ ਡਾਰ ਵਿਚੋਂ ਕੋਈ ਹਿਰਨ

ਮਰਿਆ ਨਹੀਂ ਸਗੋਂ ਇੱਕ ਹਿਰਨ ਸਾਰੀ ਡਾਰ ਦੇ ਆਲੇ-ਦੁਆਲੇ ਤੈਨੂੰ ਲਾਈ ਫਿਰਦਾ ਰਿਹਾ।" ਸਰਦਾਰ ਨੇ ਕਿਹਾ ਮਹਾਰਾਜ ਸੱਤ ਹੈ ਜੀ ਉਹ ਕੀ ਨਜ਼ਾਰਾ ਸੀ, ਮੈਨੂੰ ਸਮਝ ਨਹੀਂ ਆਈ। ਹਜ਼ੂਰ ਨੇ ਬਚਨ ਕੀਤਾ, "ਉਹ ਸਾਰੇ ਸਾਡੇ ਸੇਵਕ ਸਨ, ਅਸੀਂ ਉਸ ਸਮੇਂ ਹਿਰਨ ਦੇ ਰੂਪ ਵਿੱਚ ਤੈਨੂੰ ਭਜਾਈ ਫਿਰਦੇ ਰਹੇ, ਜੇ ਤੇਰੇ ਮੂੰਹੋਂ ਇੱਕ ਵਾਰ ਉਸ ਵੇਲੇ 'ਵਾਹਿਗੁਰੂ' ਨਿਕਲ ਜਾਦਾ ਅਸੀਂ ਉਸ ਵੇਲੇ ਹੀ ਦਰਸ਼ਨ ਦੇ ਦੇਣੇ ਸਨ। ਪਰ ਤੇਰੇ ਮੂੰਹੋਂ 'ਵਾਹਿਗੁਰੂ' ਨਿਕਲਿਆ ਹੀ ਨਹੀਂ। ਤੈਨੂੰ ਪਹਿਲਾਂ ਹੀ ਕਹਿ ਦਿੱਤਾ ਸੀ, ਕੋਈ ਸਿਮਰਨ ਭਜਨ ਕਰਿਆ ਕਰ, ਸਿਮਰਨ ਤੋਂ ਬਿਨਾਂ ਰੱਬ ਕੋਲ ਵੀ ਖੜ੍ਹਾ ਹੋਵੇ ਦਿਸਦਾ ਨਹੀਂ, ਜੇ ਕਿਤੇ ਦਿਸੇ ਵੀ ਪਛਾਣ ਨਹੀਂ ਹੁੰਦੀ। ਇਹ ਬਚਨ ਸੁਣ ਕੇ ਸਰਦਾਰ ਤਾਂ ਭੁੱਬਾਂ ਮਾਰ ਕੇ ਰੋਇਆ ਬਖਸ਼ ਲਉ, ਬਖਸ਼ ਲਉ, ਕਹਿ ਕੇ ਚਰਨਾਂ ਵੱਲ ਨੂੰ ਵਧਿਆ। ਹਜ਼ੂਰ ਨੇ ਬਚਨ ਕੀਤਾ, "ਬਾਲਿਆ ਵੇਖੀਂ ਚਰਨਾਂ ਨੂੰ ਹੱਥ ਨਾ ਲਾਵੇ।" ਉਸ ਸਮੇਂ ਸੰਤ ਨਰੈਣ ਸਿੰਘ ਜੀ ਨੇ ਸਰਦਾਰ ਨੂੰ ਰੋਕ ਕੇ ਰੱਖਿਆ ਉਸ ਸਮੇਂ ਲੰਗਰ ਤਿਆਰ ਹੋ ਕੇ ਆ ਗਿਆ। ਹਜ਼ੂਰ ਦੇ ਲੰਗਰ ਦੀ ਮਰਿਯਾਦਾ ਕਰਾਈ ਉਪਰੰਤ ਸਰਦਾਰ ਨੂੰ ਹੁਕਮ ਕੀਤਾ। "ਜਾ ਪਹਿਲਾ ਲੰਗਰ ਵਿਚੋਂ ਪ੍ਰਸ਼ਾਦਾ ਛੱਕ ਫਿਰ ਅਗਲੀ ਗੱਲ ਕਰਾਂਗੇ।" ਹੁਕਮ ਮੰਨ ਕੇ ਸਰਦਾਰ ਲੰਗਰ ਵਿਚੋਂ ਪ੍ਰਸ਼ਾਦ ਛੱਕ ਕੇ ਫਿਰ ਹਾਜ਼ਰ ਹੋਇਆ। ਫਿਰ ਹੱਸ ਕੇ ਬਚਨ ਕੀਤਾ, "ਤੈਨੂੰ ਯਾਦ ਹੈ ਕਿਤਨੀ ਦੇਰ ਹੋਈ ਤੈਨੂੰ ਸਾਡੀ ਸੰਗਤ ਕਰਦੇ ਨੂੰ ?"

ਉਸਨੇ ਕਿਹਾ ਜੀ ਮੈਨੂੰ ਤਾਂ ਇਤਨਾ ਹੀ ਪਤਾ ਹੈ ਕਈ ਸਾਲ ਹੋ ਗਏ ਹਨ। ਹਜ਼ੂਰ ਨੇ ਬਚਨ ਕੀਤਾ, "ਤੂੰ ਨਾਮ ਜਪਣ ਵਾਲਾ ਬਚਨ ਤਾਂ ਇੱਕ ਵਾਰ ਵੀ ਨਹੀਂ ਮੰਨਿਆ। ਅੱਗੇ ਭੱਜ ਕੇ ਚਰਨਾਂ ਵੱਲ ਨੂੰ ਹੋ ਤੁਰਿਆ, ਇੱਕ ਹੋਰ ਭੁੱਲ ਕਰਨ ਲੱਗਾ ਸੀ। ਇਹ ਚਰਨ ਤਾਂ ਕਈ ਜਨਮ ਕਮਾਈ ਕਰਨ ਵਾਲੇ ਨੂੰ ਹੀ ਫੜਾਈ ਦੇ ਹਨ। ਅੱਗੇ ਤੋਂ ਜੇ ਕੁਝ ਕਰਨਾ ਹੈ ਤਾਂ ਫਿਰ ਕਿਸੇ ਸਮੇਂ ਚਰਨ ਵੀ ਫੜਾ ਦਿਆਂਗੇ। ਜਿੱਥੇ ਕਹੇਂਗਾ, ਉਥੇ ਹੀ ਆਵਾਂਗੇ। ਪਰ ਬਚਨ ਮੰਨਣਾ ਪਵੇਗਾ।" ਸਰਦਾਰ ਹੱਥ ਜੋੜ ਕੇ ਸਤ ਬਚਨ ਕੀਤਾ ਤੇ ਹੁਕਮ ਹੋਇਆ। "ਅੱਗੇ ਤੋਂ ਤੇਰਾ ਮਾਸ ਸ਼ਰਾਬ ਸਭ ਕੁਝ ਬੰਦ" ਫਿਰ ਪੁੱਛਿਆ, "ਤੇਰੇ ਪੁੱਤ ਧੀਆਂ ਕਿੰਨੇ ਹਨ ?" ਸਰਦਾਰ ਨੇ ਬੇਨਤੀ ਕੀਤੀ, ਜੀ ਤਿੰਨ ਪੁੱਤਰ ਤੇ ਇੱਕ ਲੜਕੀ ਹੈ। ਫਿਰ ਬਚਨ ਕੀਤਾ, "ਜਗਤ ਵਿੱਚ ਤੇਰੀ ਸਾਂਝ ਹੈ ਅੱਗੇ

ਤੋਂ ਬ੍ਰਹਮ ਚਰਜ ਧਾਰਨ ਕਰਕੇ 25 ਪਾਠ ਜਪੁਜੀ ਸਾਹਿਬ ਦੇ ਰੋਜ਼ ਕਰਨੇ ਜੇ ਇੱਕ ਆਸਣ ਉੱਤੇ ਬੈਠ ਕੇ ਕਰੇਂ ਤਾਂ ਹੋਰ ਵੀ ਚੰਗਾ ਹੈ। ਪਹਿਰ ਰਾਤ ਰਹਿੰਦੀ ਉਠਣਾ ਇਸ਼ਨਾਨ ਕਰਕੇ ਚੌਂਕੜੀ ਮਾਰ ਕੇ ਗੁਰੂ ਨਾਨਕ ਸਾਹਿਬ ਦਾ ਧਿਆਨ ਕਰਕੇ ਬਹਿ ਜਾਣਾ। ਅੱਗੇ ਵੇਖੀ ਜਾ ਕੀ ਰੰਗ ਲੱਗਦੇ ਹਨ। ਫਿਕਰ ਨਾ ਕਰੀਂ ਤੇਰੇ ਸਾਰੇ ਕਾਰਜ ਗੁਰੂ ਨਾਨਕ ਆਪ ਕਰੇਗਾ।" ਉਪਰੰਤ ਸਰਦਾਰ ਨੇ ਸੱਤ ਬਚਨ ਕੀਤਾ। ਹੁਕਮ ਹੋਇਆ 'ਸ਼ੁੱਧ ਹੈ' ਬਾਲਿਆ ਇਸਦੀ ਸ਼ਰਾਅ ਕਰਾ ਕੇ ਹਾਜ਼ਰ ਕਰੋ।" ਹੁਕਮ ਅਨੁਸਾਰ ਸ਼ਰਾਅ ਕਰਾਈ ਪ੍ਰਸੰਨਤਾ ਬਖਸ਼ ਕੇ ਤੋਰਿਆ ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ।

**ਭਲੇ ਭਲੇ ਕਰਿ ਮੰਨੀਅਨਿ ਬੁਰਿਆ ਦੇ ਹਰਿ ਕਾਜ ਸਵਾਰੇ॥**
**ਪਾਪ ਕਰੇਂਦੇ ਪਤਿਤ ਉਧਾਰੇ॥**

ਐਸੇ ਸਨ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ।

*(ਇਹ ਪ੍ਰਸੰਗ ਪਿਤਾ ਜੀ ਪਾਸੋਂ ਸੁਣਿਆ ਸੀ।)*

## ਪਿਤਾ ਕਾ ਜਨਮੁ ਕਿ ਜਾਨੈ ਪੂਤੁ॥

ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਇੱਕ ਨੌਜਵਾਨ ਮਹਾਤਮਾ ਜਿਸਦੇ ਉੱਤੇ ਕਾਲੀ ਭੂਰੀ ਚਾਦਰ, ਪੈਰੀਂ ਤਿੱਲੇ ਦੀ ਕੱਢਵੀਂ ਜੁੱਤੀ ਹੁੰਦੀ। ਉਸਦੇ ਪਾਸ ਖਾਸ ਕਿਸੇ ਭੇਖ ਦਾ ਕੋਈ ਚਿੰਨ੍ਹ ਵੀ ਨਹੀਂ ਸੀ। ਪ੍ਰੰਤੂ ਹਜ਼ੂਰ ਉਸਨੂੰ ਵੀ ਆਪਣਾ ਗੁਰ ਦੱਸਦੇ ਹੁੰਦੇ ਸਨ। ਉਸਦੇ ਆਰਾਮ ਕਰਨ ਨੂੰ ਪਿੰਡ ਵਿਚੋਂ ਨਵਾਰੀ ਪਲੰਘ ਮੰਗਵਾਉਣਾ, ਸੰਗਤ ਨੂੰ ਕਹਿ ਕੇ ਉਸਨੂੰ ਮੱਥਾ ਟਿਕਾਉਣਾ, ਥਾਲ ਲਗਾ ਕੇ ਲੰਗਰ ਵਿੱਚ ਪ੍ਰਸ਼ਾਦਾ ਛਕਾਉਣਾ। ਉਹ ਆਮ ਕਰਕੇ ਪਲੰਘ ਉੱਤੇ ਲੰਮਾ ਹੀ ਪਿਆ ਰਹਿੰਦਾ, ਕਦੇ ਬੈਠ ਕੇ ਕੋਈ ਕਿਰਿਆ ਕਰਮ ਨਹੀਂ ਸੀ ਕਰਦਾ ਵੇਖਿਆ। ਇਸ ਤੋਂ ਪਹਿਲੇ ਪ੍ਰਸੰਗ ਆ ਚੁੱਕਾ ਹੈ। ਇੱਕ ਪਿਆਰਾ ਲਾਲ ਮਹੇਸ਼ਰੀ ਸੇਠ ਵੀ ਭੁੱਚੋ ਦਾ ਹੁੰਦਾ ਸੀ। ਉਸਨੂੰ ਵੀ ਬਾਬਾ ਜੀ ਆਪਣਾ ਗੁਰੂ ਦੱਸਦੇ ਹੁੰਦੇ ਸਨ। ਅਸਲੀਅਤ ਕੀ ਹੈ ? ਇਹ ਤਾਂ ਬਾਬਾ ਜੀ ਆਪ ਜਾਨਣ ਲੇਖਕ ਨੇ ਤਾਂ ਪ੍ਰਸੰਗ ਪਿਤਾ ਜੀ ਪਾਸੋਂ ਸੁਣਿਆ, ਸੱਚ ਸਮਝ ਕੇ ਲਿਖ ਦਿੱਤਾ।

ਲੇਖਕ ਦੇ ਪਿਤਾ ਜੀ ਨੂੰ ਖਾਸ ਕਰਕੇ ਹੁਕਮ ਹੁੰਦਾ ਕਿ, "ਇਹ ਸਾਡਾ ਗੁਰੂ ਜਦੋਂ ਲੰਗਰ ਵਿੱਚ ਪ੍ਰਸ਼ਾਦਾ ਛਕੇ ਇਸਦੇ ਜੂਠੇ ਭਾਂਡੇ ਤੈਂ ਮਾਂਜਣੇ ਹਨ। ਸੇਵਕ ਲਿਖਾਰੀ ਨੇ ਲਿਖ ਦਿੱਤਾ ਹੈ ਜਿਨ੍ਹਾਂ ਨੇ ਹੁਕਮ ਮੰਨ ਕੇ ਸੇਵਾ ਕੀਤੀ ਹੈ, '**ਜੋ ਜੋ ਕਰੈ ਸੋਈ ਮਾਨਿ ਲੇਹ॥ ਬਿਨੁ ਮਾਨੇ ਰਲਿ ਹੋਵਹਿ ਖੇਹ॥**' ਗੁਰ ਵਾਕ ਅਨੁਸਾਰ ਮੰਨਣਾ ਹੀ ਫਰਜ਼ ਬਣਦਾ ਹੈ। ਭਾਈ ਨੰਦ ਲਾਲ ਜੀ ਦਾ ਵੀ ਫੁਰਮਾਨ ਹੈ।

**ਹੋ ਕੁਰਬਾਨ ਪਿਆਰੇ ਉੱਤੋਂ ਉਜਰ ਨਾ ਮੂਲੋਂ ਚਾਹੀਂ॥**
**ਗੁਰ ਸਿੱਖੀ ਦੇ ਦਾਇਰੇ ਅੰਦਰ ਜਗ੍ਹਾ ਉਜਰ ਦੀ ਨਾਹੀਂ॥**

ਇਕ ਵਾਰ ਭਜਨ ਸਿੰਘ ਨੇ ਇਸਦੀ ਬਾਬਾ ਜੀ ਪਾਸ ਬੇਨਤੀ ਕੀਤੀ, ਮਹਾਰਾਜ! ਇਹ ਤੁਹਾਡਾ ਗੁਰੂ ਕਦੇ ਨਾਮ ਜਪਦਾ ਤਾਂ ਵੇਖਿਆ ਨਹੀਂ। ਹਜ਼ੂਰ ਨੇ ਉੱਤਰ ਦਿੱਤਾ, "ਇਸਨੇ ਬਥੇਰਾ ਜਪਿਆ ਹੈ, ਹੁਣ ਨਾ ਜਪੇਗਾ ਤਾਂ ਕੋਈ ਫਰਕ ਨਹੀਂ ਪੈਂਦਾ, ਨਾਲੇ ਤੈਨੂੰ ਕੀ ਪਤਾ ਹੈ। ਇਹ ਜਪਦਾ ਹੈ ਕਿ ਨਹੀਂ ਤੂੰ ਆਪਣੇ ਅਨੰਦ ਵਿੱਚ ਰਹੁ, ਆਪਣੀ ਸੇਵਾ ਕਰੀ ਚੱਲ।" ਦਾਸ ਲਿਖਾਰੀ ਦੀ ਤਾਂ ਇਸ ਬਚਨ ਨਾਲ ਹੀ ਸ਼ੰਕਾ ਨਵਿਰਤ ਹੋ ਗਈ ਹੈ:

**ਪਿਤਾ ਕਾ ਜਨਮ ਕਿ ਜਾਨੈ ਪੂਤ॥ ਸਗਲ ਪਰੋਈ ਅਪੁਨ ਸੂਤ॥**

(ਇਹ ਪ੍ਰਸੰਗ ਪਿਤਾ ਜੀ ਪਾਸੋਂ ਮਿਲਿਆ।)

## ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ॥

ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਇੱਕ ਵਾਰ ਭਾਈ ਚੰਦਾ ਸਿੰਘ ਤੇ ਅਰਜਨ ਸਿੰਘ ਢੀਂਡਸਾ ਦੋਹਾਂ ਨੂੰ ਸੱਦ ਕੇ ਹੁਕਮ ਕੀਤਾ, ਇੱਕ ਮਹਾਂਦੁਸ਼ਟ ਆ ਰਿਹਾ ਹੈ, ਅਸੀਂ ਉਸਨੂੰ ਮੱਥੇ ਨਹੀਂ ਲਾਉਣਾ। ਤੁਸੀਂ ਮੰਦਰ ਤੋਂ ਉਸਨੂੰ ਅੱਗੇ ਨਹੀਂ ਆਉਣ ਦੇਣਾ। ਉਪਰੰਤ ਭਾਈ ਚੰਦਾ ਸਿੰਘ ਜੀ ਨੇ ਬੇਨਤੀ ਕੀਤੀ, ਮਹਾਰਾਜ ਸਾਨੂੰ ਕੀ ਪਤਾ ਹੈ, ਉਹ ਕੌਣ ਹੈ? ਜਾਂ ਸਾਨੂੰ ਕੋਈ ਉਸਦੀ ਨਿਸ਼ਾਨੀ ਸਮਝਾਓ। ਹਜ਼ੂਰ ਨੇ ਬਚਨ ਕੀਤਾ, "ਉਹ ਮੰਡੀ ਤੋਂ ਟਾਂਗੇ ਉੱਤੇ ਚੜ੍ਹ ਕੇ

ਆਏਗਾ। ਚੜ੍ਹਿਆ ਹੋਇਆ ਹੀ ਮੰਦਰ ਤੱਕ ਆਏਗਾ। ਤੁਸੀਂ ਪਛਾਣ ਲੈਣਾ। ਹੁਕਮ ਅਨੁਸਾਰ ਭਾਈ ਚੰਦਾ ਸਿੰਘ ਤੇ ਅਰਜਨ ਸਿੰਘ ਢੀਂਡਸਾ ਪਾਠੀ ਪਹਿਰੇ ਉੱਤੇ ਖੜ੍ਹੇ ਹੋ ਗਏ। ਦੁਪਹਿਰ ਦੇ ਸਮੇਂ ਤੱਕ ਟਾਂਗੇ ਉੱਤੇ ਚੜ ਕੇ ਉਹ ਪੁਰਸ਼ ਵੀ ਪਹੁੰਚਿਆ। ਭਾਈ ਚੰਦਾ ਸਿੰਘ ਨੇ ਪਛਾਣ ਕੇ ਰੋਕ ਲਿਆ, ਨਾਲ ਹੀ ਕਿਹਾ ਕਿ ਤੈਨੂੰ ਅਸੀਂ ਇਸ ਤੋਂ ਅੱਗੇ ਨਹੀਂ ਜਾਣ ਦੇਣਾ। ਉਸਨੇ ਕਿਹਾ ਕਿ ਮੈਂ ਤਾਂ ਜ਼ਰੂਰ ਅੱਗੇ ਜਾਣਾ। ਭਾਈ ਚੰਦਾ ਸਿੰਘ ਨੇ ਕਿਹਾ, ਸਾਨੂੰ ਮਹਾਰਾਜ ਦਾ ਹੁਕਮ ਹੈ। ਉਸਨੇ ਕਿਹਾ ਮੈਨੂੰ ਨਾ ਰੋਕੋ ਮੈਂ ਸਰਾਪ ਦੇ ਦੇਊਂਗਾ। ਭਾਈ ਚੰਦਾ ਸਿੰਘ ਨੇ ਡਾਂਗ ਚੁੱਕ ਲਈ ਤੇ ਕਿਹਾ, ਜਾਂ ਤਾਂ ਭਲੀਪਾਤ ਨਾਲ ਪਿੱਛੇ ਮੁੜ ਜਾ ਨਹੀਂ ਤਾਂ ਇਹ ਡਾਂਗ ਹੈ ਮੇਰੇ ਕੋਲ ਤੇਰੇ ਸਰਾਪ ਤੋਂ ਪਹਿਲੇ ਹੀ ਤੇਰੇ ਸਿਰ ਵਿੱਚ ਵੱਜੇਗੀ। ਕਹਿ ਕੇ ਡਾਂਗ ਉਲਾਰ ਕੇ ਰਸਤੇ ਵਿੱਚ ਖੜੋ ਗਿਆ। ਕੁਝ ਖੜੋ ਕੇ ਪਿੱਛੇ ਮੁੜ ਕੇ ਜਿੱਥੇ ਅੱਜ ਕੱਲ੍ਹ ਸੜਕ ਦੇ ਨਾਲ ਛੱਪੜ ਅਤੇ ਵੱਡੇ-ਵੱਡੇ ਦਰਖਤ ਹਨ। ਉਥੇ ਜਾ ਕੇ ਟਾਂਗੇ ਤੋਂ ਉੱਤਰ ਇੱਕ ਦਰਖਤ ਹੇਠ ਬੈਠ ਗਿਆ। ਨਾਲ ਉਸਦੇ ਇੱਕ ਮਾਈ ਤੇ ਇੱਕ ਉਸਦਾ ਸੇਵਾਦਾਰ ਵੀ ਸੀ। ਜਾਣ ਸਮੇਂ ਸੁਨੇਹਾ ਦੇ ਗਿਆ, ਸੰਤਾਂ ਨੂੰ ਕਹੋ ਕਿ ਮੈਨੂੰ ਸੱਦ ਕੇ ਮੇਰਾ ਦਰਸ਼ਨ ਕਰ ਲੈਣ। ਉਪਰੰਤ ਪਾਠੀ ਅਰਜਨ ਸਿੰਘ ਢੀਂਡਸਾ ਡੇਰੇ ਵਿੱਚ ਅੰਦਰ ਗਿਆ। ਬਾਬਾ ਜੀ ਕੋਲ ਉਸਦੀ ਕਹੀ ਹੋਈ ਗੱਲ ਦੱਸੀ। ਹਜ਼ੂਰ ਉੱਤਰ ਦਿੱਤਾ, "ਜਿੰਨੀ ਦੇਰ ਉਹ ਜਾਂਦਾ ਨਹੀਂ ਉਨਾ ਚਿਰ ਤੁਸੀਂ ਤਕੜੇ ਹੋ ਕੇ ਪਹਿਰਾ ਵਾਰੀ ਵਾਰੀ ਲਾਓ।" ਉਪਰੰਤ ਉਸ ਨੇ ਇੱਕ ਦੋ ਵਾਰ ਅੰਦਰ ਆਉਣ ਦੀ ਕੋਸ਼ਿਸ਼ ਕੀਤੀ, ਪਰ ਉਸਨੂੰ ਅੰਦਰ ਆਉਣ ਹੀ ਨਹੀਂ ਦਿੱਤਾ। ਬਾਬਾ ਜੀ ਨੇ ਬਚਨ ਕੀਤਾ, "ਮਹਾਂਦੁਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇ-ਅਦਬੀ ਕਰਕੇ ਦਰਸ਼ਨ ਮੰਗਦਾ ਹੈਂ। ਇਸਨੂੰ ਦਰਸ਼ਨ ਨਹੀਂ ਦੇਣੇ। ਫਿਰ ਉਸਨੇ ਬਾਹਰੋਂ ਹੀ ਕਿਸੇ ਰਾਹੀਂ ਸੁਨੇਹਾ ਭੇਜਿਆ ਕਿ ਸੰਤ ਤਾਂ ਮਰਦਾਨੇ ਦੇ ਅਵਤਾਰ ਹਨ ਤੇ ਮੈਂ ਗੁਰੂ ਨਾਨਕ ਦਾ ਅਵਤਾਰ ਹਾਂ। ਸੰਤਾਂ ਨੂੰ ਕਹੋ ਕਿ ਮੇਰਾ ਦਰਸ਼ਨ ਕਰ ਲੈਣ। ਸੁਨਣ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਚੰਦੇ ਨੂੰ ਤੇ ਅਰਜਨ ਸਿੰਘ ਢੀਂਡਸਾ ਪਾਠੀ ਨੂੰ ਹੁਕਮ ਕੀਤਾ, ਉਸਨੂੰ ਐਸੇ ਵੇਲੇ ਦਰਖਤਾਂ ਹੇਠੋਂ ਉਠਾ ਕੇ ਮੰਡੀ ਤੱਕ ਇਸਦੇ ਨਾਲ ਜਾਉ ਗੱਡੀ ਚੜ੍ਹਾ ਕੇ ਆਓ। ਸੇਵਕਾਂ ਨੇ ਕੁਝ ਹੋਰ ਬੰਦੇ

ਨਾਲ ਲੈ ਕੇ ਬਾਬਾ ਜੀ ਦੇ ਹੁਕਮ ਅਨੁਸਾਰ ਇਸੇ ਤਰ੍ਹਾਂ ਹੀ ਕੀਤਾ। ਫਿਰ ਉਹ ਆਪਣੀ ਕੋਈ ਵਾਹ ਨਾ ਚਲਦੀ ਵੇਖ ਕੇ ਚਲਾ ਗਿਆ। ਉਪਰੰਤ ਸੁਨਣ ਵਿੱਚ ਆਇਆ ਉਸਦਾ ਅੰਤ ਨੂੰ ਬੁਰਾ ਹਾਲ ਹੋਇਆਂ ਤੇ ਉਹ ਮਰਿਆ।

*(ਇਹ ਬਚਨ ਭਾਈ ਅਰਜਨ ਸਿੰਘ ਢੀਂਡਸਾ ਪਾਠੀ ਕੋਲੋਂ ਮਿਲਿਆ।)*

## ਜੈਸੇ ਆਪਨੇ ਧਨਹਿ ਪ੍ਰਾਨੀ ਮਰਨੁ ਨ ਮਾਂਡੈ॥
## ਤੈਸੇ ਸੰਤ ਜਨਾ ਰਾਮ ਨਾਮੁ ਨ ਛਾਂਡੈ॥

ਭੁੱਚੋ ਨਗਰ ਦਾ ਇੱਕ ਚੰਗਾ ਸੇਵਾਦਾਰ ਜਿਸਦਾ ਨਾਮ ਬਾਬਾ ਸੌਣ ਸਿੰਘ ਢਿੱਲੋਂ ਸੀ। ਕਿਸੇ ਸਮੇਂ ਬਾਬਾ ਜੀ ਦੀ ਸੇਵਾ ਰੂੰਮੀ ਰਹਿਣ ਸਮੇਂ ਕਰਦਾ ਰਿਹਾ ਸੀ। ਹਜ਼ੂਰ ਦੀ ਇਸ ਉਪਰ ਪ੍ਰਸੰਨਤਾ ਵੀ ਬੜੀ ਸੀ ਇਸਦਾ ਕਹਿਆ ਹਜ਼ੂਰ ਮੰਨ ਵੀ ਲੈਂਦੇ ਸਨ। ਜੇ ਕਿਸੇ ਦੀ ਸਿਫਾਰਸ਼ ਕਰਨੀ ਤਾਂ ਵੀ ਮੋੜਦੇ ਨਹੀਂ ਸਨ। ਪਿੱਛੇ ਜ਼ਿਕਰ ਕਈ ਥਾਂ ਉਪਰ ਆ ਚੁੱਕਾ ਹੈ, ਪਾਠਕ ਪੜ੍ਹ ਚੁੱਕੇ ਹਨ। ਇੱਕ ਵਾਰ ਸੌਣ ਸਿੰਘ ਢਿੱਲੋਂ ਦਰਸ਼ਨ ਕਰਨ ਆਇਆ ਅਤੇ ਨਮਸਕਾਰ ਕਰਕੇ ਬੈਠ ਗਿਆ। ਹਜ਼ੂਰ ਨੇ ਸਭ ਸੁੱਖ ਅਨੰਦ ਪੁੱਛੀ ਉਪਰੰਤ ਸੌਣ ਸਿੰਘ ਢਿੱਲੋਂ ਨੇ ਬੇਨਤੀ ਕੀਤੀ। ਮਹਾਰਾਜ ਜਿੰਨੇ ਵੀ ਸਾਧੂ ਮਹਾਤਮਾ ਹੁੰਦੇ ਹਨ ਕਈ-ਕਈ ਸਾਧੂ ਤਾਂ ਵਰਜੀ ਹੋਈ ਰੋਟੀ ਖਾਂਦੇ ਹੀ ਨਹੀਂ ਸਗੋਂ ਸੁੱਕੇ ਟੁਕੜੇ ਮੰਗ ਕੇ ਖਾ ਕੇ ਖੁਸ਼ ਰਹਿੰਦੇ ਹਨ। ਮੰਗੇ ਹੋਏ ਪ੍ਰਸ਼ਾਦੇ ਵਿਚੋਂ ਵੀ ਮੈਂ ਵੇਖਿਆ ਹੈ ਕੁੱਤਿਆਂ ਨੂੰ ਖੁਆ ਦਿੰਦੇ ਹਨ। ਕੋਈ ਕੱਪੜਾ ਲੀੜਾ ਦੇਵੇ ਤਾਂ ਵੀ ਨਹੀਂ ਲੈਂਦੇ, ਪੈਰੋਂ ਨੰਗੇ ਬੁਰੇ ਹਾਲੀ ਰਹਿੰਦੇ ਹਨ ਇਹ ਕਿਉਂ ਮੈਨੂੰ ਸਮਝ ਨਹੀਂ ਆਈ। ਇਹ ਵੀ ਕੋਈ ਫਕੀਰੀ ਹੈ। ਹਜ਼ੂਰ ਨੇ ਉੱਤਰ ਦਿੱਤਾ, "ਸੌਣ ਸਿਆਂ ਤੈਨੂੰ ਕੀ ਦੱਸੀਏ ਜਿਵੇਂ ਸੂਮ ਪੈਸਾ-ਪੈਸਾ ਕਰਕੇ ਮਾਇਆ ਜੋੜਦਾ ਹੈ। ਤਿਵੇਂ ਸੰਤ ਜਨ ਥੋੜਾ-ਥੋੜਾ ਸਿਮਰਨ ਕਰਕੇ ਦੁੱਖ ਤਕਲੀਫ਼ਾਂ ਸਰੀਰ ਉੱਤੇ ਝੱਲ ਕੇ ਨਾਮ ਧਨ ਇਕੱਠਾ ਕਰਦੇ ਹਨ ਨਾ ਦਿਨੇ ਆਰਾਮ ਨਾ ਰਾਤ ਨੂੰ ਨੀਂਦ, ਜਨਮਾਂ-ਜਨਮਾਂ ਵਿੱਚ ਘਾਲਣਾ ਕਰਕੇ ਤਾਂ ਕੋਈ ਕਿਤੇ ਜਾ ਕੇ ਸਿਰੇ ਲਗਦਾ ਹੈ ਕਈ ਤਾਂ

ਫਿਰ ਵੀ ਕੱਚੇ ਫਲ ਵਾਂਗੂ ਟੁੱਟ ਕੇ ਡਿੱਗ ਪੈਂਦੇ ਹਨ। ਕਈ ਬ੍ਰਿਛ ਨਾਲ ਲੱਗੇ ਹੋਏ ਵੀ ਦਾਗੀ ਹੋ ਜਾਂਦੇ ਹਨ, ਪੂਰਾ ਫਲ ਪਕ ਕੇ ਹੀ ਪ੍ਰਵਾਨ ਹੁੰਦਾ ਹੈ ਗੁਰ ਵਾਕ ਹੈ:

**ਕਬੀਰ ਫਲ ਲਾਗੇ ਫਲਨਿ ਪਾਕਨ ਲਾਗੇ ਆਂਬ॥**
**ਜਾਇ ਪਹੁਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥**

*(ਸਲੋਕ ਭਗਤ ਕਬੀਰ ਜੀ)*

ਬਾਬਾ ਜੀ ਨੇ ਬਚਨ ਜਾਰੀ ਰੱਖਦਿਆਂ ਹੋਇਆਂ ਅੱਗੇ ਦੱਸਿਆ ਸੌਣ ਸਿਆਂ ਸਾਧੂ ਦੀ ਕਮਾਈ ਵਿਚੋਂ ਇੱਕ ਹਿੱਸਾ ਸਮੇਂ ਦਾ ਰਾਜਾ ਲੈ ਜਾਂਦਾ ਹੈ। ਬਾਕੀ ਕਿਸੇ ਨੂੰ ਮੁੰਡਾ ਦਿੱਤਾ ਕਿਸੇ ਨੂੰ ਕੁੜੀ ਕਿਸੇ ਨੂੰ ਵਰ, ਕਿਸੇ ਨੂੰ ਸਰਾਪ, ਜੇ ਸੰਤ ਵਰਜੇ ਹੋਏ ਨਿਉਂਦੇ ਖਾਣ ਲੱਗ ਜਾਣ ਤਾਂ ਫਿਰ ਤਾਂ ਇਨ੍ਹਾਂ ਦੇ ਪੱਲੇ ਕੁਝ ਨਹੀਂ ਰਹਿੰਦਾ ਇਹ ਤਾਂ ਉਹੀ ਸਾਧੂ ਹੁੰਦੇ ਹਨ ਜਿਨ੍ਹਾਂ ਦੀ ਕਮਾਈ ਬਹੁਤ ਹੁੰਦੀ ਹੈ ਅਤੇ ਇਕ-ਇਕ ਸ੍ਵਾਸ ਦੇ ਨਾਮ ਜਪਣ ਨਾਲ ਰੋਮ-ਰੋਮ ਵਿਚੋਂ ਨਾਮ ਜਪਣ ਦੀ ਆਵਾਜ਼ ਆਉਂਦੀ ਹੈ। ਉਨ੍ਹਾਂ ਦੀ ਕਮਾਈ ਵਗਦੇ ਦਰਿਆ ਵਾਂਗੂੰ ਹੁੰਦੀ ਹੈ:

**ਗੁਰੁ ਦਰੀਆਉ ਸਦਾ ਜਲੁ ਨਿਰਮਲੁ**
**ਮਿਲਿਆ ਦੁਰਮਤਿ ਮੈਲੁ ਹਰੈ॥**
**ਸਤਿਗੁਰਿ ਪਾਈਐ ਪੂਰਾ ਨਾਵਣ ਪਸੂ ਪ੍ਰੇਤਹੁ ਦੇਵ ਕਰੈ॥**

*(ਪ੍ਰ: ਮ: ੧)*

ਕੋਈ ਆਵੇ ਸੇਵਾ ਕਰੇ ਤੇ ਕੁਝ ਲੈ ਜਾਵੇ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ, ਪਰ ਛੇਤੀ ਕੀਤੇ ਕੋਈ ਸਾਧੂ ਕਿਸੇ ਲਈ ਕੁਝ ਲੈ ਕੇ ਨਹੀਂ ਬੈਠਾ ਹੁੰਦਾ। ਨਾਮ ਜਪਣ ਦੀ ਜੁਗਤੀ ਤਾਂ ਦੱਸ ਦੇਈਦੀ ਹੈ ਪਰ ਆਪਣੇ ਕੋਲੋਂ ਕੋਈ ਕਿਸੇ ਨੂੰ ਨਹੀਂ ਦਿੰਦਾ ਜੇ ਵਗਦੇ ਦਰਿਆ ਵਿਚੋਂ ਕੋਈ ਬੁੱਕ ਭਰ ਕੇ ਪੀ ਗਿਆ ਜਾਂ ਆਪਣਾ ਭਾਂਡਾ ਬਣਾ ਕੇ ਭਰ ਕੇ ਲੈ ਗਿਆ। ਸੌਣ ਸਿੰਘ ਨੇ ਪੁੱਛਿਆ ਮਹਾਰਾਜ ਆਪਣਾ ਭਾਂਡਾ ਕੀ ਹੈ ਮੈਨੂੰ ਸਮਝ ਨਹੀਂ ਆਈ ਹਜ਼ੂਰ ਨੇ ਬਚਨ ਕੀਤਾ, "ਸੌਣ ਸਿਆਂ, ਜਿਹੜੀ ਕਮਾਈ ਕਰਨੀ ਹੈ। ਬਚਨ ਮੰਨਣਾ ਹੈ। ਇਹੋ ਹੀ ਭਾਂਡਾ ਬਨਾਉਣਾ ਹੈ ਨਾਮ ਜਪਕੇ ਸੇਵਾ ਕਰਕੇ ਇਸ ਤਰ੍ਹਾਂ ਹੀ ਭਾਂਡਾ ਬਣਦਾ ਹੈ। ਨਾਮ ਜਪਦਾ ਸੇਵਾ ਕਰਦਾ ਮਨ ਨੂੰ ਜਿੰਨਾ ਹੋ ਸਕੇ

ਬਾਹਰੋਂ ਰੋਕ ਕੇ ਰੱਖੇ ਜੇ ਮਨ ਨਾ ਰੁਕੇ ਤਾਂ ਆਪਣੇ ਮੁਰਸ਼ਿਦ ਨੂੰ ਦੱਸੇ ਜੇ ਕੋਈ ਲੋੜਵੰਦ ਆ ਵੀ ਜਾਵੇ ਤਾਂ ਉਸਨੂੰ ਆਪਣੇ ਮੁਰਸ਼ਿਦ ਕੋਲ ਘੱਲ ਦੇਵੇ ਤਾਂ ਚੰਗਾ ਰਹੇਗਾ, ਵਿਚੋਂ ਹੀ ਸੌਣ ਸਿੰਘ ਨੇ ਕਿਹਾ ਜੀ ਜਿਵੇਂ ਰਿਖੀ ਜੀ ਕਲੇਰਾਂ ਵਾਲੇ ਕਰਦੇ ਹਨ, ਹਜ਼ੂਰ ਨੇ ਬਚਨ ਕੀਤਾ ਸੌਣ ਸਿਆਂ ਕਲੇਰਾਂ ਵਾਲੇ ਬੜੇ ਦਾਨੇ ਹਨ ਛੇਤੀ ਕੀਤੇ ਕਿਸੇ ਨੂੰ ਲੜ ਨਹੀਂ ਫੜਾਉਂਦੇ। ਸਾਡੇ ਕੋਲ ਵੀ ਉਸਨੂੰ ਘੱਲਦੇ ਹਨ ਜਿਸਦਾ ਕਰਾਉਣਾ ਹੀ ਹੋਵੇ ਕਈ ਸਾਡੇ ਕੋਲ ਆ ਕੇ ਵੀ ਖਾਲੀ ਮੁੜ ਜਾਂਦੇ ਹਨ। ਸੌਣ ਸਿਆਂ ਇੱਕ ਵਾਰ ਦੀ ਗੱਲ ਹੈ ਰਿਖੀ ਜੀ ਕਲੇਰਾਂ ਵਾਲੇ ਹਰ ਵੇਲੇ ਉਸ ਅਵਸਥਾ ਵਿੱਚ ਰਹਿਣ ਲੱਗ ਪਏ ਕੋਈ ਤੁਰਿਆ ਜਾਂਦਾ ਵੀ ਦਰਸ਼ਨ ਕਰੇ ਤੇ ਖਾਲੀ ਨਾ ਮੁੜੇ। ਅਸੀਂ ਵੇਖਿਆ, ਇਹ ਤਾਂ ਬੜੀ ਮਰਯਾਦਾ ਤੋਂ ਉਲਟ ਗੱਲ ਹੋ ਗਈ ਨਾ ਕਿਸੇ ਨੇ ਸੇਵਾ ਕੀਤੀ ਨਾ ਸਿਮਰਨ ਕੀਤਾ, ਤੁਰਿਆ ਜਾਂਦਾ ਹੀ ਲੈ ਗਿਆ। ਅਸੀਂ ਸੱਦ ਕੇ ਉਨ੍ਹਾਂ ਨੂੰ ਸਮਝਾਇਆ ਇਉਂ ਨਾ ਕਰੋ। ਇਸ ਤਰ੍ਹਾਂ ਤਾਂ ਦੱਸ ਗੁਰੂਆਂ ਨੇ ਵੀ ਨਹੀਂ ਕੀਤੀ। ਪਰ ਉਹ ਛੇਤੀ ਮੰਨ ਗਏ ਸੌਣ ਸਿਆਂ ਕੋਈ ਸੇਵਾ ਸਿਮਰਨ ਕਰੇ ਸੱਤ ਬਚਨ ਦਾ ਅਧਿਕਾਰੀ ਬਣੇ। ਉਸਨੂੰ ਕੁਝ ਦੇਣ ਵੇਲੇ ਉਸ ਅਵਸਥਾ ਵਿੱਚ ਆ ਕੇ ਉਸਨੂੰ ਬਚਨ ਕਰੀਦਾ ਹੈ, ਕੁਝ ਮੰਗ ਤੇ ਉਹ ਮੰਗਦਾ ਹੈ ਉਸਨੂੰ ਉਸਦੀ ਇੱਛਾ ਅਨੁਸਾਰ ਕਮਾਈ ਅਨੁਸਾਰ ਕੁਝ ਮਿਲਦਾ ਹੈ। ਇਹ ਸਮਾਂ ਥੋੜੇ ਚਿਰ ਵਾਸਤੇ ਹੀ ਹੁੰਦਾ ਹੈ। ਫਿਰ ਅਵਸਥਾ ਬਦਲ ਲਈ ਜਾਂਦੀ ਹੈ। ਅਸੀਂ ਅੱਠਾਂ ਦਿਨਾਂ ਵਿੱਚ ਇੱਕ ਵਾਰੀ ਐਸੀ ਅਵਸਥਾ ਵਿੱਚ ਆ ਕੇ ਕੱਲੇ-ਕੱਲੇ ਸੇਵਾਦਾਰ ਨੂੰ ਪੁੱਛਦੇ ਹਾਂ ਤੇਰੀ ਕੀ ਮੰਗ ਹੈ ? ਤੂੰ ਸੇਵਾ ਕਿਸ ਵਾਸਤੇ ਕਰਦਾ ਹੈਂ ਉਸ ਵੇਲੇ ਕਿਸੇ ਬਾਹਰਲੇ ਬੰਦੇ ਨੂੰ ਅੰਦਰ ਨਹੀਂ ਆਉਣ ਦੇਈਦਾ। ਉਹ ਸਮਾਂ ਕੱਲੇ ਸੇਵਕਾਂ ਵਾਸਤੇ ਹੁੰਦਾ ਹੈ। ਉਸ ਸਮੇਂ ਬਾਹਰ ਪਹਿਰਾ ਲਾ ਦੇਈਦਾ ਹੈ। ਉਪਰੰਤ ਸੌਣ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਪੁਰਾਣੇ ਸਾਧੂ ਜੇ ਕਿਸੇ ਦੇ ਘਰੋਂ ਕੁਝ ਖਾਂਦੇ ਪਹਿਨਦੇ ਸਨ ਤਾਂ ਕਿਸ ਤਰ੍ਹਾਂ ਕਰਦੇ ਸਨ। ਉੱਤਰ ਵਿੱਚ ਹਜ਼ੂਰ ਨੇ ਬਚਨ ਕੀਤਾ, "ਪਹਿਲੀ ਪਾਤਸ਼ਾਹੀ ਨੇ ਆਪਣੇ ਸਿੱਖਾਂ ਸੰਤਾਂ ਨੂੰ ਇਹ ਮਰਿਯਾਦਾ ਦੱਸੀ ਸੀ। ਜੇ ਕਿਸੇ ਦੇ ਘਰੋਂ ਨਿਉਂਦਾ ਛਕੋ। ਉਸ ਨਮਿੱਤ ਪੰਜ ਪਾਠ ਜਪੁ ਜੀ ਸਾਹਿਬ ਦੇ ਕਰਨੇ ਆਪਣੇ ਨਿਤਨੇਮ ਤੋਂ ਬਿਨਾਂ ਜੇ ਕੋਈ ਪੂਰੇ ਬਸਤਰ ਦੇਵੇ ਉਸ ਨਮਿੱਤ ਪੱਚੀ ਪਾਠ ਜਪੁਜੀ ਸਾਹਿਬ

ਦੇ ਕਰਨੇ। ਜੇ ਮੰਜਾ ਬਿਸਤਰਾ ਨਾਲ ਦੇਵੇ ਤਾਂ ਪੰਜਾਹ ਪਾਠ ਕਰਨੇ। ਜੇ ਕੋਈ ਕੋਠਾ ਰਹਿਣ ਨੂੰ ਦੇਵੇ ਉਸ ਨਮਿੱਤ ਇੱਕ ਸੌ ਪੱਚੀ ਪਾਠ ਜਪੁਜੀ ਸਾਹਿਬ ਦੇ ਕਰਨੇ। ਜਿਵੇਂ-ਜਿਵੇਂ ਕਿਸੇ ਤੋਂ ਵੱਖ ਲੈਣ ਦੇਣ ਕਰੇ ਤਾਂ ਹੋਰ ਪਾਠ ਸਿਮਰਨ ਵੱਧ ਕਰਨਾ ਪੈਂਦਾ ਹੈ। ਸੌਣ ਸਿੰਘ ਨੇ ਹੱਸ ਕੇ ਬੇਨਤੀ ਕੀਤੀ ਮਹਾਰਾਜ ਜਿਹੜੇ ਸੰਤ ਸਦਾ ਲੋਕਾਂ ਦੇ ਘਰ ਵਿਚੋਂ ਖਾਂਦੇ ਪਹਿਨਦੇ ਹਨ। ਹਜ਼ੂਰ ਨੇ ਬਚਨ ਕੀਤਾ, "ਉਹ ਤਾਂ ਜੁਆਰੀ ਵਾਂਗੂੰ ਸਭ ਕੁਝ ਹਾਰ ਕੇ ਹੀ ਜਾਂਦੇ ਹਨ। ਵਾਕ ਹੈ:

**ਚਲੇ ਜੁਆਰੀ ਦੁਇ ਹਥ ਝਾਰ॥**

*(ਭਗਤ ਕਬੀਰ ਜੀ)*

ਬਾਬਾ ਸੌਣ ਸਿੰਘ ਨੇ ਫਿਰ ਬੇਨਤੀ ਕੀਤੀ ਮਹਾਰਾਜ ਤੁਹਾਡੇ ਨਾਲ ਕੋਈ ਮੌਲਵੀ ਕੋਈ ਕਿਸੇ ਮੱਤ ਦਾ ਸਾਧੂ ਵਿਦਵਾਨ ਉੱਤਰ ਪ੍ਰਸ਼ਨ ਕਰੇ, ਆਪ ਜੀ ਸਭ ਦੇ ਮਨ ਦੇ ਸ਼ੰਕੇ ਦੂਰ ਕਰਕੇ ਤੋਰਦੇ ਹੋ, ਪ੍ਰੰਤੂ ਕਿਸੇ ਨੂੰ ਔਂਕੜ ਵਿੱਚ ਪਾਉਂਦੇ ਹੋ, ਜਿਵੇਂ ਪਿਛਲੇ ਦਿਨੀਂ ਇੱਕ ਬ੍ਰਾਹਮਣ ਨੂੰ ਤੁਸੀਂ ਸਵਾਲ ਕੀਤੇ। ਤੇਰੇ ਘਰ ਦੇ ਕੜੀਆਂ ਬਾਲੇ ਕੋਠੇ ਦਹੈ ਖੜ ਖਿੜਕੀਆਂ, ਬਾਰੀਆਂ ਕਿੰਨੀਆਂ ਹਨ ਫੇਰ ਆਪੇ ਹੀ ਸਭ ਕੁਝ ਦੱਸ ਦਿੱਤਾ। ਬਾਬਾ ਜੀ ਨੇ ਬਚਨ ਕੀਤਾ, "ਸੌਣ ਸਿਆਂ ਤੂੰ ਵੀ ਉਸ ਦਿਨ ਕੋਲ ਹੀ ਸੀ ਜਿਸ ਦਿਨ ਉਸ ਪੰਡਿਤ ਨਾਲ ਇਹ ਗੱਲ ਹੋਈ ਸੀ। ਸੌਣ ਸਿਆਂ ਇਹ ਇੱਕ ਦੇਵਤਾ ਪ੍ਰਸਿੱਧ ਕੀਤਾ ਹੁੰਦਾ ਹੈ। ਇਨ੍ਹਾਂ ਲੋਕਾਂ ਨੇ ਇੱਕ ਦੇਵਤਾ ਤਾਂ ਕੰਨ ਵਿੱਚ ਅਤਰ ਲਾ ਕੇ ਰੂੰ ਦਾ ਫੰਬਾ ਰੱਖਦੇ ਹਨ ਦੂਜਾ ਦੇਵਤਾ ਕੰਨ ਵਿੱਚ ਪਿਸ਼ਾਬ ਲਾ ਕੇ ਰੂੰ ਦਾ ਫੰਬਾ ਰੱਖਦੇ ਹਨ। ਪਰ ਇਹ ਗੱਲ ਦੱਸਣ ਜੋਗੇ ਹੀ ਹੁੰਦੇ ਹਨ ਗੱਲਾਂ ਵੀ ਪਿਛਲੀਆ ਹੋਈਆਂ। ਅਗਲੀ ਗੱਲ ਦਾ ਹੋਣ ਵਾਲੀ ਦਾ ਇਨ੍ਹਾਂ ਨੂੰ ਕੋਈ ਪਤਾ ਨਹੀਂ ਹੁੰਦਾ, ਲੋਕਾਂ ਨੂੰ ਗੱਲਾਂ ਦੱਸ ਕੇ ਆਪਣੀ ਰੋਟੀ ਕਮਾਉਣ ਜੋਗੇ ਹੁੰਦੇ ਹਨ। ਦੁਨੀਆਂ ਮਗਰ ਲੱਗ ਜਾਂਦੀ ਹੈ। ਉਹ ਬ੍ਰਾਹਮਣ ਜਿਸ ਵੇਲੇ ਸਾਡੇ ਕੋਲ ਆਇਆ ਉਸਦਾ ਦੇਵਤਾ ਸਾਡੇ ਕੋਲ ਆ ਹੀ ਨਾ ਸਕਿਆ। ਕੋਈ ਗੱਲ ਪੰਡਿਤ ਦੱਸ ਹੀ ਨਾ ਸਕਿਆ। ਸਾਡੀ ਵਾੜ ਤੋਂ ਅੰਦਰ ਕੋਈ ਦੇਵੀ ਦੇਵਤਾ ਸਾਡੇ ਹੁਕਮ ਬਿਨਾਂ ਨਹੀਂ ਆ ਸਕਦਾ ਅਸੀਂ ਸਦਾ ਇਹ ਦੂਰ ਹੀ ਰੱਖੇ ਹਨ। ਸੌਣ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਇਹ ਦੇਵਤੇ ਮੁਕਤੀ ਦੇ ਦਿੰਦੇ ਹਨ। ਬਾਬਾ ਜੀ ਨੇ ਬਚਨ ਕੀਤਾ, "ਸੌਣ ਸਿਆਂ

ਮੁਕਤੀ ਤਾਂ ਨਿਰੰਕਾਰ ਦੇ ਸਿਮਰਨ ਕਰਨ ਨਾਲ ਜਾਂ ਸਾਧ ਸੰਗਤ ਵਿੱਚ ਰਹਿ ਕੇ ਸੇਵਾ ਕਰਨ ਨਾਲ ਹੀ ਮਿਲਦੀ ਹੈ। ਮੁਕਤੀ ਹੋਰ ਕਿਵੇਂ ਵੀ ਨਹੀਂ ਮਿਲਦੀ ਪਰ ਪ੍ਰਮੇਸ਼ਰ ਦੇ ਪਿਆਰੇ ਮੁਕਤੀ ਦੀ ਇੱਛਾ ਹੀ ਨਹੀਂ ਕਰਦੇ।

**ਕਈ ਬੈਕੁੰਠ ਨਾਹੀ ਲਵੈ ਲਾਗੇ ॥**
**ਮੁਕਤਿ ਬਪੁੜੀ ਭੀ ਗਿਆਨੀ ਤਿਆਗੈ ॥**

*(ਮਾਰੂ ਸੋਲਹੇ ਮ: ੫)*

**ਸੁਰਗ ਮੁਕਤਿ ਬੈਕੁੰਠ ਸਭਿ ਬਾਛਹਿ ਨਿਤਿ ਆਸਾ ਆਸ ਕਰੀਜੈ ॥**
**ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ**
**ਮਿਲਿ ਦਰਸ਼ਨ ਤ੍ਰਿਪਤਿ ਮਨੁ ਧੀਜੈ ॥**

*(ਕਲਿਆਣ ਮ: ੪)*

**ਇੰਦ੍ਰ ਇੰਦ੍ਰਾਸਣ ਬੈਠੇ ਜਮ ਕਾ ਭਉ ਪਾਵਹਿ ॥**
**ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥**

*(ਮਾਰੂ ਸੋਹਲੇ)*

ਦੇਵਤੇ ਕਿਸੇ ਨੂੰ ਮੁਕਤੀ ਦੇ ਨਹੀਂ ਸਕਦੇ। ਕਿਸੇ ਕੈਦੀ ਨੇ ਕਿਸੇ ਦੀ ਫਾਂਸੀ ਛੁੜਾਈ ਹੈ ਇਹੋ ਗੱਲ ਦੇਵਤਿਆਂ ਦੀ ਹੈ। ਫਿਰ ਅਖੀਰ ਉੱਤੇ ਸੌਣ ਸਿੰਘ ਨੇ ਬੇਨਤੀ ਕੀਤੀ, ਮਹਾਰਾਜ ! ਤੁਸੀਂ ਰੋਮ-ਰੋਮ ਨਾਮ ਜਪਣ ਵਾਲੀ ਗੱਲ ਕੀਤੀ ਸੀ। ਕੀ ਰੋਮ ਭਾਵ ਸਰੀਰ ਦੇ ਵਾਲ ਵੀ ਜਪਦੇ ਹਨ ? ਬਾਬਾ ਜੀ ਨੇ ਬਚਨ ਕੀਤਾ, "ਹਾਂ ਸੌਣ ਸਿਆਂ ਰੋਮਾਂ ਵਿਚੋਂ ਵੀ ਜਪਣ ਦੀ ਆਵਾਜ਼ ਆਉਂਦੀ ਤੂੰ ਸੁਨਣੀ ਹੈ। ਜੇ ਸੁਨਣੀ ਹੈ ਤਾਂ ਹੱਥ ਪੈਰ ਧੋਕੇ ਸਾਡੇ ਕੋਲ ਹੋ ਕੇ ਬੈਠਾ ਮੂੰਹ ਅੱਗੇ ਪੱਲਾ ਕਰਕੇ ਸਾਡੇ ਸਰੀਰ ਦੇ ਕਿਸੇ ਵੀ ਥਾਂ, ਕੰਨ ਲਾ ਕੇ ਸੁਣ ਲੈ।" ਬਚਨ ਸੁਣਨ ਉਪਰੰਤ ਸੌਣ ਸਿੰਘ ਢਿੱਲੋਂ ਹੁਕਮ ਅਨੁਸਾਰ ਹੱਥ ਪੈਰ ਧੋ ਕੇ ਮੂੰਹ ਅੱਗੇ ਪੱਲਾ ਰੱਖ ਦੇ ਬਾਬਾ ਜੀ ਦੇ ਨੇੜੇ ਹੋ ਕੇ ਬੈਠ ਗਿਆ। ਹਜ਼ੂਰ ਨੇ ਕਿਸੇ ਰੱਬੀ ਰੰਗ ਵਿੱਚ ਮੁਸਕਰਾ ਕੇ ਆਪਣੀ ਬਾਂਹ ਸੌਣ ਸਿੰਘ ਦੇ ਕੰਨ ਕੋਲ ਕਰਕੇ ਕਿਹਾ, "ਲੈ ਸੁਣ" ਕੁਝ ਸਮਾਂ ਚੁੱਪ ਛਾਈ ਰਹੀ। ਸਾਰੀ ਸੰਗਤ ਹੈਰਾਨੀ ਨਾਲ ਵੇਖ ਰਹੀ ਸੀ। ਉਪਰੰਤ ਹਜ਼ੂਰ ਨੇ ਆਪਣੀ ਬਾਂਹ ਸੌਣ ਸਿੰਘ ਦੇ ਕੰਨ ਤੋਂ ਵੱਖ ਕੀਤੀ ਤਾਂ ਬਾਬਾ ਸੌਣ ਸਿੰਘ ਤ੍ਰਭਕ ਕੇ ਅੱਖਾਂ ਖੋਲ੍ਹ ਕੇ ਬੋਲਿਆ ਜੀਵਨ ਦਾਨ ਦੇਣ ਵਾਲੇ ਦਾਤਿਆ, ਜੀਵਨ ਦਾਨ ਦੇ ਕੇ ਹੁਣ

ਮੁਰਦਾ ਨਾ ਬਣਾ। ਕੰਨਾਂ ਦੇ ਕਟੋਰਿਆਂ ਵਿੱਚ ਇਹ ਅੰਮ੍ਰਿਤ ਪਿਲਾਈ ਚੱਲ। ਹਜ਼ੂਰ ਨੇ ਬਚਨ ਕੀਤਾ, "ਜਿਸਨੇ ਵੀ ਸੁਨਣਾ ਹੈ ਹੁਣ ਸਮਾਂ ਹੈ ਆ ਜਾਓ, ਅੱਜ ਮੌਕਾ ਹੈ। ਉਪਰੰਤ ਜੋ ਵੀ ਸੰਗਤ ਸੀ ਉਨ੍ਹਾਂ ਵਡਭਾਗੀਆਂ ਦੇ ਨਾਮ ਪੜ੍ਹ ਲਵੋ ਹਜ਼ੂਰੀ ਸੇਵਕ ਸੰਤ ਨਰੈਣ ਸਿੰਘ ਜੀ, ਬਾਬਾ ਭਾਈ ਨੀਲਾ ਸਿੰਘ ਜੀ, ਭਜਨ ਸਿੰਘ ਮਹਿਰਾ ਸਿੱਖ ਲਾਂਗਰੀ, ਝੰਡਾ ਸਿੰਘ ਛੋਟਾ ਸਮੇਂ ਤੋਂ ਲਾਲਾ ਦਿਲ ਸੁਖ ਰਾਇ ਤੇ ਇਸਦੇ ਘਰੋਂ ਬੀਬੀ ਜਮਨਾ, ਮਾਈ ਖੇਮੋ ਤੇ ਬੀਬੀ ਜੈ ਕੌਰ ਤੇ ਰਤਨ ਸਿੰਘ ਡਰੋਲੀ ਮੁਣਸ਼ੀ ਹਰਦਿੱਤ ਸਿੰਘ। ਉਸ ਸਮੇਂ ਹਜ਼ੂਰ ਥੋੜ੍ਹਾ-ਥੋੜ੍ਹਾ ਮੁਸਕਰਾ ਰਹੇ ਸਨ।

**ਜਿਉਂਦਾ ਕਰੇ ਮੁਰਦਿਆ ਤਾਈਂ ਜਰਾ ਜਰਾ ਮੁਸਕਰਾ ਕੇ।**
**ਸਿੱਟੇ ਅੰਮ੍ਰਿਤ ਰਸ ਨੂੰ ਮੁੱਖ ਤੋਂ ਮਿੱਠੇ ਬਚਨ ਸੁਣਾ ਕੇ।**

*(ਭਾਈ ਨੰਦ ਲਾਲ ਜੀ)*

ਉਪਰੰਤ ਹਜ਼ੂਰ ਨੇ ਬਚਨ ਕੀਤਾ, "ਸੌਣ ਸਿਆਂ ਕੁਝ ਪਤਾ ਲੱਗਾ, ਸਮਝ ਆਈ, ਇਹ ਸਭ ਕੁਝ ਗੁਰੂ ਨਾਨਕ ਦੀ ਦਾਤ ਹੈ।" ਸੌਣ ਸਿੰਘ ਨੇ ਕਿਹਾ ਮਹਾਰਾਜ ਅਸੀਂ ਸਾਰੀ ਉਮਰ ਭੁੱਲੇ ਹੀ ਰਹੇ ਸਿਰ ਨਵਾ ਕੇ ਚੁੱਪ ਚਾਪ ਬੈਠ ਗਿਆ ਪਰ ਜਿਵੇਂ ਮਨ ਆਖ ਰਿਹਾ ਹੋਵੇ। ਸੂਰਜ ਚੜ੍ਹੇ ਹੋਇ ਤੋਂ ਹਨੇਰੇ ਵਿੱਚ ਭਟਕਦੇ ਰਹੇ ਸਾਡਾ ਕੀ ਬਣੇਗਾ। ਹਜ਼ੂਰ ਨੇ ਬਚਨ ਕੀਤਾ, "ਸੌਣ ਸਿਆਂ ਤੁਹਾਡਾ ਸਭ ਕੁਝ ਬਣਿਆ ਹੈ, ਜਿੱਥੇ ਅਸੀਂ ਉਥੇ ਤੁਸੀਂ, ਪਿੱਛੇ ਰਹੇ ਹੋ ਅੱਗੇ ਨੂੰ ਰਹੋਗੇ। ਉਪਰੰਤ ਸਾਰੀ ਸੰਗਤ ਨੇ ਨਮਸਕਾਰ ਕੀਤੀ।

**ਕੁੰਡਲੀਆਂ**

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਜੀ ਅਗਮ ਦਇਆ ਬਿਅੰਤ॥**
**ਤੂੰ ਸਿਰ ਨਾਥਨ ਕੇ ਨਾਥ ਹੈ ਸਭ ਸੰਤਨ ਮੇਂ ਸੰਤ॥**
**ਸਭ ਸੰਤਨ ਮੇਂ ਸੰਤ ਮਹੰਤ ਤੇਰੇ ਗੁਣ ਗਾਵੈਂ।**
**ਇੰਦ੍ਰ ਉਪਿੰਦ੍ਰ, ਫੁਨਿੰਦ੍ਰ-ਦਿਨ ਰਾਤ ਧਿਆਵੈਂ॥**
**ਕਹੇ ਕਵੀ ਸਤਿਨਾਮ ਸਿੰਘ ਬਾਰ-ਬਾਰ ਬੰਦਨ ਕਰੀ॥**
**ਪਾਵਨ ਪਤਤ ਪੁਨੀਤ ਪਰਮ ਜੋਤ ਪਰਮੇਸਰੀ॥**

*(ਇਹ ਪ੍ਰਸੰਗ ਮਾਤਾ ਪਿਤਾ ਤੋਂ ਕਈ ਵਾਰ ਸੁਣਿਆ)*

# ਅਨਿਕ ਦੋਖ ਅਨਿਕ ਰੋਗ ਮਿਟਹਿ ਜਸੁ ਸੁਨੀ॥

ਬਠਿੰਡੇ ਸ਼ਹਿਰ ਦੇ ਰਹਿਣ ਵਾਲਾ ਇੱਕ ਮੁਸਲਮਾਨ ਮੌਲਵੀ ਸੀ। ਮਸੀਤ ਵਿੱਚ ਰਹਿੰਦਾ ਸੀ। ਜਿਸਦਾ ਪ੍ਰਸੰਗ ਪਿੱਛੇ ਕਿਸੇ ਹਿੱਸੇ ਵਿੱਚ ਆ ਚੁੱਕਾ ਹੈ। ਇਸਦੇ ਘਰ ਇੱਕ ਲੜਕਾ ਵੀ ਬਾਬਾ ਜੀ ਦੀ ਕ੍ਰਿਪਾ ਨਾਲ ਹੋਇਆ ਸੀ। ਉਹ ਲੜਕਾ ਜਵਾਨ ਹੋਣ ਉਪਰੰਤ ਐਸਾ ਬੀਮਾਰ ਹੋਇਆ ਬੇਅੰਤ ਇਲਾਜ ਕਰਾਏ ਕਿਤੋਂ ਠੀਕ ਨਾ ਹੁੰਦਾ ਵੇਖ ਉਸਦੇ ਮਾਤਾ-ਪਿਤਾ ਸਭ ਪਾਸੇ ਤੋਂ ਨਿਰਾਸ਼ ਹੋ ਕੇ ਬਾਬਾ ਜੀ ਪਾਸ ਲੈ ਕੇ ਹਾਜ਼ਰ ਹੋਏ ਅਤੇ ਬੱਚੇ ਦੀ ਤੰਦਰੁਸਤੀ ਵਾਸਤੇ ਬੇਨਤੀ ਕੀਤੀ ਤੇ ਕਿਹਾ ਗਰੀਬ ਨਿਵਾਜ ਇਹ ਬੱਚਾ ਆਪ ਜੀ ਦਾ ਹੀ ਬਖ਼ਸ਼ਿਆ ਹੋਇਆ ਹੈ। ਮੇਹਰ ਕਰੋ ਤੰਦਰੁਸਤ ਹੋ ਜਾਵੇ। ਬੇਨਤੀ ਸੁਨਣ ਉਪਰੰਤ ਹਜ਼ੂਰ ਨੇ ਬਚਨ ਕੀਤਾ, "ਸੱਦੋ ਡਰੋਲੀ ਵਾਲੇ ਰਤਨ ਸਿੰਘ ਨੂੰ ਹੁਕਮ ਅਨੁਸਾਰ ਰਤਨ ਸਿੰਘ ਡਰੋਲੀ ਹਾਜ਼ਰ ਹੋ ਗਿਆ। ਹਾਜ਼ਰ ਹੋਣ ਸਮੇਂ ਹਜ਼ੂਰ ਨੇ ਹੁਕਮ ਕੀਤਾ, "ਲੈ ਬਈ ਤੂੰ ਇਸਨੂੰ ਸਾਡੇ ਸਾਹਮਣੇ ਬੈਠ ਕੇ ਪੰਜ ਪਾਠ ਸੁਖਮਨੀ ਸਾਹਿਬ ਦੇ ਸੁਣਾ, ਹੁਕਮ ਅਨੁਸਾਰ ਪਾਠ ਸਣਾਉਣੇ ਆਰੰਭ ਕਰ ਦਿੱਤੇ ਗਏ। ਲੜਕੇ ਨੂੰ ਹੁਕਮ ਅਨੁਸਾਰ ਉਥੇ ਹੀ ਲੰਮਾ ਪਾ ਦਿੱਤਾ ਗਿਆ। ਹਰ ਪਾਠ ਦੀ ਸਮਾਪਤੀ ਸਮੇਂ ਬਾਬਾ ਜੀ 'ਸ਼ੁਧ' ਦਾ ਬਚਨ ਕਰਦੇ ਰਹੇ। ਇੱਕ ਵਾਰ ਤਾਂ ਪਾਠ ਸੁਣਦੇ ਸਮੇਂ ਲੜਕਾ ਇਸ ਤਰ੍ਹਾਂ ਦਾ ਹੋ ਗਿਆ ਜਿਵੇਂ ਮਰ ਹੀ ਗਿਆ ਹੋਵੇ। ਹਜ਼ੂਰ ਨੇ ਉਸ ਸਮੇਂ ਮੌਲਵੀ ਤੇ ਉਸਦੀ ਘਰਵਾਲੀ ਨੂੰ ਕਿਹਾ, "ਤਕੜੇ ਹੋਵੋ, ਰੋਣਾ ਨਹੀਂ, ਗੁਰੂ ਨਾਨਕ ਭਲੀ ਕਰੇਗਾ। ਤੁਸੀਂ ਚੰਗੇ ਸਮੇਂ ਆ ਗਏ ਹੋ।" ਪੰਜ ਪਾਠ ਪੂਰੇ ਹੋਣ ਉਪਰੰਤ ਬਾਬਾ ਜੀ ਨੇ ਸ਼ੇਰ ਵਾਂਗੂੰ ਭਬਕ ਕੇ ਬਚਨ ਕੀਤਾ, "ਜਾਹ ਓਇ ਤੇਰਾ ਵਾਲ ਵਿੰਗਾ ਨਹੀਂ ਹੁੰਦਾ ਉਠ ਕੇ ਬੈਠ ਜਾ" ਉਹ ਲੜਕਾ ਜਿਹੜਾ ਬੜੀ ਮੁਸ਼ਕਿਲ ਨਾਲ ਉਠਦਾ ਸੀ ਇਸ ਤਰ੍ਹਾਂ

ਉੱਠ ਕੇ ਬੈਠ ਗਿਆ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਹੁਕਮ ਅਨੁਸਾਰ ਲੰਗਰ ਵਿਚੋਂ ਪ੍ਰਸ਼ਾਦੇ ਮੰਗਾ ਕੇ ਨਿਗਾਹ ਕਰਕੇ ਛਕਣ ਦਾ ਹੁਕਮ ਹੋਇਆ। ਜੋ ਉਸਨੇ ਛੱਕ ਲਏ ਫਿਰ ਮੌਲਵੀ ਨੂੰ ਪੁੱਛਿਆ, "ਇਹ ਮੁੰਡਾ ਨਮਾਜ਼ ਪੜ੍ਹਦਾ ਹੈ ?" ਤਾਂ ਮੌਲਵੀ ਨੇ ਕਿਹਾ ਜੀ ਸਕੂਲ ਵਿੱਚ ਪੜ੍ਹਦਾ ਹੈ ਹੋਰ ਕੁਝ ਨਹੀਂ ਤਾਂ ਬਚਨ ਕੀਤਾ, "ਇਸਨੂੰ ਨਮਾਜ਼ਾਂ ਪੜਨਾ ਸਿਖਾਓ, ਕੁਰਾਨ ਪੜਾਓ, ਕਲਮਾਂ ਪੜ੍ਹਨ ਲਾਓ, ਇਸਦਾ ਸੰਸਾਰ ਉੱਤੇ ਆਉਣਾ ਸਫਲ ਹੋਵੇ। ਫਿਰ ਮੌਲਵੀ ਵੱਲ ਵੇਖ ਕੇ ਬਚਨ ਕੀਤਾ, "ਮੌਲਵੀ ਰੱਬ ਦੇ ਨਾਂਅ ਵਿੱਚ ਸਭ ਕੁਝ ਹੈ ਜਿੱਥੇ ਰੱਬ ਦਾ ਨਾਂਅ ਹੈ ਉਥੇ ਸਭ ਕੁਝ ਹੈ। ਇਸ ਮੁੰਡੇ ਨੂੰ ਹੁਣ ਤੋਂ ਹੀ ਕਲਮਾਂ ਪੜਨ ਲਾਓ।" ਫਿਰ ਮੌਲਵੀ ਨੇ ਬੇਨਤੀ ਕੀਤੀ। ਗਰੀਬ ਨਿਵਾਜ ਇਸ ਬੱਚੇ ਉੱਤੇ ਰਹਿਮਤ ਦੀ ਨਿਗਾਹ ਰੱਖਣੀ ਤਾਂ ਬਚਨ ਹੋਇਆ, "ਮੌਲਵੀ ਰੱਬ ਦੀ ਬੰਦਗੀ ਕਰਨ ਵਾਲਿਆਂ ਉੱਤੇ ਸਦਾ ਰੱਬ ਦੀ ਰਹਿਮਤ ਰਹਿੰਦੀ ਹੈ। ਅਸੀਂ ਇਸਨੂੰ ਕਲਮਾਂ ਯਾਦ ਕਰਾ ਦਿੰਦੇ ਹਾਂ ਤੇ ਫਿਰ ਉਸਦੀ ਅੰਦਰਲੀ ਅਤੇ ਬਾਹਰਲੀ ਸ਼ਰਾਅ ਕਰਾਈ। ਉਪਰੰਤ ਉਸ ਨੂੰ ਕਲਮਾਂ ਪੜ੍ਹਾ ਕੇ ਯਾਦ ਕਰਾ ਕੇ ਕਿਹਾ ਤੇ ਹੁਣ ਪੜ੍ਹ ਕੇ ਸੁਣਾ ਫਿਰ ਉਸਨੂੰ ਖੁਸ਼ੀਆਂ ਬਖਸ਼ ਕੇ ਤੋਰ ਦਿੱਤਾ। ਨਾਲ ਬਚਨ ਕੀਤਾ ਇਸ ਮੁੰਡੇ ਨੂੰ ਫਿਰ ਕਿਤੇ ਲੈ ਕੇ ਆਈਂ ਇਸਨੂੰ ਕੁਝ ਦੇਵਾਂਗੇ। ਮੌਲਵੀ ਜੋ ਆਗਿਆ ਕਹਿ ਕੇ ਵਿਦਾ ਹੋ ਗਿਆ।

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਤੇਰੀ ਸਿਫਤ ਨਾ ਹੋਇ ਬਖਾਨ॥**
**ਤੂੰ ਆਪਣੀ ਮਿਤ ਆਪ ਜਾਣਦਾ ਤੂੰ ਪੁਰਖ ਰੂਪ ਭਗਵਾਨ॥**
**ਤੂੰ ਪੁਰਖ ਰੂਪ ਭਗਵਾਨ ਕਹਿਣ ਤੇ ਭੀ ਡਰ ਪਾਂਵਉ॥**
**ਹੋਂ ਅਜਾਨ ਮੱਤ ਮੰਦ ਕਿਆ ਕਹਿ ਤੁਝੈ ਬੁਲਾਵਉਂ॥**
**ਕਹੇ ਕਵੀ ਸਤਿਨਾਮ ਸਿੰਘ ਮੋਹਿ ਬਖਸੋ ਛਿਨ ਛਿਨ ਭੂਲ ਕਰੀ॥**
**ਪਾਰ ਬ੍ਰਹਮ ਪੂਰਨ ਬ੍ਰਹਮ, ਪਰਮ ਜੋਤ ਪ੍ਰਮੇਸ਼ਰੀ॥**

# ਆਪੇ ਬੀਜਿ ਆਪੇ ਹੀ ਖਾਹੁ ॥

ਇਕ ਵਾਰ ਮਹਾਂ ਹਰਿਨਾਮ ਸਿੰਘ ਇਲਾਹੀ ਰੰਗ ਵਿੱਚ ਮਸਤ ਬੈਠੇ ਸਨ, ਸਵੇਰ ਦਾ ਸਮਾਂ ਸੀ। ਰੋਜ਼ ਦੇ ਨਿਯਮ ਅਨੁਸਾਰ ਸੇਵਾਦਾਰ ਪ੍ਰੇਮੀ ਨਮਸਕਾਰ ਕਰਕੇ ਬੈਠ ਰਹੇ ਸਨ। ਹਜ਼ੂਰ ਮਸਤ ਹੋ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਸੁਣ ਰਹੇ ਸਨ, ਸਭ ਪਾਸੇ ਅਨੰਦ ਮਈ ਚੁੱਪ ਸੀ 'ਚਿੜੀ ਚੁਹਕੀ ਪਹੁ ਫੁਟੀ ਵਗਨ ਬਹੁਤ ਤਰੰਗ ਵਾਲਾ ਬਿਸਮਾਦੀ ਨਜਾਰਾ ਪਰਤੱਖ ਦਿਸ ਰਿਹਾ ਸੀ। ਪਾਠ ਦੇ ਭੋਗ ਉਪਰੰਤ ਸਰਬੱਤ ਨੇ ਨਮਸਕਾਰ ਕੀਤੀ। ਉਪਰੰਤ ਬਚਨ ਕੀਤਾ, "ਸਾਰੇ ਇਕੱਠੇ ਹੋ ਕੇ ਆਉ ਜੇ ਕੋਈ ਬਾਹਰ ਹੈ ਤਾਂ ਸੱਦੋ ਅਸੀਂ ਅੱਜ ਤੁਹਾਨੂੰ ਇੱਕ ਗੱਲ ਦੱਸੀਏ। ਸਭ ਨੇ ਇੱਕ ਆਵਾਜ਼ ਨਾਲ ਕਿਹਾ, ਦੱਸੋ ਸਾਰੇ ਹਾਜ਼ਰ ਹੀ ਹਨ। ਹਜ਼ੂਰ ਨੇ 'ਸ਼ੁੱਧ ਹੈ' ਦਾ ਬਚਨ ਕਰਕੇ ਇੱਕ ਸਾਖੀ ਸੁਣਾਉਣੀ ਆਰੰਭ ਕੀਤੀ, "ਕਿਸੇ ਸਮੇਂ ਅਸੀਂ ਪਹਾੜੀਆਂ ਤੇ ਬੈਠੇ ਤਪੱਸਿਆ ਕਰਦੇ ਹੁੰਦੇ ਸੀ। ਇੱਕ ਰਾਜਾ ਸੀ ਉਸ ਇਲਾਕੇ ਦਾ ਕਦੇ-ਕਦੇ ਉਹ ਸੇਵਾ ਵੀ ਜਲ ਪਾਣੀ ਦੀ ਕਰਦਾ ਹੁੰਦਾ ਸੀ। ਇੱਕ ਵਾਰ ਰਾਜਾ ਤੇ ਵਜ਼ੀਰ ਸਾਡਾ ਦਰਸ਼ਨ ਕਰਨ ਆਏ ਅੱਗੇ ਅਸੀਂ ਜ਼ਮੀਨ ਤੇ ਲਕੀਰਾਂ ਨਾਲ ਮਕਾਨ ਬਣਾ ਰਹੇ ਸਾਂ ਰਾਜੇ ਤੇ ਵਜ਼ੀਰ ਨੇ ਨਮਸਕਾਰ ਕਰਕੇ ਬੈਠ ਕੇ ਪੁੱਛਿਆ। ਜੀ ਇਹ ਕੀ ਬਣਾ ਰਹੇ ਹੋ ਅਸੀਂ ਕਿਹਾ ਮਕਾਨ, ਕੋਠੀਆਂ ਤੇ ਬਾਗ਼ ਬਣਾ ਰਹੇ ਹਾਂ ਵਜ਼ੀਰ ਨੇ ਕਿਹਾ ਜੀ। ਕਿਸ ਵਾਸਤੇ ਬਣਾ ਰਹੇ ਹੋ, ਅਸੀਂ ਕਿਹਾ ਆਪਣੇ ਸੇਵਾਦਾਰਾਂ ਨੂੰ ਬਣਾ ਕੇ ਦੇ ਰਹੇ ਹਾਂ ਵਜ਼ੀਰ ਨੇ ਕਿਹਾ ਕੋਈ ਮੇਰੇ ਵਾਸਤੇ ਵੀ ਹੈ, "ਅਸੀਂ ਕਿਹਾ ਤੇਰੀ ਸੇਵਾ ਥੋੜ੍ਹੀ ਹੈ ਕੁਝ ਮੁੱਲ ਖਰਚ ਕੇ ਤੂੰ ਲੈ ਸਕਦਾ ਹੈਂ, ਉਸ ਨੇ ਮੁੱਲ ਪੁੱਛਿਆ ਅਸੀਂ ਦੱਸਿਆ ਇਸ ਮਕਾਨ ਦਾ ਮੁੱਲ ਪੰਜਾਹ ਰੁਪੈ ਅਗਲੇ ਦਾ ਸੌ ਰੁਪਿਆ, ਅਗਲੇ ਦੋ ਸੋ ਰੁਪਿਆ, ਤਿੰਨ ਸੌ ਅਖੀਰ ਤੇ ਪੰਜ ਸੌ ਰੁਪਿਆਂ ਤੱਕ ਦੱਸਿਆ। ਵਜ਼ੀਰ ਨੇ ਦੋ ਸੌ ਰੁਪੈ ਵਾਲਾ ਲੈਣਾ ਕਰ ਲਿਆ। ਅਸੀਂ ਕਿਹਾ ਕਿ ਦੋ ਸੌ ਰੁਪਿਆ ਕਿਸੇ ਧਰਮ ਅਸਥਾਨ ਉੱਤੇ ਦਾਨ ਕਰ ਦੇਈਂ ਤੇ ਫਿਰ

ਉਸ ਵੇਲੇ ਵਜ਼ੀਰ ਨੂੰ ਰਾਜੇ ਨੇ ਕਿਹਾ ਕਿ ਤੂੰ ਅਕਲ ਦੀ ਗੱਲ ਕਰ ਲਕੀਰਾਂ ਵਾਹੀਆਂ ਦੇਖ ਕੇ ਹੀ ਦੋ ਸੌ ਰੁਪਿਆ ਦੇਣਾ ਮੰਨ ਗਿਆ ਹੈ, ਪਰ ਘਰ ਜਾ ਕੇ ਵਜ਼ੀਰ ਨੇ ਦੋ ਸੌ ਰੁਪਈਆ ਉਸੇ ਦਿਨ ਹੀ ਦਾਨ ਕਰ ਦਿੱਤਾ। ਰਾਜਾ ਗਿਣਤੀ ਮਿਣਤੀ ਵਿੱਚ ਹੀ ਰਿਹਾ। ਉਸੇ ਰਾਤ ਹੀ ਸੁਪਨੇ ਵਿੱਚ ਰਾਜੇ ਨੇ ਵਜ਼ੀਰ ਦੇ ਮਕਾਨ ਵਾਲਾ ਨਜ਼ਾਰਾ ਦੇਖਿਆ ਤੇ ਹੈਰਾਨ ਹੋਇਆ ਤੇ ਸੱਚ ਸਮਝ ਕੇ ਅਗਲੇ ਦਿਨ ਫਿਰ ਵਜ਼ੀਰ ਨੂੰ ਲੈ ਕੇ ਸਾਡੇ ਕੋਲ ਆਇਆ ਤੇ ਮਕਾਨ ਲੈਣ ਵਾਸਤੇ ਬੇਨਤੀ ਕੀਤੀ। ਅਸੀਂ ਅੱਗੇ ਹਜ਼ਾਰ-ਹਜ਼ਾਰ ਦੋ ਦੋ ਹਜ਼ਾਰ ਮੁੱਲ ਵਾਲੇ ਬਣਾ ਕੇ ਕਿਹਾ, ਜੋ ਲੈਣੇ ਹੈ, ਲੈ ਲਾ ਰਾਜੇ ਨੇ ਕਿਹਾ ਕੱਲ ਤਾਂ ਸੌ ਸੌ ਵਾਲੇ ਸਨ ਅੱਜ ਮੁੱਲ ਵੱਧ ਕਿਉਂ ? ਅਸੀਂ ਕਿਹਾ ਤੇਰਾ ਵਜ਼ੀਰ ਤੇਰਾ ਨੌਕਰ ਹੈ, ਉਸ ਵਾਸਤੇ ਇੰਨਾ ਹੀ ਮੁੱਲ ਸੀ, ਤੂੰ ਰਾਜਾ ਹੈਂ ਤੇਰੇ ਲਈ ਹਜ਼ਾਰਾਂ ਲੱਖਾਂ ਦਾ ਹੀ ਮੁੱਲ ਹੈ। ਰਾਜੇ ਨੇ ਕਿਹਾ ਘੱਟ ਕਰੋ ਅਸੀਂ ਕਿਹਾ ਘੱਟ ਨਹੀਂ ਹੋ ਸਕਦਾ। ਰਾਜਾ ਸੋਚਦਾ ਰਿਹਾ, ਪਰ ਲੈ ਨਾ ਸਕਿਆ। ਅਸੀਂ ਉਸ ਅਸਥਾਨ ਉੱਤੇ ਬਾਰਾਂ ਸਾਲ ਤਪੱਸਿਆ ਕੀਤੀ। ਕੇਵਲ ਜਲ ਦਾ ਅਹਾਰ ਜਾਂ ਇੱਕ ਬੁਰਕੀ ਰੋਟੀ ਹੋਰ ਕੁਝ ਗ੍ਰਹਿਣ ਨਹੀਂ ਕੀਤਾ। ਇੱਥੇ ਸਾਡੇ ਕੋਲ ਤੇਤੀ ਕਰੋੜ ਦੇਵਤਾ ਹਾਜ਼ਰੀ ਲਵਾਉਣ ਆਇਆ। ਅਸੀਂ ਪੁੱਛਿਆ ਅਗਨ ਦੇਵਤਾ ਕਿਉਂ ਨਹੀਂ ਆਇਆ ਤਾਂ ਸਭ ਨੇ ਦੱਸਿਆ ਜੀ ਉਹ ਆਖਦਾ ਸੀ ਮੈਂ ਕਿਸੇ ਦਾ ਮੁਥਾਜ ਨਹੀਂ ਮੈਂ ਨਹੀਂ ਜਾਣਾ ਅਸੀਂ ਉਸਦਾ ਹੰਕਾਰ ਭਰਿਆ ਬਚਨ ਸੁਣਕੇ ਨਿਰੰਕਾਰ ਅੱਗੇ ਬੇਨਤੀ ਕੀਤੀ। ਸਭ ਦੇਵਤੇ ਤੇਰੇ ਹੁਕਮ ਅਨੁਸਾਰ ਆ ਗਏ। ਅਗਨ ਦੇਵਤਾ ਨਹੀਂ ਆਇਆ ਸਾਨੂੰ ਹੁਕਮ ਹੋਇਆ। ਤੁਸੀਂ ਇਸ ਦਾ ਤਿਆਗ ਕਰ ਦਿਓ। ਉਸ ਦਿਨ ਤੋਂ ਅਸੀਂ ਪ੍ਰਣ ਕਰ ਲਿਆ ਕਿ ਅੱਗ ਮੱਥੇ ਨਹੀਂ ਲਾਉਣੀ। ਅਸੀਂ ਇਸ ਕਰਕੇ ਅੱਗ ਮੱਥੇ ਨਹੀਂ ਲਾਉਂਦੇ। ਨਿਰੰਕਾਰ ਦੇ ਹੁਕਮ ਨਾਲ ਸਭ ਕੁਝ ਕਰ ਕਰਾ ਰਹੇ ਹਾਂ, ਇੱਕ ਵਾਰ ਇੱਥੇ ਸਾਡੇ ਭ੍ਰਿਗੂ ਨੇ ਲੱਤ ਮਾਰੀ ਅਸੀਂ ਕਿਹਾ, ਇੱਥੇ ਕੋਈ ਵਿਸ਼ਨੂੰ ਨਹੀਂ ਜਿੱਥੇ ਲੱਤ ਮਾਰ ਕੇ ਸੁੱਕਾ ਨਿਕਲ ਜਾਏਂਗਾ। ਉਸਦੇ ਬਹੁਤ ਹੋਰ ਕੁਝ ਕਹਿਣ ਤੇ ਅਸੀਂ ਉਸਨੂੰ ਬੰਨ ਲਿਆ, ਬੜੇ ਵਾਸਤੇ ਪਾਏ। ਅਸੀਂ ਨਹੀਂ ਮੰਨੇ ਅੰਤ ਨੂੰ ਉਸ ਨੇ ਗੁਰੂ ਨਾਨਕ ਦਾ ਵਾਸਤਾ ਪਾਇਆ ਤਾ ਜਾ ਕੇ ਉਸਨੂੰ ਅੱਗੋਂ ਤੋਂ ਇਉਂ ਨਾ ਕਰਨ ਦਾ ਬਚਨ ਲੈ ਕੇ ਛੱਡਿਆ। ਇੱਥੇ ਹੀ ਸਾਡੇ ਕੋਲ ਸਪਤ ਰਿਸ਼ੀ ਤੇ ਨੌ ਮੁਨੀ ਆਦਿ ਆਇ। ਇਨ੍ਹਾਂ ਤੋਂ ਬਾਅਦ

ਇਸੇ ਸਮੇਂ ਵਿੱਚ ਸਾਡੇ ਨਾਲ ਇੰਦ੍ਰ ਕਈ ਵਲ ਛਲ ਕਰਦਾ ਰਿਹਾ। ਪਰ ਉਸਦੀ ਕੋਈ ਚੱਲੀ ਨਹੀਂ। ਜਿੱਥੇ ਗੁਰੂ ਨਾਨਕ ਨਿਰੰਕਾਰ ਦਾ ਆਸਰਾ ਹੋਵੇ। ਉਥੇ ਕਿਸੇ ਦੀ ਮਜ਼ਾਲ ਹੈ ਵਿਘਨ ਪਾ ਸਕੇ। ਅੰਤ ਨੂੰ ਉਸਨੂੰ ਹੀ ਭੁੱਲ ਮੰਨ ਕੇ ਖਹਿੜਾ ਛਡਾਉਣਾ ਪਿਆ। ਇਹ ਆਪਣਾ ਬੀਤਿਆ ਸਮਾਂ ਅੱਜ ਤੁਹਾਨੂੰ ਸਾਰਿਆਂ ਨੂੰ ਸੁਣਾਇਆ ਹੈ। ਨਾਮ ਜਪਣ ਵੇਲੇ ਕਿੰਨਾ ਕਿੰਨਾ ਸਮਿਆਂ ਵਿਚੋਂ ਲੰਘਣਾ ਪੈਂਦਾ ਹੈ। ਕਿੰਨੀ ਘਾਲਣਾ ਕਰਨੀ ਪੈਂਦੀ ਹੈ। ਉਸ ਵਿਚੋਂ ਇਹ ਛੋਟੀ ਜਿਹੀ ਗੱਲ ਹੈ ਹੁਣ ਸਭ ਸੰਗਤ ਜਾ ਕੇ ਆਰਾਮ ਕਰੋ। ਉਪਰੰਤ ਸਾਰੀ ਸੰਗਤ ਹੁਕਮ ਅਨੁਸਾਰ ਆਰਾਮ ਕਰਨ ਚਲੀ ਗਈ। ਸਭ ਦੇ ਮਨ ਕਿਸੇ ਅਸਚਰਜ ਬਿਸਮਾਦ ਵਿੱਚ ਰੰਗੇ ਹੋਇ ਸਨ।

**ਸੰਤਨ ਕੀ ਸੁਣ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ॥**

*(ਇਹ ਬਚਨ ਮਾਤਾ ਪਿਤਾ ਤੋਂ ਕਈ ਵਾਰ ਸੁਣੇ)*

# ਹਰਿ ਭਗਤਾ ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ॥

ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨਿੱਤ ਨਵਾਂ ਕਉਤਕ ਕਰਕੇ ਕਈ ਵਾਰ ਸਾਰੀ ਸੰਗਤ ਨੂੰ ਹੈਰਾਨ ਕਰ ਦਿੰਦੇ ਸਨ। ਕੋਈ ਚੋਜ ਵਰਤਾਉਣ ਤੋਂ ਪਹਿਲਾਂ ਆਪ ਜੀ ਨੇ ਇਤਨੇ ਭੋਲੇ ਭਾ ਵਿੱਚ ਆ ਕੇ ਬਚਨ ਕਰਨਾ, ਜਿਸਨੂੰ ਸੁਨਣ ਵਾਲਾ ਸਮਝੇ ਕਿ ਸੱਚਮੁੱਚ ਹੀ ਯਾਦ ਨਹੀਂ ਰਿਹਾ ਹੋਵੇਗਾ। ਇੱਕ ਵਾਰ ਆਪ ਜੀ ਨੇ ਹੁਕਮ ਕੀਤਾ, "ਬਾਲਿਆ ਕਿਸੇ ਸੇਵਾਦਾਰ ਨੂੰ ਭੇਜ ਕੇ ਬਹਾਲ ਦਾਸ ਨੂੰ ਸੱਦੋ, ਨਾਲੇ ਬਹਾਲ ਦਾਸ ਨੂੰ ਕਹਿਣਾ ਕਿ ਆਉਣ ਲੱਗਾ ਜੋ ਕੁਝ ਉਸਦੇ ਪਾਸ ਹੈ ਨਾਲ ਲਈ ਆਵੇ।" ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਨੇ ਇੱਕ ਸੇਵਾਦਾਰ ਨੂੰ ਭੇਜ ਦਿੱਤਾ। ਉਸ ਦਿਨ ਹੀ ਸੰਤ ਬਹਾਲ ਦਾਸ ਜੀ ਬਾਬਾ ਜੀ ਦੇ ਪਾਸ ਪਹੁੰਚ ਗਏ ਅਤੇ ਹਜ਼ੂਰ ਦੇ ਚਰਨਾਂ 'ਤੇ ਆ ਕੇ ਡੰਡਓਤ ਬੰਧਨਾ ਕੀਤੀ। ਬਾਬਾ ਜੀ ਨੇ ਬੜੀ ਪ੍ਰਸੰਨਤਾ ਬਖਸ਼ੀ ਹੁਕਮ ਕਰਕੇ ਸੰਤ ਬਹਾਲ ਜੀ ਦਾ ਟਿੱਲੇ ਤੋਂ ਪਹਾੜ ਵਾਲੀ ਬਾਹੀ ਤੇ ਬੇਰੀ

ਹੇਠ ਆਸਣ ਕਰਾ ਦਿੱਤਾ। ਸੰਤ ਬਹਾਲ ਦਾਸ ਜੀ ਸਵੇਰੇ ਦੇ ਆਏ ਤੇ ਦੁਪਹਿਰ ਦਾ ਸਮਾਂ ਹੋਇਆ। ਫਿਰ ਹਜ਼ੂਰ ਨੇ ਕੋਈ ਬਚਨ ਵੀ ਨਾ ਕੀਤਾ। ਜਿਸ ਵਕਤ ਲੰਗਰ ਪੱਕ ਕੇ ਆਇਆ ਰੋਜ਼ ਵਾਂਗ ਸਾਰੀ ਲੰਗਰ ਦੀ ਮਰਿਯਾਦਾ ਕਰਨ ਤੋਂ ਬਾਅਦ ਹੁਕਮ ਕੀਤਾ, "ਡਰੋਲੀ ਵਾਲਿਆਂ ਦੋਹਾਂ ਜੀਆਂ ਨੂੰ ਜਿੱਥੇ ਬਹਾਲ ਦਾਸ ਬੈਠਾ ਹੈ ਉਸਨੂੰ ਉਥੇ ਹੀ ਲੰਗਰ ਛਕਾ ਕੇ ਆਉਣ। ਫਿਰ ਉਸਦੇ ਭਾਂਡੇ ਮਾਂਜਣ ਦੀ ਸੇਵਾ ਵੀ ਉਹੀ ਕਰਨ ਹੁਕਮ ਅਨੁਸਾਰ ਇਵੇਂ ਹੀ ਕੀਤਾ ਗਿਆ। ਉਪਰੰਤ ਬਾਬਾ ਜੀ ਪਾਸ ਭਾਈ ਰਤਨ ਸਿੰਘ ਤੇ ਜੈ ਕੌਰ ਨੇ ਆਪਣੀ ਹਾਜ਼ਰੀ ਲਵਾਈ। ਹਜ਼ੂਰ ਨੇ ਬੜੀ ਪ੍ਰਸੰਨਤਾ ਬਖਸ਼ੀ ਫਿਰ ਭਾਈ ਰਤਨ ਸਿੰਘ ਨੇ ਚਿੰਤ ਰਾਮ ਜੀ ਨੂੰ ਲੰਗਰ ਛਕਾਉਣ ਦੀ ਆਗਿਆ ਮੰਗੀ। ਆਪ ਜੀ ਨੇ ਹੁਕਮ ਕੀਤਾ 'ਸ਼ੁੱਧ ਹੈ' ਅੱਜ ਚਿੰਤ ਰਾਮ ਕੋਲ ਵੀ ਦੋਵੇਂ ਜੀਅ ਹੀ ਜਾਣਗੇ। ਅੱਗੇ ਜਿਸ ਵਕਤ ਭਾਈ ਰਤਨ ਸਿੰਘ ਤੇ ਜੈ ਕੌਰ ਚਿੰਤ ਰਾਮ ਜੀ ਪਾਸ ਪਹੁੰਚੇ। ਅੱਗੋਂ ਚਿੰਤ ਰਾਮ ਜੀ ਹੱਸ ਕੇ ਕਹਿਣ ਲੱਗੇ, ਅੱਜ ਮਹਾਰਾਜ ਨੇ ਤੁਹਾਨੂੰ ਦੋਹਾਂ ਜੀਆਂ ਨੂੰ ਭੇਜਿਆ ਹੈ। ਤੁਹਾਡੇ ਦੋਹੀਂ ਹੱਥੀਂ ਲੱਡੂ ਹਨ, ਰੱਜ ਕੇ ਖਾਓ ਜਾ ਕੇ ਬਹਾਲ ਦਾਸ ਦੀ ਹੋਰ ਵੀ ਸੇਵਾ ਕਰ ਲੈਣੀ। ਇਸ ਤੋਂ ਉਪਰੰਤ ਚਿੰਤ ਰਾਮ ਜੀ ਦਾ ਇਸ਼ਨਾਨ ਕਰਾਇਆ ਅਤੇ ਰੋਜ਼ ਵਾਂਗ ਪ੍ਰਸ਼ਾਦ ਛਕਾਇਆ। ਫਿਰ ਮੁੜ ਕੇ ਡੇਰੇ ਬਾਬਾ ਜੀ ਪਾਸ ਪਹੁੰਚੇ ਤੇ ਨਮਸਕਾਰ ਕੀਤੀ। ਬਾਬਾ ਜੀ ਨੇ ਪੁੱਛਿਆ, "ਦੱਸੋ ਚਿੰਤ ਰਾਮ ਕੀ ਬੋਲਿਆ ਜਿਵੇਂ ਉਵੇਂ ਹੀ ਦੱਸੋ।" ਭਾਈ ਰਤਨ ਨੇ ਹੁਕਮ ਅਨੁਸਾਰ ਅੱਖਰ-ਅੱਖਰ ਬੋਲ ਕੇ ਦੱਸਿਆ। ਉਪਰੰਤ ਹਜ਼ੂਰ ਨੇ ਬਚਨ ਕੀਤਾ :

**ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥**

*(ਗਉੜੀ ਬਾ: ਮ: ੫)*

ਇਹ ਗੁਰਬਾਣੀ ਦੀ ਪੰਗਤੀ ਪੜ੍ਹੀ ਤੇ ਹੁਕਮ ਕੀਤਾ, "ਹੁਣ ਤੁਸੀਂ ਜਾ ਕੇ ਬਹਾਲ ਦਾਸ ਦੀ ਦੇਸੀ ਘਿਉ ਦੀ ਮਾਲਸ਼ ਕਰੋ" ਤੇ ਜੈ ਕੌਰ ਨੂੰ ਹੁਕਮ ਕੀਤਾ, "ਦੇਵੀ ਤੂੰ ਬਹਾਲ ਦਾਸ ਨੂੰ ਪੱਖਾ ਕਰਨਾ ਸ਼ੁਧ ਹੈ ਤੁਹਾਡੀ ਸੇਵਾ ਪ੍ਰਵਾਨ ਹੈ ਤੇ ਭਾਈ ਰਤਨ ਸਿੰਘ ਅਤੇ ਜੈ ਕੌਰ ਨੇ ਹੁਕਮ ਅਨੁਸਾਰ ਮਿਲ ਕੇ ਸੰਤ ਬਹਾਲ ਜੀ ਦੀ ਸੇਵਾ ਕੀਤੀ। ਸੰਤ ਬਹਾਲ ਦਾਸ ਜੀ ਬੜੇ ਪ੍ਰਸੰਨ ਹੋਏ ਤੇ ਕਈ ਬਾਬਾ ਜੀ ਦੀ ਸੇਵਾ ਕਰਨ ਦੇ ਆਪਣੇ ਬਚਨ ਸੁਣਾਏ ਉਹ ਸਭ ਪਿੱਛੇ

ਥਾਂਅ ਆ ਚੁੱਕੇ ਹਨ। ਅੰਤ ਵਿੱਚ ਬਚਨ ਕੀਤਾ ਕਿ ਸਾਡੇ ਸਮੇਂ ਸੇਵਾ ਕਰਨੀ ਬਹੁਤ ਔਖੀ ਹੁੰਦੀ ਸੀ ਅਤੇ ਮਹਾਰਾਜ ਸ਼ਕਤੀ ਛੇਤੀ ਬਖਸ਼ ਦਿੰਦੇ ਸਨ। ਪਰ ਹੁਣ ਸੇਵਾ ਬਹੁਤ ਸੌਖੀ ਹੈ ਪਰ ਮਹਾਰਾਜ ਸ਼ਕਤੀ ਜਲਦੀ ਨਹੀਂ ਬਖਸ਼ਦੇ। ਸਾਡੇ ਸਮੇਂ ਵਿੱਚ ਜਦੋਂ ਅਸੀਂ ਸੇਵਾ ਆਰੰਭ ਕੀਤੀ ਸੀ ਸਾਡੇ ਉੱਤੇ ਪਹਿਲੇ ਬਰਸ ਹੀ ਕੁਝ ਕ੍ਰਿਪਾ ਹੋ ਗਈ ਸੀ। ਫਿਰ ਜਿਵੇਂ-ਜਿਵੇਂ ਸੇਵਾ ਕਰਾਈ ਗਏ ਤਿਵੇਂ-ਤਿਵੇਂ ਕ੍ਰਿਪਾ ਵੱਧਦੀ ਗਈ ਹੁਣ ਤਾਂ ਅਸੀਂ ਜਿੱਧਰ ਵੇਖੀਏ ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਉਂਦਾ ਹੈ ਬਾਣੀ ਵਿੱਚ ਫੁਰਮਾਨ ਹੈ:

**ਜਹ ਝਿਲਿਮਿਲ ਕਾਰੁ ਦਿਸੰਤਾ ਤਹ ਅਨਹਦ ਸਬਦ ਬਜੰਤਾ॥**

*(ਰਾਗ ਸੋਰਠਿ ਭਗਤ ਨਾਮਦੇਵ ਜੀ)*

ਜਿਸ ਵਕਤ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਬਾਬਾ ਜੀ ਦੀ ਹਜ਼ੂਰੀ ਵਿੱਚ ਪਹੁੰਚੇ ਹਜ਼ੂਰ ਨੇ ਪੁੱਛਿਆ, "ਕਿਉਂ ਬਹਾਲ ਦਾਸ ਕੀ ਬੋਲਿਆ" ਹੁਕਮ ਅਨੁਸਾਰ ਸਾਰਾ ਪ੍ਰਸੰਗ ਸੁਣਾਇਆ ਸੁਣ ਕੇ ਬਚਨ ਕੀਤਾ, "ਬਹਾਲ ਦਾਸ ਚੰਗੇ ਵੇਲੇ ਆ ਕੇ ਸੇਵਾ ਕਰ ਗਿਆ। ਚੰਗੀ ਵਸਤੂ ਲੈ ਗਿਆ, ਹੁਣ ਮੌਜਾਂ ਕਰਦਾ ਹੈ, ਜਿੱਥੇ ਪੈਰ ਰੱਖਦਾ ਹੈ ਉਥ ਹੀ ਮਾਇਆ ਪੈਰਾਂ ਵਿੱਚ ਰੁਲਦੀ ਹੈ, ਬੇ-ਪਰਵਾਹੀ ਨਾਲ ਮਾਇਆ ਨੂੰ ਵਰਤਦਾ ਹੈ। ਕਿਸੇ ਕੋਲੋਂ ਮੰਗਦਾ ਨਹੀਂ। ਬੱਸ ਆਪ ਦੇ ਆਪ ਸਭ ਕੁਝ ਬਣਦਾ ਜਾ ਰਿਹਾ ਹੈ।"

ਜਿਸ ਤਰ੍ਹਾਂ ਗੁਰ ਵਾਕ ਹੈ:

**ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥**

ਮਾਇਆ ਦੀ ਬਾਬਤ ਸਤਿਗੁਰੂ ਫੁਰਮਾਉਂਦੇ ਹਨ:

**ਮਾਇਆ ਦਾਸੀ ਭਗਤੀ ਕੀ ਕਾਰ ਕਮਾਵੈ॥ ਅਥਵਾ**
**ਕੈ ਜਾਨੈ ਆਪਨੁ ਧਨੀ ਕੈ ਦਾਸੁ ਦਿਵਾਨੀ ਹੋਇ॥**

*(ਸਲੋਕ ਕਬੀਰ ਜੀ ਕੇ)*

ਇਸ ਸਮੇਂ ਹੁਕਮ ਕੀਤਾ, "ਸੱਦੋ ਬਹਾਲ ਦਾਸ ਨੂੰ।" ਉਪਰੰਤ ਬਹਾਲ ਦਾਸ ਨੂੰ ਪੁੱਛਿਆ, "ਤੇਰਾ ਭਰਾ ਕੋਈ ਤੇਰੇ ਨਾਲ ਵੀ ਰਹਿੰਦਾ ਹੈ?" ਸੰਤ ਬਹਾਲ ਦਾਸ ਜੀ ਨੇ ਦੱਸਿਆ ਜੀ ਹਾਂ ਮੇਰਾ ਇੱਕ ਭਰਾ ਜਿਸਦਾ ਨਾਮ ਸਾਂਈ ਹੈ, ਉਹ ਮੇਰੇ ਨਾਲ ਹੀ ਰਹਿੰਦਾ ਹੈ। ਫਿਰ ਆਪ ਜੀ ਨੇ ਬਚਨ ਕੀਤਾ, "ਬਹਾਲ

ਦਾਸ ਤੇਰੇ ਭਰਾ ਸਾਂਈ ਦੀ ਕਲਿਆਣ ਤੇਰੀ ਕਮਾਈ ਵਿਚੋਂ ਲਾ ਕੇ ਤੈਥੋਂ ਕਰਾਉਣੀ ਹੈ।" ਸੁਨਣ ਸਾਰ ਬਹਾਲ ਦਾਸ ਜੀ ਰੋਣ ਲੱਗ ਪਏ ਤੇ ਬੇਨਤੀ ਕੀਤੀ ਨਾ ਮਹਾਰਾਜ। ਕੀ ਪਤਾ ਉਹ ਕੌਣ ਹੈ ਤੇ ਕਿੱਥੋਂ ਆਇਆ ਹੈ ਤੇ ਮੈਂ ਕੌਣ ਹਾਂ ਕਿੱਥੋਂ ਆਇਆ ਹਾਂ। ਮੇਰੇ ਉੱਤੇ ਕ੍ਰਿਪਾ ਕਰੋ। ਮੈਂ ਐਨੇ ਜੋਗਾ ਨਹੀਂ ਇਉਂ ਬੇਨਤੀ ਕਰਕੇ ਉੱਠ ਕੇ ਤੁਰਨ ਨੂੰ ਤਿਆਰ ਹੋ ਗਏ। ਬਾਬਾ ਜੀ ਨੇ ਬਚਨ ਕੀਤਾ, "ਭੱਜ ਕੇ ਕਿੱਥੇ ਜਾਏਂਗਾ। ਕੋਈ ਹੋਰ ਥਾਂ ਹੈ ਤੇਰੇ ਕੋਲ। ਇਸ ਦੀ ਕਲਿਆਣ ਤਾਂ ਤੈਥੋਂ ਕਰਾਉਣੀ ਹੀ ਹੈ। ਤੇਰੇ ਕੋਲ ਬਥੇਰੀ ਸ਼ਕਤੀ ਇਕੱਠੀ ਹੋਈ ਹੈ, ਅੱਗ ਲਾਈ ਨਾ ਮੁੱਕਦੀ।" ਫਿਰ ਬਚਨ ਕੀਤਾ, "ਤੂੰ ਜਪੁ ਜੀ ਸਾਹਿਬ ਦੇ ਪਾਠ ਕਰਦਾ ਹੈ ਤਾਂ ਸੰਤ ਬਹਾਲ ਦਾਸ ਜੀ ਨੇ ਬੇਨਤੀ ਕੀਤੀ ਜੀ ਮਹਾਰਾਜ ਉਹ ਤਾਂ ਆਪ ਜੀ ਦੀ ਕ੍ਰਿਪਾ ਨਾਲ ਹੋ ਰਹੇ ਹਨ। ਪੁੱਛਿਆ ਕਿੰਨੇ ਪਾਠ ਰੋਜ਼ ਕਰਦਾ ਹੈ ਫਿਰ ਸੰਤ ਬਹਾਲ ਦਾਸ ਜੀ ਨੇ ਹੱਥ ਜੋੜ ਕੇ ਦੱਸਿਆ ਮਹਾਰਾਜ ਇੱਕ ਸੋ ਤੇਰਾਂ ਕਰਦਾ ਹਾਂ। ਤਾਂ ਬਚਨ ਕੀਤਾ, "ਬੱਲੇ ਓਇ ਮਰਦਾ ਰੱਖ ਵਿਖਾਈ" ਹੁਣ ਤੇਰੇ ਵਾਸਤੇ ਸਾਂਈ ਦੀ ਕਲਿਆਣ ਕਰਨੀ ਕਿਹੜੀ ਔਖੀ ਹੈ ਸਾਡਾ ਬਚਨ ਮੰਨ ਕੇ ਹਾਂ ਕਰਦੇ। ਸੰਤ ਬਹਾਲ ਦਾਸ ਜੀ ਨੇ ਸੱਤ ਬਚਨ ਕੀਤਾ ਬੜੇ ਪ੍ਰਸੰਨ ਹੋਏ ਤੇ ਬਚਨ ਕੀਤਾ, "ਐਨੀ ਸ਼ਕਤੀ ਲੈ ਕੇ ਫਿਰ ਵੀ ਨਿਤਨੇਮ ਕਰਦਾ ਹੈ।" ਫਿਰ ਸਾਰੀ ਸੰਗਤ ਨੂੰ ਕੱਲੇ-ਕੱਲੇ ਨੂੰ ਸੱਦ ਕੇ ਦੱਸਿਆ, "ਲੈ ਬਈ ਹੱਦ ਹੋ ਗਈ ਸਾਨੂੰ ਤਾਂ ਪਤਾ ਹੀ ਹੁਣ ਲੱਗ ਹੈ ਕਿ ਬਹਾਲ ਦਾਸ ਇੱਕ ਸੌ ਤੇਰਾਂ ਪਾਠ ਜਪੁ ਜੀ ਸਾਹਿਬ ਦੇ ਰੋਜ਼ ਕਰਦਾ ਹੈ। ਫਿਰ ਲਗਾਤਾਰ ਸਾਰੀ ਸੰਗਤ ਕੋਲ ਕਈ ਦਿਨ ਇਹੋ ਹੀ ਬਚਨ ਕਰੀ ਗਏ। ਗੁਰ ਵਾਕ ਹੈ :

**ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥**

ਉਪਰੰਤ ਹਜ਼ੂਰ ਨੇ ਬਚਨ ਕੀਤਾ, "ਅੱਜ ਆਥਣ ਵੇਲੇ ਸਾਨੂੰ ਰਹਰਾਸਿ ਦਾ ਪਾਠ ਤੂੰ ਸੁਣਾਈ ਤੇ ਤੂੰ ਅੱਜ ਇੱਥੇ ਹੀ ਰਹਿ।" ਸੰਤ ਬਹਾਲ ਦਾਸ ਜੀ ਨੇ ਸੱਤ ਬਚਨ ਕੀਤਾ ਉਪਰੰਤ ਹਜ਼ੂਰ ਨੇ ਬਹਾਲ ਦਾਸ ਜੀ ਨੂੰ ਜਿੱਥੇ ਆਸਣ ਸੀ ਉਥੇ ਪਹੁੰਚਣ ਦਾ ਹੁਕਮ ਕੀਤਾ ਸੱਤ ਬਚਨ ਕਰਕੇ ਸੰਤ ਬਹਾਲ ਦਾਸ ਆਪਣੇ ਆਸਣ ਤੇ ਪਹੁੰਚ ਗਏ।

ਅੱਗੇ ਵੀ ਕਈ ਵਾਰ ਪੁੱਛਦੇ ਸਨ ਤੇ ਅੱਜ ਵੀ ਪੁੱਛ ਲਿਆ "ਕਿੰਨੇ

ਵੱਜੇ ਹਨ" ਭਾਵ ਟਾਈਮ ਕੀ ਹੈ। ਅੱਗੋਂ ਹਜ਼ੂਰੀ ਸੇਵਕ ਨੇ ਬੇਨਤੀ ਕੀਤੀ ਦੋ ਵੱਜੇ ਹਨ। (ਦੱਸਦੇ ਹਨ ਮੁਣਸ਼ੀ ਹਰਦਿੱਤ ਸਿੰਘ ਕੋਲ ਜੇਬ ਘੜੀ ਹੁੰਦੀ ਸੀ ਫਿਰ ਪੁੱਛਿਆ, "ਦਿਨ ਦੇ ਕਿ ਰਾਤ ਦੇ ਸੇਵਕ ਨੇ ਫਿਰ ਬੇਨਤੀ ਕੀਤੀ ਜੀ ਮਹਾਰਾਜ ਦਿਨ ਦੇ ਤਾਂ ਹੁਕਮ ਹੋਇਆ" ਸੱਦੋ ਬਹਾਲ ਦਾਸ ਨੂੰ ਰਹਰਾਸਿ ਦਾ ਪਾਠ ਸੁਣੀਏ। ਸੰਤ ਬਹਾਲ ਦਾਸ ਜੀ ਹਾਜ਼ਰ ਹੋ ਗਏ ਉਪਰੰਤ ਹੁਕਮ ਕੀਤਾ, "ਰਹਰਾਸਿ ਦਾ ਪਾਠ ਆਰੰਭ ਕਰੋ" ਪਾਠ ਆਰੰਭ ਹੋ ਗਿਆ ਸਮਾਪਤੀ ਉਪਰੰਤ ਬੇਨਤੀ ਕੀਤੀ ਜੀ ਪਾਠ ਹੋ ਗਿਆ। ਅਰਦਾਸ ਕਰੀਏ ਤਾਂ ਹੁਕਮ ਕੀਤਾ ਨਹੀਂ ਇੱਕ ਪਾਠ ਹੋਰ ਕਰੋ। ਇਸ ਤਰ੍ਹਾਂ ਦਿਨ ਛਿਪਣ ਤੱਕ ਰਹਰਾਸਿ ਦੇ ਕਈ ਪਾਠ ਸੁਣੇ। ਦਿਨ ਛਿਪਣ ਸਮੇਂ ਅਰਦਾਸ ਕੀਤੀ ਫਿਰ ਲੰਗਰ ਪੱਕ ਕੇ ਆ ਗਿਆ। ਰੋਜ਼ ਦੀ ਤਰ੍ਹਾਂ ਸਾਰੀ ਮਰਿਯਾਦਾ ਲੰਗਰ ਦੀ ਹੋਣ ਉਪਰੰਤ ਹੁਕਮ ਕੀਤਾ। 'ਸ਼ੁਧ ਹੈ ਵਰਤਾਓ ਬਹਾਲ ਦਾਸ ਨੂੰ ਲੰਗਰ ਛਕਾਉਣ ਤੇ ਭਾਂਡੇ ਮਾਂਜਣ ਦੀ ਸੇਵਾ ਡਰੋਲੀ ਵਾਲੇ ਦੋਵੇਂ ਜੀਅ ਕਰਨਗੇ।" ਇਸ ਸਮੇਂ ਭਜਨ ਸਿੰਘ ਲਾਂਗਰੀ ਮਹਿਰਾ ਸਿੱਖ ਕਹਿਣ ਲੱਗਾ, ਮਹਾਰਾਜ ਇੱਕ ਅਰਜ ਹੈ ਆਪ ਜੀ ਨੇ ਬਚਨ ਕੀਤਾ, "ਕੋਈ ਚੰਗੀ ਗੱਲ ਕਰੀਂ।" ਭਜਨ ਸਿੰਘ ਕਹਿਣ ਲੱਗਾ ਜੀ ਮਹਾਰਾਜ, ਐਨੇ ਪਾਠ ਰਹਰਾਸਿ ਦੇ ਸੁਣਦੇ ਹੋ ਕੀ ਗੱਲ ਹੈ ਸਾਨੂੰ ਸਮਝ ਨਹੀਂ ਆਉਂਦੀ ਤੇ ਬਾਬਾ ਜੀ ਨੇ ਬਚਨ ਕੀਤਾ, ਭਜਨਿਆਂ ਤੈਂ ਪੁੱਛ ਲਿਆ ਅਸੀਂ ਦੱਸ ਵੀ ਦਿੰਦੇ ਹਾਂ, ਪਰ ਸਮਝ ਤੈਨੂੰ ਫੇਰ ਵੀ ਨਹੀਂ ਆਉਣੀ। ਉਸ ਵੇਲੇ ਹੀ ਬਚਨ ਕੀਤਾ, ਲੈ ਸੁਣ ਫੇਰ ਕਈ ਬ੍ਰਹਿਮੰਡ ਐਸੇ ਹਨ ਜਿੱਥੇ ਹੁਕਮ ਅਨੁਸਾਰ ਸਾਨੂੰ ਜਾਣਾ ਪੈਂਦਾ ਹੈ। ਉਥੇ ਸੂਰਜ ਚੜਨ ਛਿਪਣ ਦਾ ਸਮਾਂ ਹੋਰ ਹੁੰਦਾ ਹੈ। ਜਿੱਥੇ ਸਾਨੂੰ ਆਥਣ ਸੰਧਿਆ ਦਾ ਵੇਲਾ ਹੋ ਜਾਂਦਾ ਹੈ। ਅਸੀਂ ਉਥੇ ਬੈਠੇ ਹੋਣ ਕਰਕੇ ਐਥੋਂ ਹੁਕਮ ਕਰਕੇ ਪਾਠ ਸੁਣ ਲੈਂਦੇ ਹਾਂ। ਫਿਰ ਭਜਨ ਸਿੰਘ ਨੇ ਪੁੱਛਿਆ, ਮਹਾਰਾਜ ਜਿਹੜੇ ਕਈ-ਕਈ ਪਾਠ ਸੁਣਦੇ ਹੋ ਇਹ ਕਿਉਂ ? ਤਾਂ ਹਜ਼ੂਰ ਨੇ ਦੱਸਿਆ, "ਭਜਨਿਆ ! ਨਿਤਨੇਮ ਦੀ ਮਰਿਆਦਾ ਇਹ ਹੈ ਕਿ ਪਾਠ ਕਰਨ ਵੇਲੇ ਵਿਚੋਂ ਬੋਲਣਾ ਨਹੀਂ, ਜੇ ਬੋਲੇ ਤਾਂ ਪਾਠ ਖੰਡਤ ਸਮਝਿਆ ਜਾਂਦਾ ਹੈ ਦੂਜਾ ਜੇ ਪਾਠ ਕਰਦਾ ਵਿਚੋਂ ਭੁੱਲੇ ਅਸੀਂ ਟੋਕਦੇ ਨਹੀਂ ਤੀਜਾ ਪੜ੍ਹਦੇ ਦਾ ਮਨ ਕਿਤੇ ਹੋਰ ਜਾਵੇ ਤਾਂ ਵੀ ਨਿਤਨੇਮ ਦਾ ਫਲ ਘੱਟ ਜਾਂਦਾ ਹੈ। ਹੋਰ ਵੀ ਕਈ ਗੁਪਤ ਭੇਤ ਹਨ। ਅਸੀਂ ਪਾਠ ਇੱਕ ਤੋਂ ਵੱਧ ਤਾਂ ਹੀ ਸੁਣਦੇ ਹਾਂ।

ਅਸੀਂ ਚਾਹੁੰਦੇ ਹਾਂ ਪਾਠ ਸ਼ੁੱਧ ਕਰਕੇ ਹੋਵੇ ਅਖੀਰ ਉੱਤੇ ਅਰਦਾਸ ਕਰਾਈ ਦੀ ਹੈ। ਫਿਰ ਵੀ ਭੁੱਲ ਚੁੱਕ ਮੁਆਫ ਦੀ ਬੇਨਤੀ ਕਰਾਈ ਦੀ ਹੈ। ਅਸੀਂ ਚਾਹੁੰਦੇ ਤਨ ਤੇ ਮਨ ਵਿੱਚ ਪਾਠ ਹੋਵੇ ਮਨ ਤੇ ਪਾਠ ਇੱਕ ਰੂਪ ਹੋਵੇ, ਫਿਰ ਗੱਲ ਜਚਦੀ ਹੈ। ਕਲੇਰਾਂ ਵਾਲੇ ਰਿਖੀਆਂ ਨੇ ਦੋ ਵੱਡੇ ਸੰਪਟ ਪਾਠ ਇੱਕ ਰਸ ਮਗਨ ਹੋ ਕੇ ਸਾਨੂੰ ਸੁਣਾਏ ਹਨ ਤੇ ਅਸੀਂ ਬੈਠ ਕੇ ਸੁਣੇ ਹਨ ਜਾਂ ਫਿਰ ਕੇਸਰਾ ਸਿੰਘ ਵੀ ਜਪੁਜੀ ਸਾਹਿਬ ਦੇ ਪਾਠ ਬੇਅੰਤ ਸਾਨੂੰ ਸੁਣਾ ਚੁੱਕਾ ਹੈ। ਬਾਕੀ ਸਭ ਆਪੋ ਆਪਣੇ ਥਾਂ ਚੰਗੇ ਹਨ। ਭਜਨ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਜਿਨ੍ਹਾਂ ਬ੍ਰਹਿਮੰਡਾਂ ਵਿੱਚ ਤੁਸੀਂ ਐਥੋਂ ਬੈਠੇ ਹੀ ਜਾ ਆਉਂਦੇ ਹੋ ਕਿਤੇ ਵਿਖਾਓ ਵੀ। ਤਾਂ ਹਜ਼ੂਰ ਨੇ ਬਚਨ ਕੀਤਾ, "ਚੰਗਾ ਕਿਤੇ ਫੇਰ ਸਹੀ ਅੱਜ ਨਹੀਂ ਜਿਸ ਸਮੇਂ ਦੁੱਧ ਛੱਕ ਕੇ ਹਟੇ ਉਸ ਸਮੇਂ ਯਾਦ ਕਰਾਈ ਦਿਖਾ ਦਿਆਂਗੇ।" ਇਸ ਤੋਂ ਉਪਰੰਤ ਸੰਤ ਬਹਾਲ ਦਾਸ ਜੀ ਨੂੰ ਆਪਣੇ ਆਸਣ ਉੱਤੇ ਜਾ ਕੇ ਆਰਾਮ ਕਰਨ ਦਾ ਹੁਕਮ ਹੋਇਆ।

*(ਇਹ ਪ੍ਰਸੰਗ ਮਾਤਾ ਪਿਤਾ ਤੋਂ ਸੁਣਿਆ)*

## ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ ॥

ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਸਮੇਂ ਬੇਅੰਤ ਸਾਧੂ ਸਭ ਮੱਤਾਂ ਦੇ, ਸਭ ਵਰਨਾਂ ਦੇ ਆਪ ਜੀ ਪਾਸੋਂ ਆਤਮਿਕ ਵਿੱਦਿਆ ਦੇ ਭੰਡਾਰੇ ਲੈ ਕੇ ਜਾਂਦੇ ਰਹੇ ਬਚਨ ਕਰਦੇ ਹੁੰਦੇ ਸਨ, "ਅਸੀਂ ਦੁਨਿਆਵੀ ਮੰਗ ਵਾਲੇ ਨੂੰ ਖਾਲੀ ਮੋੜਿਆ ਹੋਏਗਾ। ਪਰ ਜੇ ਪ੍ਰਮਾਰਥ ਦੀ ਮੰਗ ਵਾਲੇ ਨੂੰ ਖਾਲੀ ਮੋੜਿਆ ਜਾਵੇ ਤਾਂ ਅੱਗੇ ਪੁੱਛਿਆ ਜਾਂਦਾ ਹੈ ਕਿ ਤੁਸੀਂ ਸੰਸਾਰ ਵਿੱਚ ਗਏ ਕਿਸ ਵਾਸਤੇ ਸੀ ਤੇ ਉਸ ਨੂੰ ਖਾਲੀ ਕਿਉਂ ਮੋੜਿਆ। ਇੱਕ ਵਾਰੀ ਹੁਕਮ ਕੀਤਾ, "ਬਾਲਿਆ ਇੱਕ ਸੌ ਇੱਕ ਪੱਤਲਾਂ ਤੇ ਇਤਨੇ ਸਾਧੂਆਂ ਦੇ ਬੈਠਣ ਵਾਸਤੇ ਸਫਾ ਛੇਤੀ ਮੰਗਾਓ, ਬਹੁਤ ਮਹਾਤਮਾ ਆ ਰਹੇ ਹਨ।" ਹੁਕਮ ਅਨੁਸਾਰ ਸੇਮੇ ਵਾਲੇ ਦੋਵੇਂ ਭਰਾ ਵੱਡਾ ਝੰਡਾ ਸਿੰਘ ਤੇ ਛੋਟਾ ਝੰਡਾ ਸਿੰਘ ਪਟਿਆਲੇ ਤੋਂ ਜਾ ਕੇ ਲੈ ਆਏ। ਸਭ ਸ਼ਰਾਅ ਕਰਕੇ ਰੱਖ ਦਿੱਤੇ ਹੁਕਮ ਕਰਕੇ ਮਾਈ ਖੇਮੋ ਤੇ ਬੀਬੀ ਸ਼ਾਮ ਕੌਰ

ਬੀਬੀ ਜੈ ਕੌਰ ਤਿੰਨਾਂ ਨੂੰ ਹੁਕਮ ਕਰਕੇ ਸਾਰੇ ਡੇਰੇ ਵਿੱਚ ਝਾੜੂ ਫਰਾਇਆ। ਭਜਨ ਸਿੰਘ ਨੀਲਾ ਸਿੰਘ, ਮੰਗਲ ਸਿੰਘ, ਤੁੰਗਵਾਲੀ ਵਾਲਾ ਰਤਨ ਸਿੰਘ ਡਰੋਲੀ ਨੂੰ ਹੁਕਮ ਕਰਕੇ ਪਾਣੀ ਛਿੜਕਣ ਲਾ ਦਿੱਤੇ। ਨੀਲਾ ਸਿੰਘ ਖੂਹ ਤੋਂ ਪਾਣੀ ਖਿੱਚੀ ਗਿਆ। ਬਾਕੀ ਸਿੰਘ ਛਿੜਕਾਅ ਕਰੀ ਗਏ। ਸ਼ਾਮ ਦਾ ਵੇਲਾ, ਭਾਦਰੋਂ ਦਾ ਮਹੀਨਾ ਸੀ ਤੇ ਰਾਤ ਹੋਣ ਤੱਕ ਬੇਅੰਤ ਹਨੇਰੀ ਵੀ ਆਰੰਭ ਹੋ ਗਈ। ਹਨੇਰੀ ਵੀ ਬੜੀ ਸਖ਼ਤ ਹੱਥ ਪਸਾਰਿਆ ਦਿਸਦਾ ਨਹੀਂ ਸੀ। ਹਨੇਰੀ ਸਾਰੀ ਰਾਤ ਹੀ ਵਗਦੀ ਰਹੀ। ਮਾਤਾ ਜੀ ਨੇ ਦੱਸਿਆ ਇਸ ਹਨੇਰੀ ਨਾਲ, ਬਾਬਾ ਜੀ ਦੀ ਜੋ ਜਾਲੀ ਦਾਰ ਡੋਲੀ ਬਣਾਈ ਸੀ, ਉਹ ਵੀ ਹਿੱਲ-ਹਿੱਲ ਕੇ ਬਹੁਤ ਦੂਰ ਚਲੀ ਗਈ ਸੀ, ਪਰ ਡਿੱਗੀ ਨਹੀਂ ਸੀ। ਸਵੇਰ ਦੇ ਸਮੇਂ ਹੁਕਮ ਅਨੁਸਾਰ ਬਾਬਾ ਜੀ ਦੇ ਆਸਣ ਵਾਲੀ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ, ਦੇਖਿਆ ਕਿ ਹਜ਼ੂਰ ਸੀਸ ਨੀਵਾਂ ਤੇ ਚਰਨ ਉੱਚੇ ਕਰਕੇ ਰਜਾਈ ਕੱਠੀ ਕਰਕੇ ਰੱਖੇ ਹੋਏ ਸਨ ਜਿਨ੍ਹਾਂ ਨੇ ਦਰਸ਼ਨ ਕੀਤੇ ਤੇ ਹੈਰਾਨ ਹੋਏ ਤੇ ਆਪ ਜੀ ਨੇ ਬਚਨ ਕੀਤਾ, "ਅੱਜ ਅਸੀਂ ਇਸ ਤਰ੍ਹਾਂ ਹੀ ਟਿਕ ਗਏ।" ਭਜਨ ਸਿੰਘ ਨੇ ਨਮਸਕਾਰ ਕਰਕੇ ਬੇਨਤੀ ਕੀਤੀ ਮਹਾਰਾਜ ਸਾਰੀ ਰਾਤ ਹਨ੍ਹੇਰੀ ਵਗਦੀ ਰਹੀ ਛਿੜਕਾਅ ਕੀਤੇ ਥਾਂ ਉੱਤੇ ਮਿੱਟੀ ਪੈ ਗਈ ਹੈ। ਹੁਕਮ ਕਰੋ ਛਿੜਕਾਅ ਫੇਰ ਕਰੀਏ ਤਾਂ ਹੁਕਮ ਕੀਤਾ, "ਕੋਈ ਲੋੜ ਨਹੀਂ ਸ਼ੁੱਧ ਹੈ, ਹੁਣ ਇੰਦਰ ਨੂੰ ਕਹਿ ਕੇ ਪਾਣੀ ਡੁਲਾ ਦਿਆਂਗੇ।" ਇੱਕ ਘੰਟੇ ਪਿਛੋਂ ਛਿੜਕਾਅ ਜਿਤਨਾ ਚੰਗਾ ਮੀਂਹ ਵੀ ਪੈ ਗਿਆ। ਦੁਪਹਿਰ ਦੇ ਸਮੇਂ ਰੋਜ਼ ਦੀ ਤਰ੍ਹਾਂ ਭਾਈ ਰਤਨ ਸਿੰਘ ਡਰੋਲੀ ਤੇ ਬੀਬੀ ਜੈ ਕੌਰ ਹੁਕਮ ਅਨੁਸਾਰ ਲੰਗਰ ਤਿਆਰ ਕਰਨ ਗਏ। ਭਾਈ ਨੀਲਾ ਸਿੰਘ ਜੀ ਫੁਲਕੇ ਕੋਲਿਆਂ ਉੱਤੇ ਰਾੜ੍ਹ-ਰਾੜ੍ਹ ਕੇ ਤਿਆਰ ਕਰਦੇ ਸਨ। ਉਹ ਵੀ ਹੁਕਮ ਅਨੁਸਾਰ ਇਹ ਸੇਵਾ ਕਰਾਉਂਦੇ ਸਨ। ਉਪਰੰਤ ਲੰਗਰ ਤਿਆਰ ਹੋ ਕੇ ਆ ਗਿਆ। ਸਾਰੇ ਲੰਗਰ ਦੀ ਮਰਿਯਾਦਾ ਹੋ ਰਹੀ ਸੀ। ਰਣ ਸਿੰਗਿਆਂ ਦੀ ਆਵਾਜ਼ ਆਉਣ ਲੱਗ ਪਈ। ਮਰਿਯਾਦਾ ਲੰਗਰ ਦੀ ਪੂਰੀ ਹੋਣ ਤੇ ਲੰਗਰ ਵਰਤਾਉਣ ਦਾ ਹੁਕਮ ਹੋਇਆ। ਪਹਿਰੇ ਉੱਤੇ ਨਿੱਕਾ ਸਿੰਘ ਭਾਗੀ ਵਾਂਦਰ ਹਾਜ਼ਰ ਹੋ ਕੇ ਬੇਨਤੀ ਕਰਨ ਲੱਗਾ। ਮਹਾਰਾਜ ਬਹੁਤ ਸਾਰੇ ਸਾਧੂਆਂ ਦੀ ਜਮਾਤ ਆ ਰਹੀ ਹੈ ਤਾਂ ਹੁਕਮ ਕੀਤਾ, "ਆਉਣ ਦਿਓ, ਰੋਕਣਾ ਨਹੀਂ।" ਫਿਰ ਲੰਗਰ ਵਿਚੋਂ ਆ ਕੇ ਭਜਨ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਬਹੁਤ ਸਾਰੇ ਸਾਧੂ

ਆ ਰਹੇ ਹਨ। ਲੰਗਰ ਦਾ ਕੀ ਹੁਕਮ ਹੈ। ਅੱਗੋਂ ਬਾਬਾ ਜੀ ਨੇ ਹੁਕਮ ਕੀਤਾ, "ਕੁਝ ਕਰਨ ਦੀ ਲੋੜ ਨਹੀਂ ਸ਼ੁਧ ਹੈ।" ਇਤਨੇ ਸਮੇਂ ਵਿੱਚ ਸਾਰੇ ਸਾਧੂ ਹਜ਼ੂਰ ਦੇ ਪਾਸ ਆ ਪਹੁੰਚੇ ਨਮਸਕਾਰ ਕਰਨ ਲੱਗੇ ਹਜ਼ੂਰ ਦੇ ਹੁਕਮ ਅਨੁਸਾਰ ਪੰਗਤਾਂ ਲਾਉਣ ਲੱਗ ਪਏ। ਠੀਕ ਇਸੇ ਸਮੇਂ ਲਾਲਾ ਦਿਲ ਸੁੱਖ ਰਾਇ ਲੱਡੂ ਅਤੇ ਜਲੇਬੀਆਂ ਦੀਆਂ ਦੋ ਟੋਕਰੀਆਂ ਲੈ ਕੇ ਪਹੁੰਚ ਗਏ। ਸ਼ਰਾਅ ਕਰਕੇ ਹੁਕਮ ਕੀਤਾ, "ਵਰਤਾਉ ਸ਼ੁਧ ਹੈ ਤੇਰਾਂ-ਤੇਰਾਂ ਲੱਡੂ ਤੇ ਤੇਰਾਂ ਜਲੇਬੀਆਂ ਗਿਣ ਕੇ ਪਹਿਲੀ ਵਾਰ ਵਰਤਾਓ ਦੂਜੀ ਵਾਰ ਦੁਗਣੇ ਤੀਜੀ ਵਾਰ ਤਿੰਨ ਗੁਣਾਂ ਵਰਤਾਓ ਹੁਕਮ ਕੀਤਾ। ਬਾਬਾ ਜੀ ਅੱਜ ਬੜੇ ਪ੍ਰਸੰਨ ਆ ਰਹੇ ਸਨ। ਕਦੇ-ਕਦੇ ਸ਼ੇਰ ਵਾਂਗੂੰ ਭਬਕ ਵੀ ਮਾਰਦੇ ਸਨ। ਉਧਰ ਮਹਾਤਮਾਂ ਦੀ ਪੰਗਤ ਵਿੱਚ ਸਭ ਸੇਵਾਦਾਰ ਰੋਟੀ, ਪਾਣੀ, ਦਾਲ, ਲੱਡੂ, ਜਲੇਬੀਆਂ ਵਰਤਾ ਰਹੇ ਸਨ ਅਚਾਨਕ ਹੀ ਹੁਕਮ ਕੀਤਾ, "ਸੱਦੋ ਡਰੋਲੀ ਵਾਲੇ ਦੋਹਾਂ ਜੀਆਂ ਨੂੰ" ਹੁਕਮ ਅਨੁਸਾਰ ਸੰਤ ਨਰੈਣ ਸਿੰਘ ਬੁਲਾ ਕੇ ਲੈ ਗਏ ਦੋਹਾਂ ਨੇ ਜਾ ਕੇ ਨਮਸਕਾਰ ਕੀਤੀ। ਉਪਰੰਤ ਹੁਕਮ ਹੋਇਆ, "ਜਿਹੜੇ ਮਹਾਤਮਾ ਲੰਗਰ ਛੱਕ ਰਹੇ ਹਨ ਹੱਥ ਸੁੱਚੇ ਕਰਾ ਕੇ ਤੁਸੀਂ ਕੱਲੇ ਕੱਲੇ ਸਾਧੂ ਨੂੰ ਨਮਸਕਾਰ ਕਰਨੀ ਦੋਹਾਂ ਨੇ ਸਤ ਬਚਨ ਕੀਤਾ ਹੁਕਮ ਹੋਇਆ, ਹੁਣ ਜਾ ਕੇ ਲੰਗਰ ਵਿੱਚ ਜੋ ਮਿਲੇ ਸੇਵਾ ਕਰੋ।" ਉਪਰੰਤ ਹੁਕਮ ਕੀਤਾ, "ਬਾਲਿਆ ਖਜਾਨੇ ਵਿਚੋਂ ਰੁਪਈਏ ਜਿਤਨੇ ਸਾਧੂ ਹਨ ਉਨੇ ਹੀ ਗਿਣ ਕੇ ਲੈ ਆਉ ਸੰਤ ਨਰੈਣ ਸਿੰਘ ਜੀ ਨੇ ਸਾਧੂਆਂ ਦੀ ਗਿਣਤੀ ਕਰਕੇ, ਗਿਣ ਕੇ ਰੁਪਏ ਲੈ ਆਂਦੇ। ਫਿਰ ਲਾਲਾ ਦਿਲ ਸੁੱਖ ਰਾਇ ਨੂੰ ਹੁਕਮ ਹੋਇਆ, "ਤੈਂ ਕੱਲੇ-ਕੱਲੇ ਸਾਧੂ ਨੂੰ ਦੱਖਣਾ ਦੇਣੀ ਹੈ। ਤੂੰ ਵੀ ਉਥੇ ਪਹੁੰਚ ਲਾਲਾ ਦਿੱਖ ਸੁੱਖ ਰਾਇ ਜੀ ਵੀ ਲੰਗਰ ਵਿੱਚ ਪਹੁੰਚ ਗਏ। ਲੰਗਰ ਵਰਤਣ ਤੋਂ ਬਾਅਦ ਲਾਲਾ ਦਿਲ ਸੁਖ ਰਾਇ ਨੇ ਹੁਕਮ ਅਨੁਸਾਰ ਦੱਖਣਾ ਦਿੱਤੀ। ਡਰੋਲੀ ਵਾਲਿਆਂ ਦੋਹਾਂ ਜੀਆਂ ਨੇ ਕੱਲੇ-ਕੱਲੇ ਸਾਧੂ ਨੂੰ ਨਮਸਕਾਰ ਕੀਤੀ ਨਿੱਕਾ ਸਿੰਘ ਭਾਗੀ ਵਾਂਦਰ ਵਾਲੇ ਨੇ ਹੁਕਮ ਅਨੁਸਾਰ ਸੰਤਾਂ ਦੀਆਂ ਜੂਠੀਆਂ ਪੱਤਲਾਂ ਡੇਰੇ ਤੋਂ ਬਾਹਰ ਸੁੱਟੀਆਂ। ਬਾਬਾ ਜੀ ਨੇ ਇਹ ਸੇਵਾ ਸਭ ਦੇ ਜਿੰਮੇ ਲਾਈ ਹੋਈ ਸੀ। ਉਪਰੰਤ ਸਭ ਸੰਤ ਬਾਬਾ ਜੀ ਦੇ ਹਜ਼ੂਰ ਪਹੁੰਚੇ ਨਮਸਕਾਰਾਂ ਕਰਕੇ ਬੈਠ ਗਏ। ਸਭ ਤੋਂ ਪਹਿਲਾਂ ਸ੍ਰੀ ਮਹੰਤ ਜੀ ਨੇ ਬਾਬਾ ਜੀ ਨਾਲ ਬਚਨ ਕੀਤੇ ਕਿਹਾ, ਮਹਾਰਾਜ! ਆਪ ਜੀ ਦਾ ਅਤੁੱਟ ਭੰਡਾਰ, ਭੋਜਨ, ਸਾਦਾ, ਸੁਆਦ ਬੜਾ

ਅਦਭੁਤ ਇਉਂ ਲੱਗਦਾ ਸੀ ਜਿਵੇਂ ਅਸੀਂ ਛੱਤੀ ਪ੍ਰਕਾਰ ਦੇ ਭੋਜਨ ਛੱਕ ਰਹੇ ਹੋਈਏ ਆਪ ਜੀ ਦਾ ਦਰਸ਼ਨ ਵੀ ਬੜਾ ਅਦਭੁਤ ਲੰਗਰ ਛਕਣ ਸਮੇਂ ਲੱਗ ਰਿਹਾ ਸੀ। ਸਾਡੇ ਐਥੇ ਆ ਕੇ ਬੈਠਣ ਤੋਂ ਪਹਿਲਾਂ ਹੀ ਆਪ ਜੀ ਨੇ ਸਰੂਪ ਬਦਲ ਲਿਆ ਹੈ, ਆਪ ਜੀ ਧੰਨ ਹੋ। ਬਾਬਾ ਜੀ ਨੇ ਬਚਨ ਕੀਤਾ, "ਸੰਤ ਜੀ ਦਰਸ਼ਨ ਹੈ ਕਿ ਪ੍ਰਸ਼ਨ, ਜੋ ਵੀ ਹੈ ਦੱਸੋ।" ਸੰਤ ਜੀ ਨੇ ਹੱਥ ਜੋੜ ਕੇ ਅਰਜ ਕੀਤਾ, ਮਹਾਰਾਜ! ਪ੍ਰਸ਼ਨ ਤਾਂ ਬੜੇ ਸਨ, ਆਪ ਜੀ ਦਾ ਦਰਸ਼ਨ ਕਰਕੇ ਹੀ ਸਭ ਦੇ ਸਭ ਤਰ੍ਹਾਂ ਦੇ ਪ੍ਰਸ਼ਨ ਪੂਰੇ ਹੋ ਗਏ ਹਨ। ਉਸ ਸਮੇਂ ਸ੍ਰੀ ਮਹੰਤ ਦੇ ਪਿੱਛੇ ਇੱਕ ਸਾਧੂ ਬੈਠਾ ਸੀ। ਉਸ ਵੱਲ ਇਸ਼ਾਰਾ ਕਰਕੇ ਬਾਬਾ ਜੀ ਨੇ ਬਚਨ ਕੀਤਾ, "ਸੰਤ ਜੀ ਤੁਹਾਡੇ ਪਿੱਛੇ ਜਿਹੜਾ ਸਾਧੂ ਬੈਠਾ ਹੈ ਇਸਨੂੰ ਹੁਕਮ ਦੇ ਕੇ ਖੜ੍ਹਾ ਕਰੋ।" ਸ੍ਰੀ ਮਹੰਤ ਜੀ ਦੇ ਇਸ਼ਾਰੇ ਨਾਲ ਉਹ ਮਹਾਤਮਾ ਉੱਠ ਕੇ ਖੜਾ ਹੋ ਗਿਆ। ਉਸ ਮਹਾਤਮਾ ਨੂੰ ਮੁਖਾਤਬ ਕਰਕੇ ਬਾਬਾ ਜੀ ਨੇ ਬਚਨ ਕੀਤਾ, "ਕਿਉਂ ਸੰਤ ਜੀ ਰਿਧੀਆਂ, ਸਿਧੀਆਂ ਪ੍ਰਾਪਤ ਕਰਕੇ ਮਨ ਨੂੰ ਸ਼ਾਂਤੀ ਨਾ ਆਈ। ਹਰ ਇੱਕ ਕੰਮ ਵਿੱਚ ਰੋੜਾ ਅਟਕਾ ਕੇ ਤੈਨੂੰ ਕੀ ਮਿਲਿਆ। ਤੂੰ ਏਥੇ ਲੰਗਰ ਵਰਤਣ ਸਮੇਂ ਆਪਣੀ ਸ਼ਕਤੀ ਪਰਖ ਕੇ ਵੇਖ ਲਈ ਭੰਡਾਰਾ ਅਤੁੱਟ ਹੀ ਵਰਤਿਆ। ਹੱਸ ਕੇ ਤੇਰੇ ਨਾਲ ਕੋਈ ਗੱਲ ਕਰੀਏ ਤੂੰ ਕੀ ਚਾਹੁੰਦਾ ਹੈਂ? ਇਤਨੇ ਬਚਨ ਹੋਣ ਦੇ ਨਾਲ ਹੀ ਉਹ ਸੰਤ ਨੇ ਭੁੱਲ ਮੰਨ ਲਈ ਤਾਂ ਬਚਨ ਕੀਤਾ, 'ਸ਼ੁਧ ਹੈ', ਉਪਰੰਤ ਲਾਲਾ ਦਿਲ ਸੁਖ ਰਾਇ ਨੂੰ ਹੁਕਮ ਕੀਤਾ, "ਤੇਰਾ ਅੱਜ ਅਸਮੇਧ ਯਗ ਹੋ ਗਿਆ, ਤੂੰ ਅੱਜ ਜੋ ਮਰਜ਼ੀ ਹੈ ਮੰਗ ਲੈ। ਲਾਲੇ ਦਿਲ ਸੁਖ ਰਾਇ ਨੇ ਮੰਗਿਆ। ਕ੍ਰਿਪਾ ਕਰੋ ਮੈਨੂੰ ਲੋਕ ਪ੍ਰਲੋਕ ਅੰਦਰ ਚਰਨਾਂ ਵਿੱਚ ਰੱਖੋ ਤਿੰਨ ਵਾਰ ਉਸਨੂੰ ਕੁਝ ਮੰਗਣ ਦਾ ਹੁਕਮ ਹੋਇਆ ਤਿੰਨ ਵਾਰ ਉਸਨੇ ਇਹੋ ਹੀ ਮੰਗ ਮੰਗੀ ਬਚਨ ਕੀਤਾ, 'ਸ਼ੁਧ ਹੈ'।

**ਸੇਵਕ ਕੀ ਮਨਸਾ ਪੂਰੀ ਭਈ॥ ਸਤਿਗੁਰ ਤੇ ਨਿਰਮਲ ਮਤਿ ਲਈ॥**

*(ਗਉੜੀ ਸੁਖਮਨੀ ੫)*

ਫਿਰ ਰਤਨ ਸਿੰਘ ਡਰੋਲੀ ਤੇ ਜੈ ਕੌਰ ਨੂੰ ਸਾਹਮਣੇ ਖੜ੍ਹੇ ਕਰਕੇ ਪੁੱਛਿਆ, "ਤੁਸੀਂ ਸਭ ਸੰਤਾਂ ਨੂੰ ਨਮਸਕਾਰ ਕੀਤੀ ਤੇ ਉਨ੍ਹਾਂ ਕੀ ਬਚਨ ਕੀਤਾ, ਭਾਈ ਰਤਨ ਸਿੰਘ ਡਰੋਲੀ ਤੇ ਜੈ ਕੌਰ ਨੇ ਬੇਨਤੀ ਕੀਤੀ। ਜੀ ਸਾਨੂੰ ਸਭ ਨੇ ਕਿਹਾ ਸੁਖੀ ਰਹੋ ਇੱਕ ਸੰਤ ਨੇ ਕਿਹਾ ਕਿ ਤੁਹਾਨੂੰ ਨਾਮ ਚਿੱਤ ਆਵੇ, "ਐਨੇ ਸੰਤਾਂ

ਵਿਚੋਂ ਇੱਕ ਨੇ ਹੀ ਕੰਮ ਦੀ ਗੱਲ ਕੀਤੀ ਹੈ ਸ਼ੁਧ ਹੈ ਰਤਨ ਸਿੰਘ ਡਰੋਲੀ ਤੇ ਜੈ ਕੌਰ ਨੂੰ ਹੁਕਮ ਕੀਤਾ, "ਤੁਸੀਂ ਦੋਵੇਂ ਕੱਲ ਵਾਂਗ ਹੀ ਬਹਾਲ ਦਾਸ ਦੀ ਸੇਵਾ ਕਰੋ। ਫਿਰ ਸਭ ਸੰਤਾਂ ਨੂੰ ਹੁਕਮ ਕੀਤਾ, "ਤੁਸੀਂ ਰੁੰਮੀ ਜਾ ਕੇ ਆਰਾਮ ਕਰੋ, ਪੰਜਵੇਂ ਦਿਨ ਤੁਹਾਨੂੰ ਤੋਰਾਂਗੇ, ਸਵੇਰ ਦੇ ਸਮੇਂ ਆ ਕੇ ਲੰਗਰ ਛੱਕ ਜਾਇਆ ਕਰੋ। ਹੁਕਮ ਅਨੁਸਾਰ ਸਭ ਮਹਾਤਮਾ ਰੁੰਮੀ ਨੂੰ ਚਲੇ ਗਏ। ਇਸਤੋਂ ਉਪਰੰਤ ਬਾਬਾ ਜੀ ਨੇ ਨੀਲਾ ਸਿੰਘ ਤੇ ਸਰਬਣ ਸਿੰਘ ਭਾਗੀ ਵਾਂਦਰ ਵਾਲੇ ਨੂੰ ਹੁਕਮ ਕੀਤਾ, "ਤੁਸੀਂ ਫੂਲ ਮੰਡੀ ਜਾ ਕੇ ਇੱਕ ਸੌ ਥਾਲੀ, ਕੌਲੀ, ਗਲਾਸ, ਲਿਆਓ ਕੱਲ ਤੋਂ ਭੋਜਨ ਭਾਂਡਿਆਂ ਵਿੱਚ ਛਕਾਂਵਾਗੇ।" ਹੁਕਮ ਨਾਲ ਦੋਵੇਂ ਸੇਵਾਦਾਰ ਮੰਡੀ ਜਾ ਕੇ ਬਰਤਨ ਲੈ ਆਏ। ਬਰਤਨ ਸਾਫ ਕਰਾ ਕੇ ਸ਼ਰਾਅ ਕਰਾ ਕੇ ਰੱਖ ਲਏ। ਇਸੇ ਦਿਨ ਹੀ ਭਜਨ ਸਿੰਘ ਨੇ ਬੇਨਤੀ ਕੀਤੀ, ਮਹਾਰਾਜ ! ਦੁੱਧ ਛੱਕ ਲਵੋ। ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਹਾਂ ਸਮਝ ਗਏ ਅਜੇ ਤਾਂ ਸਾਨੂੰ ਪਹਿਲਾਂ ਛਕਿਆ ਈ ਪਚਿਆ ਨਹੀਂ, ਤੂੰ ਧੀਰਜ ਕਰ ਤੈਨੂੰ ਦਿਖਾ ਦੇਵਾਂਗੇ। ਇਸ ਤਰ੍ਹਾਂ ਪੰਜ ਦਿਨ ਸੰਤ ਮੰਡਲੀ ਟਿਕੀ ਰਹੀ ਤੇ ਲਗਾਤਾਰ ਪੰਜ ਦਿਨ ਹੀ ਲਾਲਾ ਦਿਲ ਸੁੱਖ ਰਾਇ ਜੀ ਦੀ ਦੋ ਟੋਕਰੀਆਂ ਵਾਲੀ ਮਠਿਆਈ ਵਰਤਦੀ ਰਹੀ। ਪੰਜਵੇਂ ਦਿਨ ਸਭ ਮਹਾਤਮਾਂ ਦੀ ਸ਼ਰਾਅ ਕਰਾਈ ਫਿਰ ਆਪ ਜੀ ਨੇ ਬਚਨ ਕੀਤਾ, "ਚਾਰ ਆਸ਼ਰਮਾਂ ਵਾਲੇ ਸਾਧੂ ਹੋ, ਸਾਰੇ ਵਾਰੀ-ਵਾਰੀ ਆਪਣਾ-ਆਪਣਾ ਆਸ਼ਰਮ ਦੱਸੋ ਤੇ ਹਾਜ਼ਰੀ ਲੁਆਓ।" ਹੁਕਮ ਅਨੁਸਾਰ ਸਭ ਨੇ ਇਸ ਤਰ੍ਹਾਂ ਹੀ ਕੀਤਾ ਤਾਂ ਬਚਨ ਕੀਤਾ, 'ਸ਼ੁਧ ਹੈ'। ਫਿਰ ਬਚਨ ਕੀਤਾ, "ਹੋਰ ਜੋ ਜਿਸਦੀ ਇੱਛਾ ਹੈ ਮੰਗੋ।" ਸਭ ਨੇ ਸਿਰ ਨਿਵਾ ਕੇ ਕਿਹਾ ਆਪ ਜੀ ਦੀ ਬੜੀ ਕ੍ਰਿਪਾ ਹੈ। ਪਰ ਇਕ ਮਹਾਤਮਾਂ ਅੱਗੇ ਆ ਕੇ ਬੇਨਤੀ ਕਰਨ ਲੱਗਾ, ਜੀ ਮੇਰੇ ਮਨ ਨੂੰ ਸ਼ਾਂਤੀ ਬਖਸ਼ੋ। ਉਸ ਵੇਲੇ ਬਚਨ ਕੀਤਾ, "ਤੂੰ ਉਹੀ ਹੈਂ ਜਿਸਨੇ ਪਹਿਲੇ ਦਿਨ ਕਰਾਮਾਤ ਦਿਖਾਉਣੀ ਚਾਹੀ ਸੀ।" ਉਸਨੇ ਕਿਹਾ ਜੀ ਹਾਂ। ਉਸਨੂੰ ਬਚਨ ਕੀਤਾ, "ਤੂੰ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰ ਸ਼ਾਂਤੀ ਆਵੇਗੀ।" ਉਸਨੇ ਸੱਤ ਬਚਨ ਕੀਤਾ। ਉਪਰੰਤ ਸਭ ਮਹਾਤਮਾਂ ਵਿਦਾਅ ਕੀਤੇ ਨਾਲ ਹੀ ਸੰਤ ਬਹਾਲ ਦਾਸ ਜੀ ਵਿਦਾਅ ਕੀਤੇ। ਉਪਰੰਤ ਉਹ ਜੱਸੀ ਪੌਂ ਵਾਲੀ ਪਹੁੰਚ ਗਏ।

*(ਇਹ ਬਚਨ ਭਾਗੀ ਵਾਂਦਰ ਵਾਲੇ ਮੇਹਰ ਸਿੰਘ ਤੋਂ ਤੇ ਮਾਤਾ ਪਿਤਾ ਤੋਂ ਸੁਣਿਆ।)*

# ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥

ਇਸ ਦਿਨ ਤੋਂ ਉਪਰੰਤ ਭਜਨ ਸਿੰਘ ਜਿਸ ਵੇਲੇ ਵੀ ਬਾਬਾ ਜੀ ਪਾਸ ਆਵੇ ਉਹੀ ਬੇਨਤੀ ਕਰੇ। ਮਹਾਰਾਜ ਮੈਨੂੰ ਦਰਸ਼ਨ ਕਰਾਉ ਉਨ੍ਹਾਂ ਬ੍ਰਹਿਮੰਡਾਂ ਦੇ ਜਿੱਥੇ ਆਪ ਜੀ ਜਾ ਕੇ ਚਰਨ ਪਾਉਂਦੇ ਹੋ। ਕਦੇ ਕਦੇ ਤਾਂ ਵੈਰਾਗ ਵਿੱਚ ਆ ਕੇ ਰੋ-ਰੋ ਕੇ ਬੇਨਤੀ ਕਰਨੀ "ਭਜਨਿਆਂ ਕਾਹਲੀ ਨਾ ਕਰ, ਸਾਨੂੰ ਸਭ ਫਿਕਰ ਹੈ ਤੂੰ ਸੇਵਾ ਕਰੀ ਚੱਲ। ਉਪਰੰਤ ਭਜਨ ਸਿੰਘ ਸੇਵਾ ਕਰਦਾ ਰਿਹਾ। ਪਰ ਬੇਨਤੀ ਕਰਨੀ ਵੀ ਉਸਨੇ ਛੱਡੀ ਨਹੀਂ।" ਇੱਕ ਦਿਨ ਹਜ਼ੂਰ ਨੇ ਬਚਨ ਕੀਤਾ, "ਬਾਲਿਆ ਤਿਆਰੀ ਕਰੋ ਦੁੱਧ ਛਕੀਏ। ਸਾਰੀ ਤਿਆਰੀ ਕਰਨ ਤੇ ਸੰਤ ਨਰੈਣ ਸਿੰਘ ਜੀ ਨੇ ਬੇਨਤੀ ਕੀਤੀ। ਮਹਾਰਾਜ ਸਭ ਤਿਆਰੀ ਹੈ ਦੁੱਧ ਛਕੋ। ਬਾਬਾ ਜੀ 'ਸ਼ੁਧ ਹੈ' ਦਾ ਬਚਨ ਕਰਕੇ ਦੁੱਧ ਛਕਣ ਵਾਲੇ ਆਸਣ ਤੇ ਬਿਰਾਜ ਗਏ। ਆਹਿਸਤਾ-ਆਹਿਸਤਾ ਕਰਕੇ ਦੁੱਧ ਛਕਿਆ। ਨਿਯਮ ਅਨੁਸਾਰ ਜਿਨ੍ਹਾਂ-ਜਿਨ੍ਹਾਂ ਨੂੰ ਸੀਤ ਪ੍ਰਸ਼ਾਦ ਮਿਲਦਾ ਸੀ। ਸਭ ਨੂੰ ਕੱਲ੍ਹੇ-ਕੱਲ੍ਹੇ ਨੂੰ ਬੁਲਾ ਕੇ ਛਕਾਇਆ ਹੱਥ ਸੁੱਚੇ ਕਰਨ ਉਪਰੰਤ ਬਚਨ ਕੀਤਾ, "ਭਜਨੇ ਨੂੰ ਹਾਜ਼ਰ ਕਰੋ, ਸੰਤ ਨਰੈਣ ਸਿੰਘ ਜੀ ਨੇ ਭਜਨ ਸਿੰਘ ਨੂੰ ਉਠਾ ਕੇ ਬਾਬਾ ਜੀ ਦੇ ਨੇੜੇ ਕਰਕੇ ਦੱਸਿਆ ਮਹਾਰਾਜ ਭਜਨ ਸਿੰਘ ਹਾਜ਼ਰ ਹੈ ਬਾਬਾ ਜੀ ਨੇ ਬਚਨ ਕੀਤਾ, "ਤੂੰ ਵੇਖਣ ਵਾਸਤੇ ਹੱਠ ਛੱਡਦੇ ਅਸੀਂ ਅੱਗੇ ਵੀ ਤੈਨੂੰ ਕਈ ਕੁਝ ਦਿਖਾ ਚੁੱਕੇ ਹਾਂ, ਜੇ ਹੁਣ ਵੇਖਣਾ ਹੈ ਤਾਂ ਅਸੀਂ ਜਦੋਂ ਚਾਹਾਂਗੇ ਤੇਰਾ ਸਿਰ ਲਵਾਂਗੇ ਦੱਸ ਮਨਜ਼ੂਰ ਹੈ। ਅੱਗੋ ਭਜਨ ਸਿੰਘ ਨੇ ਕਿਹਾ ਜੀ ਮਨਜ਼ੂਰ ਹੈ ਤਾਂ ਬਾਬਾ ਜੀ ਨੇ ਪਹਿਲੀ ਪਉੜੀ ਮੂਲ ਮੰਤਰ ਯਾਦ ਕਰਾ ਕੇ ਬਚਨ ਕੀਤਾ, "ਇਸਨੂੰ ਜਪਿਆ ਕਰ ਅਗਲੀ ਗੱਲ ਫੇਰ ਕਰਾਂਗੇ। ਇਸ ਦੇ ਨਾਲ ਹੀ ਭਜਨ ਸਿੰਘ ਦਾ ਸੁਭਾਅ ਜਿਵੇਂ ਕਿ ਬਹੁਤ ਗੱਲਾਂ ਕਰਨੀਆਂ। ਹਰ ਸਮੇਂ ਕਿਸੇ ਨਾ ਕਿਸੇ ਦੇ ਕੋਲ ਬੈਠਾ ਹੀ ਰਹਿਣਾ। ਸਵੇਰੇ ਵੀ ਦੇਰ ਨਾਲ

ਉੱਠਣਾ ਪਿੱਛੇ ਪਾਠਕ ਪੜ੍ਹ ਚੁੱਕੇ ਹਨ। ਉਹ ਸਭ ਕੁਝ ਬਦਲ ਗਿਆ। ਜਿਸ ਤਰ੍ਹਾਂ ਗੁਰਬਾਣੀ ਵਿੱਚ ਕਥਨ ਹੈ :

**"ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ"**

*(ਆਸਾ ਮ: ੫ ੪੦੨)*

ਵਾਲੀ ਗੱਲ ਹੋ ਗਈ।

ਗੁਰੂ ਬਾਣੀ ਗੁਰਬਾਣੀ ਹੀ ਹੈ ਪ੍ਰੰਤੂ ਮਹਾਂਪੁਰਖਾਂ ਦੀ ਰਸਨਾਂ ਤੋਂ ਪ੍ਰਾਪਤ ਹੋਏ ਗੁਰਮੰਤਰ ਦੀ ਤਾਸੀਰ ਸੋਨੇ ਤੇ ਸੁਹਾਗੇ ਤੋਂ ਵੀ ਵੱਧ ਅਸਰ ਦਾਇਕ ਹੋ ਗਈ। ਹੁਣ ਭਜਨ ਸਿੰਘ ਹਰ ਸਮੇਂ ਚੁੱਪ ਅਤੇ ਮਸਤ ਰਹਿਣ ਲੱਗ ਪਿਆ। ਕੁਝ ਦਿਨ ਇਸ ਤਰ੍ਹਾਂ ਬੀਤਣ ਉਪਰੰਤ ਅੰਮ੍ਰਿਤ ਵੇਲੇ ਜਿਸ ਸਮੇਂ ਬਾਬਾ ਜੀ ਦੇ ਆਸਣ ਦਾ ਬੂਹਾ ਖੁੱਲ੍ਹਦਾ ਸੀ। ਉਸ ਸਮੇਂ ਸੰਤ ਨਰੈਣ ਸਿੰਘ ਜੀ ਨੇ ਹਜ਼ੂਰ ਦੇ ਆਸਣ ਦਾ ਦਰਵਾਜ਼ਾ ਖੋਲ੍ਹਿਆ। ਤਾਂ ਹੁਕਮ ਕੀਤਾ, "ਬਾਲਿਆ ਭਜਨੇ ਨੂੰ ਹਾਜ਼ਰ ਕਰੋ। ਉਸ ਸਮੇਂ ਹੀ ਸੰਤ ਨਰੈਣ ਸਿੰਘ ਜੀ ਭਜਨ ਸਿੰਘ ਨੂੰ ਲੈ ਕੇ ਹਾਜ਼ਰ ਹੋ ਗਏ ਤੇ ਭਜਨ ਸਿੰਘ ਨੇ ਵੀ ਆਪਣੀ ਹਾਜ਼ਰੀ ਦੱਸ ਕੇ ਲੁਆਈ। ਬਾਬਾ ਜੀ ਨੇ ਹੁਕਮ ਕੀਤਾ, "ਭਜਨਿਆਂ ਤੂੰ ਜਾਪ ਥੋੜ੍ਹਾ ਕਰਦਾ ਹੈ। ਜਿੰਨਾ ਕੁ ਅੱਗੇ ਕਰਦਾ ਹੈ ਉਸ ਤੋਂ ਕੁਝ ਵੱਧ ਕਰਿਆ ਕਰ। ਉਪਰੰਤ ਭਜਨ ਸਿੰਘ ਨੇ ਸੱਤ ਬਚਨ ਕੀਤਾ। ਫਿਰ ਸਾਰੀ ਸੰਗਤ ਨੇ ਆਪੋ ਆਪਣੇ ਨਾਂ ਦੱਸ ਕੇ ਰੋਜ਼ ਦੀ ਤਰ੍ਹਾਂ ਹਾਜ਼ਰੀ ਲੁਆਈ। ਸਭ ਦੇ ਨਾਮ ਸੁਨਣ ਉਪਰੰਤ ਬਚਨ ਕੀਤਾ, 'ਸ਼ੁਧ ਹੈ'। ਫਿਰ ਜਿੱਥੇ-ਜਿੱਥੇ ਕਿਸੇ ਸੇਵਾਦਾਰ ਜੋ ਸੇਵਾ ਕਰਨ ਦਾ ਹੁਕਮ ਹੋਇਆ। ਉਥੇ ਉਥੇ ਜਾ ਕੇ ਸਭ ਨੇ ਸੇਵਾ ਆਰੰਭ ਕਰ ਦਿੱਤੀ। ਇਸ ਤੋਂ ਦੋ ਕੁ ਦਿਨ ਬਾਅਦ ਦੁਪਹਿਰ ਦਾ ਪ੍ਰਸ਼ਾਦਾ ਆਉਣ ਤੇ ਸਾਰੀ ਮਰਿਆਦਾ ਹੋਣ ਉਪਰੰਤ ਬਚਨ ਕੀਤਾ, "ਭਜਨਿਆਂ ਸਾਡੇ ਆਸਣ ਦੇ ਕੋਲ ਸੱਜੇ ਪਾਸੇ ਬੈਠ ਜਾ ਤੇ ਮੂਲ ਮੰਤਰ ਪੜ੍ਹੀ ਚੱਲ ਸਤ ਬਚਨ ਕਰਕੇ ਭਜਨ ਸਿੰਘ ਬੈਠ ਗਿਆ ਤੇ ਹੋਲੀ ਹੋਲੀ ਪਹਿਲੀ ਪਉੜੀ ਦਾ ਪਾਠ ਹੁਕਮ ਅਨੁਸਾਰ ਕਰੀ ਗਿਆ। ਇਸ ਦਿਨ ਵੀ ਬਾਬਾ ਜੀ ਨੇ ਰਹਿਰਾਸ ਦੇ ਪਾਠ ਕਈ ਵਾਰ ਸੁਣੇ ਭਜਨ ਸਿੰਘ ਕਿਸੇ ਨਵੀਂ ਅਣਡਿੱਠੀ ਸੁੰਦਰ ਦੁਨੀਆਂ ਵਿੱਚ ਵਿਚਰਦਾ

ਰਿਹਾ। ਨਾਲ ਹੀ ਬਾਬਾ ਜੀ ਦੇ ਦਰਸ਼ਨ ਕਰਦਾ ਰਿਹਾ

**ਤੂੰ ਸਭਨੀ ਥਾਈਂ ਜਿਥੇ ਹਉ ਜਾਈ ਸਾਚਾ ਸਿਰਜਣ ਹਾਰੁ ਜੀਉ॥**

*(ਆ: ਮ: ੪, ਅੰਗ ੪੩੮)*

ਅਤੇ ਅਨੰਦ ਭਰਪੂਰ ਨਜ਼ਾਰੇ ਤੱਕਦਾ ਰਿਹਾ। ਦਿਨ ਛਿਪਣ ਦੇ ਸਮੇਂ ਬਾਬਾ ਜੀ ਨੇ ਆਵਾਜ਼ ਦਿੱਤੀ, "ਭਜਨਿਆਂ ਉੱਠ ਜੋ ਤੈਂ ਕਿਹਾ ਤੈਨੂੰ ਦਿਖਾ ਦਿੱਤਾ। ਹੁਣ ਇਸ ਤੋਂ ਅੱਗੇ ਵੇਖਣ ਦੀ ਜ਼ਿੱਦ ਨਾ ਕਰੀ ਸ਼ੁੱਧ ਹੈ ਹੁਕਮ ਹੋਣ ਤੇ ਭਜਨ ਸਿੰਘ ਨੇ ਅੱਖਾਂ ਖੋਲੀਆਂ ਤੇ ਬਾਬਾ ਜੀ ਨੂੰ ਕਿਸੇ ਅਗੰਮੀ ਰਸ ਵਿੱਚ ਭਰਪੂਰ ਹੋ ਕੇ ਡੰਡਉਤ ਕੀਤੀ। ਉਪਰੰਤ ਹੱਥ ਜੋੜ ਕੇ ਹਜ਼ੂਰ ਦੇ ਸਾਹਮਣੇ ਖੜਾ ਹੋ ਕੇ ਕਿਸੇ ਮਸਤੀ ਵਿੱਚ ਦਿਲ ਦੇ ਵਲਵਲੇ ਜਿਹੜੇ ਬਿਨਾਂ ਅੱਖਰਾਂ ਤੋਂ ਹੁੰਦੇ ਹਨ, ਅੱਖਰਾਂ ਤੋਂ ਬਿਨਾਂ ਹੋਣ ਕਰਕੇ ਦੱਸੇ ਨਹੀਂ ਜਾ ਸਕਦੇ। ਇਹ ਅਬੋਲੇ ਬੋਲ ਗੂੰਗੇ ਦੀ ਮਠਿਆਈ ਖਾਣ ਵਾਲੀ ਗੱਲ ਹੁੰਦੀ ਹੈ। ਇਸ ਅਬੋਲੇ ਭਾਸ਼ਾ ਨੂੰ ਜਾਂ ਬੋਲਣ ਵਾਲਾ ਜਾਣਦਾ ਸਮਝਦਾ ਹੈ ਜਾਂ ਫਿਰ ਉਹ ਮਹਾਂਪੁਰਖ ਗੁਰੂ ਕਾ ਪਿਆਰਾ ਜਾਂ ਸਤਿਗੁਰੂ ਆਪ ਜਾਣਦੇ ਹਨ ਬਾਬਾ ਜੀ ਉਸ ਸਮੇਂ ਮਿੱਠੀ ਮਿੱਠੀ ਮੁਸਕੁਰਾਹਟ ਨਾਲ ਹੱਸ ਰਹੇ ਸਨ ਤੇ ਬਚਨ ਕੀਤਾ, "ਕਿਉਂ ਭਜਨਿਆਂ ਕੀ ਵੇਖਿਆ ਕੁਝ ਸਮਝ ਆਈ।" ਭਜਨ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਤੂੰ ਵੀ ਬੇਅੰਤ ਤੇਰੀ ਰਚਨਾ ਵੀ ਬੇਅੰਤ। ਗੁਰਵਾਕ ਹੈ :

**ਕੇਤੀਆ ਤੇਰੀਆ ਕੁਦਰਤੀ ਕੇਵਡੁ ਤੇਰੀ ਦਾਤਿ॥**
**ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥**
**ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥**

*(ਸ੍ਰੀ ਰਾਗੁ ਮ: ੧, ਅੰਗ ੧੮)*

ਮਹਾਰਾਜ ਜਿੱਥੇ ਮੈਂ ਵੇਖਿਆ ਤੈਨੂੰ ਹੀ ਵੇਖਿਆ ਜੀ ਉਹ ਬੜੀ ਹੋਰ ਹੀ ਤਰ੍ਹਾਂ ਦੀ ਦੁਨੀਆਂ ਹੈ ਹੋਰ ਹੀ ਧਰਤੀ ਹੈ ਉਥੇ ਸਭ ਕੁਝ ਹੋਰ ਹੀ ਹੈ। ਬਾਬਾ ਜੀ ਨੇ ਦੱਸਿਆ, "ਭਜਨਿਆਂ ਇਸ ਤੋਂ ਅੱਗੋਂ ਬੇਅੰਤ ਤੋਂ ਵੀ ਬੇਅੰਤ ਹੈ ਸੰਸਾਰ ਦੀ ਸੁੰਦਰਤਾ ਸੁਹੱਪਣ ਸੁਹਜ ਸਵਾਦ ਉਸਦੇ ਅੱਗੇ ਤੁਛ ਹੈ।

**ਤਿਥੈ ਨਾਦ ਬਿਨੋਦ ਕੋਡ ਅਨੰਦੁ॥**

*(ਸ੍ਰੀ ਜਪੁਜੀ ਸਾਹਿਬ)*

ਇਕ ਵਾਰੀ ਤੈਨੂੰ ਪਿੱਛੇ ਵਿਖਾ ਚੁੱਕੇ ਹਾਂ ਤੇ ਦੂਜੀ ਵਾਰ ਹੁਣ ਦਿਖਾਇਆ

ਹੈ ਭਜਨਿਆਂ ਜਿਹੜਾ ਅਨੰਦ ਅੱਜ ਤੈਨੂੰ ਆਇਆ। ਕਈ ਵਾਰ ਮਹਾਤਮਾ ਨੂੰ ਐਸੇ ਅਨੰਦ ਦੀ ਝਲਕ ਵੱਜਦੀ ਹੈ। ਕਿਸੇ ਕਾਰਨ ਕਰਕੇ ਹੱਟ ਜਾਂਦੀ ਹੈ। ਫਿਰ ਉਹ ਅਨੰਦ ਦੀ ਝਲਕ ਵੇਖਣ ਨੂੰ ਤਰਸਦੇ ਰਹਿੰਦੇ ਹਨ ਕੋਈ ਸ਼ਰਾਬਾਂ ਤੇ ਕੋਈ ਸੁੱਖਾ (ਭੰਗ) ਪੀਣ ਲੱਗ ਜਾਂਦੇ ਹਨ। ਪਰ ਇਹ ਝਲਕ ਨਹੀਂ ਮਿਲਦੀ ਕਈ ਕਮਲੇ ਹੋ ਜਾਂਦੇ ਹਨ।

**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥**

ਤੁਸੀਂ ਸੇਵਾ ਕਰੀ ਚੱਲੋ ਸਮਾਂ ਆਏਗਾ। ਤੁਹਾਨੂੰ ਸਭ ਕੁਝ ਮਿਲੇਗਾ ਅਸੀਂ ਆਪ ਦੇਵਾਂਗੇ। ਉਪਰੰਤ ਭਜਨ ਸਿੰਘ ਨੇ ਨਮਸਕਾਰ ਕੀਤੀ।

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਤੇਰੀ ਲੀਲਾ ਅਚਰਜ ਅਨੂਪ।**
**ਜੋ ਜਨ ਤੁਮ ਕੋ ਸੇਵਤੇ ਪਰੈ ਨਾ ਭਵ ਕੇ ਕੂਪ।**
**ਪਰੈ ਨਾ ਭਵ ਕੇ ਕੂਪ ਜੀਵਨ ਮੁਕਤ ਕਹਾਵੈ।**
**ਆਪ ਤਰਹਿ ਔਰਨ ਤਰਾਹਿ ਉੱਤਮ ਪਦ ਪਾਵੈ।**
**ਮੈ ਟੇਕ ਔਰ ਕੀ ਛੋਡ ਟੇਕ ਤੇਰੀ ਪਕਰੀ।**
**ਅਗਮ ਅਗਾਧ ਬੇਅੰਤ ਪ੍ਰਮ ਜੋਤ ਪ੍ਰਮੇਸ਼ਰੀ।**

*(ਇਹ ਪ੍ਰਸੰਗ ਸ. ਮੰਗਲ ਸਿੰਘ ਤੁੰਗ ਵਾਲੀ ਤੇ ਮਾਤਾ ਪਿਤਾ ਤੋਂ ਮਿਲਿਆ।)*

## ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥

ਹੁਣ ਸੁਣੋ ਭਜਨ ਸਿੰਘ ਲਾਂਗਰੀ ਨਾਲ ਇਸ ਤੋਂ ਉਪਰੰਤ ਕੀ ਬੀਤੀ ਚਿੱਤ ਹਰ ਸਮੇਂ ਉਦਾਸ ਖਾਣਾ, ਪੀਣਾ, ਸੌਣਾ, ਬੋਲਣਾ ਇਸ ਦਿਨ ਤੋਂ ਬਹੁਤ ਘੱਟ ਜਿਸ ਤਰ੍ਹਾਂ ਗੁਰ ਵਾਕ ਹੈ:

**ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ॥**

*(ਰਾਗ ਗਉੜੀ ਮ: ੧ ਛੰਤ)*

ਹਰ ਸਮੇਂ ਜਿਸ ਤਰ੍ਹਾਂ ਕਿਸੇ ਦੀ ਕੋਈ ਕੀਮਤੀ ਸ਼ੈਅ ਗੁਆਚ ਜਾਏ ਮਨ ਕਿਸੇ ਭਟਕਣਾ ਵਿੱਚ ਹੈ **ਨਾਦ ਭ੍ਰਮੈ ਜੈਸੇ ਮਿਰਗਾਏ॥** ਵਾਲੀ ਹਾਲਤ ਬਣ ਗਈ, ਪ੍ਰੰਤੂ ਹਰ ਸਮੇਂ ਰਹਿਣਾ ਬਾਬਾ ਜੀ ਦੇ ਆਸਣ ਦੇ ਨੇੜੇ ਹੀ ਹਜ਼ੂਰ ਨੇ

ਜੇ ਕੋਈ ਬਚਨ ਕਰਨਾ ਚੰਗੀ ਤਰ੍ਹਾਂ ਸੁਣਨ ਸਮਝਣ ਦੀ ਕੋਸ਼ਿਸ਼ ਕਰਨੀ। ਬਾਬਾ ਜੀ ਜਾਣਦੇ ਸਨ ਸੇਵਕ ਦੇ ਮਨ ਤੇ ਕੀ ਬੀਤਦੀ ਹੋਏਗੀ। ਕਦੇ-ਕਦੇ ਹੌਸਲਾ ਦੇਣਾ ਤੇ ਕਹਿਣਾ, "ਭਜਨਿਆ ਕਾਹਲੀ ਨ ਕਰ। ਹੌਸਲਾ ਰੱਖ, ਤੇਰੇ ਨਾਲੋਂ ਅੱਗੋਂ ਆਇਆਂ ਨੇ ਬਹੁਤੀ ਸੇਵਾ ਕੀਤੀ, ਅਜੇ ਤਾਂ ਉਨ੍ਹਾਂ ਦਾ ਸਮਾਂ ਨਹੀਂ ਬਣਿਆ, ਤਾਂ ਭਜਨ ਸਿੰਘ ਨੇ ਰੋ ਕੇ ਬੇਨਤੀ ਕਰਨੀ। ਗਰੀਬ ਨਿਵਾਜ ਮੈਂ ਨਿਮਾਣਾ ਹਾਂ ਨਿਆਸਰਾ ਹਾਂ। **ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥** ਵਾਲੀ ਵਿਆਕੁਲਤਾ ਭਜਨ ਸਿੰਘ ਨੂੰ ਹਰ ਸਮੇਂ ਬਣੀ ਰਹਿਣੀ। ਠੀਕ ਇਸ ਤੋਂ ਕੁਝ ਸਮੇਂ ਉਪਰੰਤ ਹਜ਼ੂਰ ਦਰਗਾਹ ਨੂੰ ਚਲੇ ਗਏ। ਭਜਨ ਸਿੰਘ ਤੇ ਉਸ ਸਮੇਂ ਕੀ ਵਾਪਰੀ ਤਾਂ ਸਭ ਸੰਗਤ ਦੇ ਮਨ ਉੱਤੇ ਸਾਰਾ ਵੇਰਵਾ ਤਾਂ ਉਸ ਸਮੇਂ ਦੇ ਪ੍ਰਸੰਗ ਅਨੁਸਾਰ ਉਥੇ ਹੀ ਆਵੇਗਾ। ਪ੍ਰੰਤੂ ਭਜਨ ਸਿੰਘ ਨੇ ਹਰ ਸਮੇਂ ਬਾਬਾ ਜੀ ਦੇ ਵੈਰਾਗ ਵਿੱਚ ਕੂਕਦੇ ਰਹਿਣਾ ਅੱਖਾਂ ਵਿੱਚ ਪਿਆਰ ਦੇ ਹੰਝੂ ਵਗਦੇ ਰਹਿਣੇ, ਸੰਤ ਨਰੈਣ ਸਿੰਘ ਜੀ ਨੇ ਹੌਸਲਾ ਦੇਣਾ, "ਭਜਨਿਆ! ਇਉਂ ਠੀਕ ਨਹੀਂ ਭਜਨ ਸਿੰਘ ਨੇ ਬਾਬਾ ਜੀ ਦੇ ਆਸਣ ਕੋਲ ਬੈਠ ਕੇ ਵੈਰਾਗ ਕਰਦੇ ਰਹਿਣਾ **ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੇ ਲਾਇ ਪਿਆਰੋ॥ ਵਾ: 1: 1 ਅਲਾਹਣੀਆ**, ਕੁਝ ਸਮਾਂ ਤਾਂ ਭਜਨ ਸਿੰਘ ਨੇ ਔਖਾ-ਸੌਖਾ ਲੰਘਾਇਆ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ **ਜਿਨਾਂ ਸਿੱਕ ਦੀਦਾਰ ਦੀ ਲੱਗੀ ਉਹ ਕਰ ਆਰਾਮ ਨਾ ਬਹਿੰਦੇ॥** ਇੱਕ ਦਿਨ ਭਾਈ ਮੰਗਲ ਸਿੰਘ ਤੁੰਗ ਵਾਲੀ ਵਾਲਾ ਭੁੱਚੋ ਆਇਆ ਅਤੇ ਭਜਨ ਸਿੰਘ ਨੇ ਆਪਣੇ ਮਨ ਦੀ ਗੱਲ ਦੱਸੀ ਕਹਿਣ ਲੱਗਾ, ਮੰਗਲ ਸਿੰਆਂ **ਜੇ ਕਰ ਮਾਲਿਕ ਨਾ ਦਿੱਸੇ ਜੀਵਣ ਦਾ ਕੀ ਹੱਜ॥** ਮੰਗਲ ਸਿੰਘ ਨੇ ਪੁੱਛਿਆ ਫਿਰ ਕੀ ਕਰੀਏ। ਭਜਨ ਸਿੰਘ ਨੇ ਕਿਹਾ, ਆਪਾਂ ਦੋਵੇਂ ਰਲ ਕੇ ਇੱਕ ਟਿੱਬੇ ਉੱਤੇ ਖੂਹ ਪੁੱਟੀਏ ਜੋ ਮਹਾਰਾਜ ਨੇ ਮੈਨੂੰ ਸ਼ਬਦ ਦੱਸਿਆ ਸੀ। ਉਸ ਵਿੱਚ ਬੈਠ ਕੇ ਜਪੀਏ ਖਬਰੇ ਉਹ ਨਜ਼ਾਰਾ ਫਿਰ ਦਿਸ ਪਵੇ। ਮੰਗਲ ਸਿੰਘ ਨੇ ਕਿਹਾ ਟਿੱਬੇ ਵਿੱਚ ਖੂਹ ਪੁੱਟਣਾ, ਰਾਤ ਨੂੰ ਵਿੱਚ ਵੜ ਕੇ ਬੈਠਣਾ ਜੇ ਉੱਤੋਂ ਡਿੱਗਾ ਡਿੱਗ ਪੈਣ ਫੇਰ ਕੀ ਬਣੇਗਾ ? ਮੌਤ ਹੋ ਜਾਏ। ਦੋਹਾਂ ਨੂੰ ਕਿਸੇ ਨੇ ਬਾਹਰ ਨਹੀਂ ਕੱਢਣਾ। ਭਜਨ ਸਿੰਘ ਨੇ ਕਿਹਾ ਮੰਗਲ ਸਿਆਂ ਮਰਨਾ ਇੱਕ ਦਿਨ ਫੇਰ ਵੀ ਹੈ। ਜੇ ਮਹਾਰਾਜ ਦੀ ਯਾਦ ਵਿੱਚ

ਬੈਠਿਆਂ ਮੌਤ ਆਵੇ ਤਾਂ ਚੰਗੀ ਹੈ। ਹੌਲੀ-ਹੌਲੀ ਭਜਨ ਸਿੰਘ ਨੇ ਮੰਗਲ ਸਿੰਘ ਨੂੰ ਮਨਾ ਕੇ ਇੱਕ ਪੌੜੀ ਲੈ ਲਈ ਤੇ ਦੋ ਕਹੀਆਂ ਲੈ ਕੇ ਸਾਰਾ ਦਿਨ ਇੱਕ ਟਿੱਬਾ ਖੰਡ ਵਾਲੇ ਟਿੱਬੇ ਦੇ ਨੇੜੇ ਸੀ ਪੁਟਾਈ ਕਰਦੇ ਰਹੇ। (ਡੇਰੇ ਤੋਂ ਪੱਛਮ ਦੇ ਪਾਸੇ ਉਹ ਜਗ੍ਹਾ ਸੀ)। ਜਿੰਨਾ ਡੂੰਘਾ ਕਰ ਸਕਦੇ ਸੀ ਕਰ ਲਿਆ। ਅੰਤ ਨੂੰ ਭਜਨ ਸਿੰਘ ਨੇ ਕਿਹਾ ਮੰਗਲ ਸਿਆਂ ਤੂੰ ਵੀ ਅੱਜ ਰਾਤ ਨੂੰ ਆ ਜਾਈਂ। ਆਪਾਂ ਦੋਵੇਂ ਬੈਠ ਕੇ ਭਜਨ ਕਰਾਂਗੇ। ਉਸ ਵੇਲੇ ਤਾਂ ਮੰਗਲ ਸਿੰਘ ਨੇ ਹਾਮੀ ਭਰ ਦਿੱਤੀ। ਪਰ ਪਿੰਡ ਆ ਕੇ ਮਨ ਨੇ ਕਿਹਾ ਰੋਟੀ ਖਾ ਕੇ ਘੰਟਾ ਭਰ ਸੌਂ ਕੇ ਚੱਲਾਂਗੇ। ਰੋਟੀ ਖਾਣ ਉਪਰੰਤ ਮੰਗਲ ਸਿੰਘ ਸੌਂ ਗਿਆ। ਰਾਤ ਨੂੰ ਮੰਗਲ ਸਿੰਘ ਨੇ ਸੁਪਨਾ ਦੇਖਿਆ ਕਿ ਮੈਂ ਤੇ ਭਜਨ ਸਿੰਘ ਟਿੱਬੇ ਤੇ ਖੂਹ ਵਿੱਚ ਬੈਠੇ ਹਾਂ ਮਲੂਮ ਹੁੰਦਾ ਹੈ। ਉੱਪਰੋਂ ਖੂਹ ਮਿਲ ਗਿਆ ਹੈ। ਤੇ ਬਾਬਾ ਜੀ ਮਹਾਂ ਹਰਿਨਾਮ ਸਿੰਘ ਮਹਾਰਾਜ ਮੰਗਲ ਸਿੰਘ ਦੀ ਬਾਂਹ ਫੜ ਕੇ ਕੱਢ ਰਹੇ ਹਨ। ਨਾਲੇ ਬਚਨ ਕਰਦੇ ਹਨ ਤਕੜੇ ਹੋਵੋ ਲਾਓ ਜੋਰ। ਅਚਾਨਕ ਹੀ ਮੰਗਲ ਸਿੰਘ ਦੀ ਅੱਖ ਖੁੱਲ ਗਈ। ਉਸ ਸਮੇਂ ਮੰਗਲ ਸਿੰਘ ਨੇ ਆਪਣਾ ਸਾਰਾ ਸਰੀਰ ਉੱਤੇ ਰੇਤੇ ਨਾਲ ਲਿਬੜਿਆ ਹੋਇਆ ਦੇਖਿਆ ਗੁਰਵਾਕ ਹੈ :

**ਨਾਨਕ ਕਚੜਿਆ ਸਿਉ ਤੋੜਿ ਢੂੰਢਿ ਸਜਣ ਸੰਤ ਪਕਿਆ ॥**
**ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥**

ਮੰਗਲ ਸਿੰਘ ਦੇ ਮਨ ਵਿੱਚ ਆਈ ਕਿ ਭਜਨ ਸਿੰਘ ਤਾਂ ਮਰ ਗਿਆ ਹੋਵੇਗਾ। ਪਰ ਮੂੰਹ ਹਨੇਰੇ ਹੀ ਮੰਗਲ ਸਿੰਘ ਉੱਠਿਆ ਬਾਬਾ ਜੀ ਦੇ ਅਸਥਾਨ ਉੱਤੇ ਪਹੁੰਚ ਕੇ ਨਮਸਕਾਰ ਕੀਤਾ ਤੇ ਫਿਰ ਜਿੱਥੇ ਖੂਹ ਸਾਰਾ ਦਿਨ ਪੁੱਟਿਆ ਸੀ। ਉਥੇ ਪਹੁੰਚ ਕੇ ਕੀ ਵੇਖਿਆ। ਖੂਹ ਉਪਰੋਂ ਬੰਦ ਹੋ ਚੁੱਕਾ ਸੀ ਅਤੇ ਪੌੜੀ ਜਿਹੜੀ ਖੂਹ ਵਿੱਚ ਲਾ ਕੇ ਭਜਨ ਸਿੰਘ ਉਤਰਿਆ ਸੀ। ਉਸਦਾ ਉਪਰਲਾ ਕੁਝ ਹਿੱਸਾ ਹੀ ਬਾਹਰ ਸੀ। ਜਿਸ ਤੋਂ ਜਗ੍ਹਾ ਦਾ ਪਤਾ ਲੱਗਦਾ ਸੀ। ਇਸ ਤਰ੍ਹਾਂ ਭਜਨ ਸਿੰਘ ਦਾ ਅੰਤ ਸਮਾਂ ਹੋਇਆ।

*(ਇਹ ਪ੍ਰਸੰਗ ਸ. ਮੰਗਲ ਸਿੰਘ ਤੁੰਗ ਵਾਲੀ ਵਾਲੇ ਤੋਂ ਸੁਣਿਆ)*

## ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ॥

ਜਿਸ ਮੌਲਵੀ ਦੇ ਲੜਕੇ ਨੂੰ ਆਪ ਜੀ ਨੇ ਦੇਹ ਅਰੋਗਤਾ ਬਖਸ਼ੀ ਸੀ। ਉਸ ਸਮੇਂ ਹੁਕਮ ਹੋਇਆ ਸੀ ਕਿਤੇ ਫੇਰ ਇਸ ਨੂੰ ਲੈ ਕੇ ਆਈਂ। ਉਹ ਬੱਚਾ ਮੌਲਵੀ ਨੂੰ ਆਪ ਜੀ ਨੇ ਬਖ਼ਸ਼ਿਆ ਸੀ। ਪਿੱਛਲੇ ਹਿੱਸਿਆਂ ਵਿੱਚ ਪ੍ਰਸੰਗ ਆ ਚੁੱਕਾ ਹੈ। ਉਹ ਮੌਲਵੀ ਆਪਣੇ ਬੱਚੇ ਸਮੇਤ ਚਰਨਾਂ ਵਿੱਚ ਹਾਜ਼ਰ ਹੋਇਆ ਹਾਂ ਅੱਗੇ ਆਪ ਨੇ ਰਹਿਮਤ ਕੀਤੀ। ਸਰੀਰਕ ਰੋਗ ਦੂਰ ਕੀਤਾ, ਹੁਣ ਬਖ਼ਸ਼ਿਸ ਕਰੋ ਬੰਦਗੀ ਦੀ ਖ਼ੈਰਾਇਤ ਕਰੋ। ਇਹ ਬੇਨਤੀ ਸੁਣ ਕੇ ਬਾਬਾ ਜੀ ਬੜੇ ਪ੍ਰਸੰਨ ਹੋਏ ਬਚਨ ਕੀਤਾ, "ਮੌਲਵੀ ਤੂੰ ਚੰਗੇ ਸਮੇਂ ਆ ਗਿਆ ਹੈਂ, ਅਸੀਂ ਤੈਨੂੰ ਉਡੀਕਦੇ ਸੀ। ਬਚਨ ਕੀਤਾ, "ਬਾਲਿਆ ਨੀਲਾ ਸਿੰਘ ਨੂੰ ਕਹੋ ਮੌਲਵੀ ਦੇ ਮੁੰਡੇ ਨੂੰ ਇਸ਼ਨਾਨ ਕਰਾ ਕੇ ਸਾਰੀ ਸ਼ਰਾਅ ਕਰਾ ਕੇ ਹਾਜ਼ਰ ਕਰੋ। ਹੁਕਮ ਅਨੁਸਾਰ ਸਭ ਕਰ ਕਰਾ ਕੇ ਅਰਜ਼ ਕੀਤੀ, ਮਹਾਰਾਜ! ਮੌਲਵੀ ਦਾ ਮੁੰਡਾ ਹਾਜ਼ਰ ਹੈ। ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ, ਸਾਨੂੰ ਇਸ ਦੀ ਬਾਂਹ ਫੜਾ ਦਿਉ। ਬਾਂਹ ਫੜਨ ਉਪਰੰਤ ਬਾਬਾ ਜੀ ਨੇ ਐਸੀ ਜ਼ੋਰ ਦੀ ਸ਼ੇਰ ਵਾਂਗ ਭਬਕ ਮਾਰੀ ਕੁਝ ਸੰਗਤ ਹਜ਼ੂਰੀ ਵਿੱਚ ਬੈਠੀ ਸੀ। ਉਹ ਸਾਰੀ ਡਰ ਗਈ। ਪਰ ਮੌਲਵੀ ਦਾ ਮੁੰਡਾ ਅਡੋਲ ਹੀ ਰਿਹਾ, ਨਹੀਂ ਡਰਿਆ। ਤੇ ਬਚਨ ਕੀਤਾ, "ਲੈ ਅਸੀਂ ਅੱਗੇ ਪੜ੍ਹਾਂਗੇ ਤੂੰ ਸਾਡੇ ਪਿੱਛੇ-ਪਿੱਛੇ ਪੜ੍ਹੀ ਜਾਈਂ। ਉਪਰੰਤ ਬਾਬਾ ਜੀ ਕਲਮਾ ਅੱਗੇ-ਅੱਗੇ ਪੜ੍ਹੀ ਗਏ ਤੇ ਉਹ ਲੜਕਾ ਪਿੱਛੇ ਪਿੱਛੇ ਪੜ੍ਹਦਾ ਗਿਆ। ਕੁਝ ਸਮਾਂ ਇਸ ਤਰ੍ਹਾਂ ਪੜ੍ਹਦਾ-ਪੜ੍ਹਦਾ ਲੜਕਾ ਟਿਕ ਗਿਆ। ਬੁਲ ਫਰਕਣੋ ਹਟ ਗਏ, ਅੱਖਾਂ ਬੰਦ ਹੋ ਗਈਆਂ, ਸਰੀਰ ਅਡੋਲ ਹੋ ਗਿਆ। ਜਿਵੇਂ ਫ਼ੁਰਮਾਨ ਹੈ:

**ਡੋਲਨ ਤੇ ਚੂਕਾ ਠਹਿਰਾਇਆ॥ ਸਤਿ ਮਾਹਿ ਲੇ ਸਤਿ ਸਮਾਇਆ॥**

*(ਰਾਮ ਕਲੀ ਮ: ੫)*

**ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ॥**

*(ਆਸਾ ਸ੍ਰੀ ਕਬੀਰ ਜੀ)*

ਅੱਜ ਪੂਰਨ ਕ੍ਰਿਪਾ ਹੋ ਗਈ ਉਸ ਲੜਕੇ ਦੇ ਚਿਹਰੇ ਦੇ ਭਾਵ ਅੰਦਰਲੇ ਕਿਸੇ ਅਣੋਖੇ ਰਸ ਨੂੰ ਬਾਹਰੋਂ ਪ੍ਰਗਟ ਕਰ ਰਹੇ ਸਨ। ਬਾਬਾ ਜੀ ਉਸਦੇ ਮਨ ਦੀ ਅਵਸਥਾ ਨੂੰ ਵੇਖ ਕੇ ਮੁਸਕਰਾ ਰਹੇ ਸਨ। ਜਿਵੇਂ ਮਾਲੀ ਆਪਣੇ ਲਾਏ ਬੂਟੇ ਨੂੰ ਫਲਿਆ ਵੇਖ ਕੇ ਪ੍ਰਸੰਨ ਹੁੰਦਾ ਹੈ। ਕੁਝ ਸਮਾਂ ਦੁਵੱਲੀ ਚੁੱਪ ਛਾਈ ਰਹੀ ਅੰਤ ਨੂੰ ਆਪ ਹੀ ਮੌਲਵੀ ਨੂੰ ਆਵਾਜ਼ ਦੇ ਕੇ ਕੋਲ ਸੱਦ ਬਚਨ ਕੀਤਾ, "ਲੈ ਤੂੰ ਇਸ ਮੁੰਡੇ ਨੂੰ ਸੰਭਾਲ ਕੇ ਰੱਖੀਂ, ਕੋਈ ਸਮਾਂ ਆਏਗਾ ਇਹ ਪੀਰ ਬਣੇਗਾ। ਫਿਰ ਆਪ ਹੀ ਆਵਾਜ਼ ਦੇ ਕੇ ਉਸ ਨੂੰ ਸਾਵਧਾਨ ਕੀਤਾ ਤੇ ਲੰਗਰ ਵਿਚੋਂ ਪ੍ਰਸ਼ਾਦਾ ਛੱਕ ਕੇ ਜਾਣ ਦਾ ਹੁਕਮ ਕੀਤਾ ਸੋ ਇਸ ਤਰ੍ਹਾਂ ਹੀ ਹੋਇਆ।

*(ਇਹ ਬਚਨ ਮਾਤਾ ਪਿਤਾ ਤੋਂ ਪ੍ਰਾਪਤ ਹੋਇਆ।)*

## ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ॥

ਕਈ ਵਾਰ ਐਸਾ ਸਮਾਂ ਉਸ ਪ੍ਰਮੇਸ਼ਰ ਦੇ ਹੁਕਮ ਨਾਲ ਮਹਾਂਪੁਰਖਾਂ ਦੀ ਪ੍ਰੀਖਿਆ ਦੀ ਘੜੀ ਆਉਂਦੀ ਹੈ ਤੇ ਮਹਾਂਪੁਰਖ ਉਸ ਵਿਚੋਂ ਸਫਲ ਹੋ ਕੇ ਨਿਕਲਦੇ ਹਨ, ਕਈਆਂ ਨੂੰ ਸਿੱਖਿਆ ਮਿਲਦੀ ਹੈ। ਕਈ ਕਦੇ ਇਸ ਵਿੱਚ ਫਸ ਕੇ ਆਪਣਾ ਆਪ ਗੁਆ ਬੈਠਦੇ ਹਨ ਜਿਵੇਂ ਫੁਰਮਾਨ ਹੈ:

**ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥**
**ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾਂ ਕਾਰਿ ਨ ਆਈ॥**

*( ਅੰਗ ੧੪੨ ਸਲੋਕ ਮ: ੫)*

ਜਿਨ੍ਹਾਂ ਨੇ ਫਸ ਕੇ ਆਪਣਾ ਆਪ ਗੁਆ ਲਿਆ। ਉਨ੍ਹਾਂ ਦਾ ਪ੍ਰਮੇਸ਼ਰ ਦੀ ਦਰਗਾਹ ਵਿੱਚ ਕੋਈ ਮੁੱਲ ਨਹੀਂ। ਜਿਨ੍ਹਾਂ ਨੇ ਐਸੇ ਪੱਕੇ ਮਹਾਂਪੁਰਖ **ਹਰਿ ਦਰਗਹਿ ਕਾ ਬਸੀਠ** ਦੇਖਿਆ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣਾ ਸਭ ਕੁਝ ਜੀਵਨ ਬਸਰ ਕੀਤਾ ਹੈ ਉਨ੍ਹਾਂ ਦੀ ਨਿਗਾਹ ਵਿੱਚ ਐਸੇ ਕੱਚਿਆਂ ਦਾ ਕੋਈ ਮੁੱਲ ਨਹੀਂ। ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਆਪਣੇ ਸਮੇਂ ਵਿੱਚ ਭੁੱਚੋ

ਆਸਣ ਲਾਇਆ। ਚਾਰ ਚੁਫੇਰੇ ਰੇਤਾ ਹੀ ਰੇਤਾ ਜਿਧਰ ਨਿਗਾਹ ਮਾਰੋ ਰੇਤਾ ਉਡਦੀ ਨਜ਼ਰ ਆਉਂਦੀ ਸੀ। ਪਾਣੀ ਬੜੀ ਮੁਸ਼ਕਿਲ ਨਾਲ ਮਿਲਦਾ ਸੀ। ਐਸੇ ਬਿਖੜੇ ਥਾਂ ਆਸਣ ਲਾਇਆ ਜਿਤਨਾ ਚਿਰ ਸਰੀਰ ਕਰਕੇ ਸੰਸਾਰ ਵਿੱਚ ਰਹੇ। ਇਸੇ ਥਾਂ ਉੱਤੇ ਬਿਰਾਜੇ ਕੋਈ ਕਿਸੇ ਨਾਲ ਗੱਲਬਾਤ ਨਹੀਂ ਕੀਤੀ ਲੋਕ ਪ੍ਰਲੋਕ ਦੇ ਪਦਾਰਥ ਸਭ ਨੂੰ ਬਖਸ਼ੇ ਰਾਜੇ ਮਹਾਰਾਜੇ ਚਰਨਾਂ ਤੇ ਨਿਵੇਂ, ਜੇ ਕਿਸੇ ਨੇ ਕੋਈ ਸੇਵਾ ਮੰਗੀ ਤਾਂ ਕਿਸੇ ਨਾ ਕਿਸੇ ਬਹਾਨੇ ਉਸਨੂੰ ਟਾਲਿਆ। ਸਭ ਦੇ ਕਾਰਜ ਕਰਕੇ ਫੇਰ ਕੋਈ ਢੰਗ ਤਰੀਕਾ ਆਪ ਨੇ ਦੁਨੀਆਂ ਨੂੰ ਮਗਰ ਲਾਉਣ ਦਾ ਨਹੀਂ ਬਣਾਇਆ। ਆਪਣੇ ਨਾਮ ਦੇ ਇਸ਼ਤਿਹਾਰ ਛਪਾਉਣੇ ਜਾਂ ਆਪਣੇ ਸੇਵਕ ਘੱਲ ਕੇ ਲੋਕਾਂ ਵਿੱਚ ਆਪਣੀ ਵਡਿਆਈ ਕਰਾਉਣੀ ਸਭ ਪਾਸਿਆਂ ਤੋਂ ਨਿਰਲੇਪ ਰਹੇ। ਗੁਰਵਾਕ ਹੈ:

**ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ॥**

*(ਅੰਗ ੩੮੨)*

ਆਪਣੇ ਆਪ ਨੂੰ ਪੂਰਨ ਮਹਾਂਪੁਰਖ, ਗਰੀਬ ਨਿਵਾਜ, ਆਦਿ ਨਾਮਾਂ ਨਾਲ ਲੋਕਾਂ ਵਿੱਚ ਪ੍ਰਚਾਰ ਕਰਾਉਣਾ ਇੱਕ ਫੈਸ਼ਨ ਬਣ ਗਿਆ ਹੈ। ਹੋਰ ਸੁਣੋ ਬਾਬਾ ਜੀ ਦਾ ਪ੍ਰਸੰਗ ਇੱਕ ਦਿਨ ਅਸੀਂ (ਬਾਬਾ ਜੀ) ਤੁਰੇ ਜਾਂਦੇ-ਜਾਂਦੇ ਇੱਕ ਪਿੰਡ ਦੇ ਨੇੜੇ ਪਿੱਪਲ ਦੀ ਛਾਂਅ ਹੇਠ ਬੈਠੇ ਸੀ। ਇੱਕ ਦਸ ਬਾਰਾਂ ਸਾਲ ਦੀ ਉਮਰ ਦਾ ਮੁੰਡਾ ਕਿੰਨਾ ਚਿਰ ਖੜੋਤਾ ਸਾਡੇ ਵੱਲ ਵੇਖਦਾ ਰਿਹਾ ਤੇ ਚਲਾ ਗਿਆ। ਥੋੜ੍ਹੇ ਚਿਰ ਤੋਂ ਬਾਅਦ ਉਹ ਮੁੰਡਾ ਦੋ ਬੰਦੇ ਆਪਣੇ ਨਾਲ ਲੈ ਕੇ ਆ ਗਿਆ। ਜਿਨ੍ਹਾਂ ਨੇ ਆਉਣ ਸਾਰ ਹੀ ਸਾਨੂੰ ਬਾਹਾਂ ਤੋਂ ਫੜ ਲਿਆ ਤੇ ਕਹਿਣ ਲੱਗੇ ਅਸੀਂ ਤੈਨੂੰ ਸਿਆਣ ਲਿਆ ਹੈ। ਚੱਲ ਘਰ, ਅਸੀਂ ਬਥੇਰਾ ਕੁਝ ਕਿਹਾ ਪਰ ਉਹ ਨਹੀਂ ਮੰਨੇ। ਸਾਨੂੰ ਮੱਲੋ-ਮੱਲੀ ਫੜ ਕੇ ਘਰ ਲੈ ਗਏ। ਇੱਕ ਅੰਦਰ ਤਾੜ ਦਿੱਤਾ, ਸਾਡੇ ਬਹੁਤ ਪੁੱਛਣ ਤੇ ਉਨ੍ਹਾਂ ਨੇ ਸਾਨੂੰ ਦੱਸਿਆ ਕਿ ਸਾਡਾ ਪ੍ਰਾਹੁਣਾ (ਜਵਾਈ) ਕਿਤੇ ਚਲਾ ਗਿਆ ਸੀ ਬੜੀ ਭਾਲ ਕੀਤੀ ਮਿਲਿਆ ਨਹੀਂ ਸੀ। ਸਾਨੂੰ ਪੂਰਾ ਸ਼ੱਕ ਹੈ ਉਹ ਤੂੰ ਹੀ ਹੈਂ। ਹੁਣ ਅਸੀਂ ਤੈਨੂੰ ਨਹੀਂ ਛੱਡਦੇ ਸਾਡੀ ਸੇਵਾ ਕੀਤੀ। ਅਤੇ ਮਿੰਨਤਾਂ ਵੀ ਬੜੀਆਂ ਕੀਤੀਆਂ। ਅਸੀਂ ਆਪਣੀ ਬਾਬਤ ਸਭ ਕੁਝ ਦੱਸਿਆ ਪਰ ਉਹ ਵਾਰੀ-ਵਾਰੀ ਪਹਿਰਾ ਦਿੰਦੇ ਰਹੇ। ਅੱਧੀ ਰਾਤ ਤੋਂ ਬਾਅਦ ਅਸੀਂ ਕਿਹਾ ਅਸੀਂ ਬਾਹਰ ਜੰਗਲ ਪਾਣੀ ਜਾਣਾ ਹੈ ਉਹ

ਦੋਵੇਂ ਡਾਂਗਾਂ ਲੈ ਕੇ ਸਾਡੇ ਨਾਲ ਹੋ ਤੁਰੇ ਅੱਗੇ ਇੱਕ ਚਰੀ (ਜੁਆਰ) ਦਾ ਖੇਤ ਸੀ। ਉਹ ਬਾਹਰ ਖੜ ਕੇ ਸਾਨੂੰ ਕਹਿਣ ਲੱਗੇ ਇਸ ਖੇਤ ਵਿੱਚ ਜਾ ਕੇ ਜੰਗਲ ਪਾਣੀ ਕਰ ਆ। ਅਸੀਂ ਖੇਤ ਵਿੱਚ ਚਲੇ ਗਏ, ਖੇਤਾਂ ਵਿਚੋਂ ਦੀ ਅੱਗੇ ਜਾਂਦੇ-ਜਾਂਦੇ ਨਾਲ ਹੀ ਅਰਦਾਸਾਂ ਕਰਦੇ ਗਏ। ਬੜੀ ਦੂਰ ਨਿਕਲ ਗਏ ਐਉਂ ਸਾਡਾ ਉਥੋਂ ਖਹਿੜਾ ਛੁੱਟਿਆ। ਫਿਰ ਅਸੀਂ ਕਈ ਬਰਸ ਪਹਾੜਾਂ ਵਿੱਚ ਹੀ ਰਹੇ ਮੈਦਾਨੀ ਇਲਾਕੇ ਵਿੱਚ ਪੈਰ ਨਹੀਂ ਪਾਇਆ। ਫੁਰਮਾਨ ਹੈ:

**ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ॥**
**ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ॥**

*( ਅੰਗ ੧੩੬੪ ਸਲੋਕ ਕਬੀਰ ਜੀ)*

ਇਸ ਤਰ੍ਹਾਂ ਬਾਬਾ ਜੀ ਨੇ ਆਪ ਬੀਤਿਆ ਪ੍ਰਸੰਗ ਸੁਣਾਇਆ ਮਾਇਆ ਦੇ ਜਾਲ ਵਿਚੋਂ ਕੋਈ ਐਸਾ ਮਹਾਂਪੁਰਖ ਹੀ ਨਿਕਲਦਾ ਹੈ। ਗੁਰਵਾਕ ਹੈ:

**ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥**

*(ਅੰਗ ੫੧੦)*

*(ਇਹ ਪ੍ਰਸੰਗ ਬੀਬੀ ਸ਼ਾਮ ਕੌਰ ਜੰਡਾਂ ਵਾਲੀ ਤੋਂ ਮਿਲਿਆ)*

## ਹੁਕਮੁ ਭੀਤਿਨਾ ਮਨਾਇਸੀ ਜਿਨ ਕਉ ਨਦਰਿ ਕਰੇਇ॥

ਨਾਨਕਸਰ ਕਲੇਰੀਂ ਕਿਸੇ ਸਮੇਂ ਸ. ਭਜਨ ਸਿੰਘ ਸੇਵਾ ਕਰਦਾ ਹੁੰਦਾ ਸੀ ਭਜਨ ਸਿੰਘ ਨੇ ਬਾਬਾ ਅਨੰਦੁ ਸਿੰਘ ਜੀ ਅੱਗੇ ਪੁੱਤਰ ਦੀ ਕਾਮਨਾ ਜ਼ਾਹਰ ਕੀਤੀ। ਘਰ ਵਿੱਚ ਜਾਇਦਾਦ ਤਾਂ ਬਹੁਤ ਹੈ, ਪ੍ਰੰਤੂ ਲੋੜ ਹੈ ਪੁੱਤਰ ਦੀ। ਆਪ ਕ੍ਰਿਪਾ ਕਰੋ, ਪੁੱਤਰ ਬਖਸ਼ੋ। ਬਾਬਾ ਅਨੰਦੁ ਸਿੰਘ ਜੀ ਨੇ ਦੱਸਿਆ ਜੇ ਤੂੰ ਪੁੱਤਰ ਦੀ ਲੋੜ ਪੂਰੀ ਕਰਨੀ ਹੈ ਤਾਂ ਭੁੱਚੋ ਪਹੁੰਚ। ਇਨ੍ਹਾਂ ਬਖ਼ਸ਼ਿਸ਼ਾਂ ਦੇ ਮਾਲਿਕ ਤਾਂ ਉਹੀ ਹਨ। ਉਨ੍ਹਾਂ ਨੇ ਕਿਸੇ ਨੂੰ ਖਾਲੀ ਨਹੀਂ ਮੋੜਿਆ। ਤੁਰਨ ਸਮੇਂ ਬਾਬਾ ਅਨੰਦ ਸਿੰਘ ਜੀ ਨੇ ਇੱਕ ਮਿਸ਼ਰੀ ਦੀ ਡਲੀ ਦੇ ਕੇ ਹੁਕਮ ਕੀਤਾ, ਤੂੰ ਛੇਤੀ ਭੁੱਚੋ ਪਹੁੰਚ ਇਸ ਹੁਕਮ ਅਨੁਸਾਰ ਸ. ਭਜਨ ਸਿੰਘ ਔਲਖ ਭੁੱਚੋ ਪਹੁੰਚਿਆ ਅੱਗੇ ਭੁੱਚੋ ਵਾਲੇ ਬੇਪਰਵਾਹੀ ਦੇ ਅੰਦਾਜ ਵਿੱਚ ਬਚਨ ਕਰਨ ਲੱਗੇ ਤੇ ਕੰਮ ਤਾਂ ਮਹਾਂਪੁਰਖਾਂ ਨੇ ਹੀ ਕਰ ਦਿੱਤਾ ਹੈ ਘੱਲਿਆ ਸਾਡੇ ਕੋਲ ਹੈ। ਹੁਣ

ਸਾਡੇ ਕੋਲ ਐਸ ਵੇਲੇ ਕਬੂਤਰ ਬਾਜ਼ ਹੈ ਇਹੋ ਜਿਹੀ ਰੂਹ ਅਸੀਂ ਮਹਾਂਪੁਰਖਾਂ ਦੇ ਸੇਵਕ ਨੂੰ ਦੇਣੀ ਨਹੀਂ ਚਾਹੁੰਦੇ ਤੂੰ ਕੁਝ ਦਿਨ ਸਾਡੇ ਕੋਲ ਰਹਿ। ਤੈਨੂੰ ਚੰਗੀ ਵਿਚਾਰਵਾਨ ਰੂਹ ਪੁੱਤਰ ਦੇ ਰੂਪ ਵਿੱਚ ਦੇ ਕੇ ਤੋਰਾਂਗੇ। ਖੈਰ ਕੋਈ ਵਿਰਲਾਹੀ ਮਹਾਂਪੁਰਖਾਂ ਦੀ ਕਸਵੱਟੀ ਉੱਤੇ ਪੂਰਾ ਉੱਤਰਦਾ ਹੈ। ਸ. ਭਜਨ ਸਿੰਘ ਔਲਖ ਇਸ ਬਚਨ ਨੂੰ ਮੰਨ ਨਾ ਸਕਿਆ ਪਤਾ ਨਹੀਂ ਕੀ ਭਾਣਾ ਵਰਤਿਆ ਬਾਬਾ ਅਨੰਦ ਸਿੰਘ ਜੀ ਨੇ ਹੁਕਮ ਕਰਕੇ ਭੇਜਿਆ ਸੀ। ਭੁੱਚੋ ਵਾਲੇ ਮਹਾਰਾਜ ਜੀ ਦੇ ਹੁਕਮ ਅਨੁਸਾਰ ਹਜ਼ੂਰੀ ਵਿੱਚ ਰਹਿ ਨਾ ਸਕਿਆ। ਜੱਕੋ ਤੱਕੀ ਵਿੱਚ ਮਨ ਐਸਾ ਪਿਆ ਚਿੱਤ ਬਿਰਤੀ ਡਾਵਾਂ ਡੋਲ ਹੋ ਗਈ ਮਨ ਨਾ ਮੰਨਿਆ ਬਾਬਾ ਜੀ ਅੱਗੇ। ਸੱਤ ਬਚਨ ਨਾ ਕਰ ਸਕਿਆ। ਆਈ ਰੂਹ ਬਖ਼ਸ਼ਿਸ਼ ਨਾਲ ਹੁਕਮ ਨਾਲ, ਪਰ ਕਬੂਤਰਾਂ ਦੀ ਖੇਡ ਦਾ ਪਿਆਰਾ ਘਰ ਵਿੱਚ ਰੰਗ ਭਾਗ ਬੇ-ਅੰਤ ਲੱਗੇ ਹਨ। ਪ੍ਰੰਤੂ ਮਹਾਂਪੁਰਖਾਂ ਦਾ ਬਚਨ ਅਟੱਲ ਹੋ ਨਿਬੜਿਆ।

*(ਇਹ ਪ੍ਰਸੰਗ ਸ. ਰਤਨ ਸਿੰਘ ਅਲੌਖ ਨੇ ਸੁਣਾਇਆ)*

## ਹਰਿ ਕੇ ਨਾਮ ਕੀ ਮਨ ਰੁਚੈ ॥
## ਕੋਟਿ ਸਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ ॥

*(ਅੰਗ ੧੧੨)*

ਹੁਣ ਐਸਾ ਸਮਾਂ ਬਾਬਾ ਜੀ ਨੇ ਬਣਾਇਆ ਸਾਰੀ ਸੰਗਤ ਕੋਲ ਬਿਠਾ ਕੇ ਬੜੇ ਪ੍ਰਸੰਨ ਹੋ ਕੇ ਬਚਨ ਕਰਨੇ ਕਹਿਣਾ, "ਕਰ ਲਵੋ ਦਰਸ਼ਨ ਮੰਗ ਲਵੋ ਮਨ ਇੱਛਤ ਮੁਰਾਦਾਂ, ਸਮਾਂ ਥੋੜ੍ਹਾ ਹੀ ਹੈ। ਇਨ੍ਹਾਂ ਦਿਨਾਂ ਵਿੱਚ ਦਰਸ਼ਨ ਹੀ ਐਸਾ ਸੀ, ਦਰਸ਼ਨ ਕਰਕੇ ਮਨ ਹੋਰ ਹੀ ਤਰ੍ਹਾਂ ਦਾ ਹੋ ਜਾਂਦਾ ਸੀ, ਸਰੀਰ ਹਲਕਾ ਫੁੱਲ ਹੋ ਜਾਂਦਾ ਸੀ। ਸੇਵਾਦਾਰਾਂ ਦੀ ਦਿਨ ਵਿੱਚ ਕਈ-ਕਈ ਵਾਰ ਸ਼ਰਾਅ ਕਰਨੀ ਤੇ ਕਰਾਉਣੀ ਬਚਨ ਕਰਨਾ, ਆਹ ਦਿਨ ਤੇ ਸਮਾਂ ਆਪਣੇ ਅੰਦਰ ਲਿਖ ਲਵੋ। ਗੁਰਵਾਕ ਹੈ:

**ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ ॥**
**ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ ॥**

*( ਅੰਗ ੮੪ ਵਾਰ ਸ੍ਰੀ ਰਾਗ ਮ: ੩)*

ਕਦੇ ਕਵਿਤਾ ਦੇ ਰੂਪ ਵਿੱਚ ਬਚਨ ਕਰਨਾ **ਜਾਗ ਜਾਗ ਮਨ ਪਿਆਰੇ, ਵੱਜੇ ਕੂਚ ਦੇ ਨਗਾਰੇ, ਤੈਨੂੰ ਵੇਦ ਭੀ ਪੁਕਾਰੇ, ਰਾਹ ਦੱਸ ਦੇ ਨੇ ਦੂਰ ਦਾ।** ਕਦੇ ਬਾਣੀ ਵਿਚੋਂ ਵੈਰਾਗ ਵਾਲੇ ਬਚਨ ਕਰਨੇ ਜਿਵੇਂ :

**ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥**
**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥**

*(ਧਰਾਸਰੀ ਭਗਤ ਕਬੀਰ ਜੀ)*

**ਕਬੀਰਾ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ ॥**
**ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ ॥**

ਇਹ ਬਚਨ ਐਸੀ ਬਰੀਕ ਖਿੱਚ ਵਾਲੀ ਆਵਾਜ਼ ਵਿੱਚ ਕਰਨੇ ਸੁਨਣ ਵਾਲਿਆਂ ਦੇ ਮਨ ਇੱਕ ਵਾਰ ਤਾਂ ਧੁਰ ਤੱਕ ਹਿੱਲ ਜਾਣੇ ਮਾਈ ਖੇਮ ਕੌਰ ਜੰਡਾਂਵਾਲੀ, ਨੇ ਬੇਨਤੀ ਕਰਨੀ ਮਹਾਰਾਜ ਅੱਗੇ ਤਾਂ ਇਸ ਤਰ੍ਹਾਂ ਦੇ ਬਚਨ ਨਹੀਂ ਸੀ ਕਰਦੇ ਹੁੰਦੇ ਕਿਉਂ ਕਰਦੇ ਹੋ ? ਤਾਂ ਉੱਤਰ ਦੇਣਾ, "ਖੇਮੀਏ ਹੁਣ ਇਨ੍ਹਾਂ ਦੀ ਹੀ ਲੋੜ ਹੈ ਕੋਈ ਸਮਾਂ ਆਵੇ ਤੂੰ ਸ਼ਾਮੋ ਨੂੰ ਨਾਲ ਲੈ ਕੇ ਮਲੂਕੇ ਸ੍ਰੀ ਰਾਮ ਕੋਲ ਚਲੀ ਜਾਵੀਂ। ਰਤਨ ਸਿੰਘ ਡਰੋਲੀ ਜੈ ਕੌਰ ਇਹ ਦੋਵੇਂ ਜੀਅ ਮਹਾਂਪੁਰਖਾਂ ਕੋਲ ਕਲੇਰੀਂ ਜਾ ਕੇ ਸੇਵਾ ਕਰਨਗੇ। ਸੇਮੇ ਵਾਲੇ ਦੋਵੇਂ ਝੰਡੇ ਵੀ ਮਲੂਕੇ ਜਾਣਗੇ ਹੋਰ ਕਈਆਂ ਨੂੰ ਸੰਤ ਬਹਾਲ ਦਾਸ ਜੀ ਕੋਲੇ। ਸੰਤ ਨਰੈਣ ਸਿੰਘ ਜੀ ਮਹਿਣਿਆਂ ਵਾਲੇ ਨੂੰ ਕਹਿਣਾ, "ਤੂੰ ਇੱਥੇ ਸਾਡੇ ਆਸਣ ਦਾ ਦਰਵਾਜ਼ਾ ਖੋਲ੍ਹ ਕੇ ਬੈਠਾ ਰਹੀਂ, ਅਸੀਂ ਜੋ ਕੁਝ ਕਰਨਾ ਕਰਾਉਣਾ ਹੈ ਆਪੇ ਕਰੀ ਜਾਵਾਂਗੇ। ਉਸ ਸਮੇਂ ਤਾਂ ਸਭ ਸੇਵਕਾਂ ਦੇ ਮਨ ਵਿੱਚ ਇਹੋ ਹੀ ਵਿਚਾਰ ਸੀ ਕਿ ਮਹਾਰਾਜ ਦੇ ਹੱਥਾਂ ਵਿੱਚ ਸਾਡਾ ਸਰੀਰ ਜਾਏਗਾ ਪ੍ਰੰਤੂ ਕਿਸੇ ਨੂੰ ਇਹ ਚੇਤਾ ਨਹੀਂ ਸੀ ਇਹ ਦਰਸ਼ਨ ਵੀ ਅੱਖਾਂ ਤੋਂ ਉਹਲੇ ਹੋ ਜਾਣਗੇ। ਉਸ ਵੇਲੇ ਮਨ ਨਹੀਂ ਸੀ ਮੰਨਦਾ ਬਚਨ ਕਰਦੇ ਹੁੰਦੇ ਸਨ ਆਪਾਂ ਪਿੱਛੇ ਵੀ ਇਕੱਠੇ ਰਹੇ ਹਾਂ ਅੱਗੇ ਨੂੰ ਵੀ ਇਕੱਠੇ ਰਹਾਂਗੇ। ਕਦੇ-ਕਦੇ ਬਚਨ ਕਰਦੇ ਹੁੰਦੇ ਸਨ, ਇੱਕ ਸਾਡਾ ਸਰੂਪ ਐਥੇ ਦੁਨੀਆਂ ਵਿੱਚ ਤੁਹਾਡੇ ਸਾਹਮਣੇ ਹੈ ਇੱਕ ਸਾਡਾ ਸਰੂਪ ਦਰਗਾਹ ਵਿੱਚ ਵੀ ਹੈ ਜਿਹੜਾ ਸੇਵਕ ਸਾਡੇ ਹੁੰਦਿਆਂ ਸਰੀਰ ਛੱਡ ਕੇ ਅੱਗੇ ਜਾਏਗਾ, ਉਸਨੂੰ ਇਸ ਰੂਪ ਵਿੱਚ ਅੱਗੇ ਸੰਭਾਲਾਂਗੇ। ਤੁਹਾਡੀ ਲੋਕ ਪ੍ਰਲੋਕ

ਦੀ ਸਾਂਝ ਗੁਰੂ ਨਾਨਕ ਨੇ ਸਾਡੇ ਨਾਲ ਪਾਈ ਹੈ। ਪਰ ਇਸ ਨਵੇਂ ਭਾਣੇ ਵਰਤਣ ਦਾ ਕਿਸੇ ਨੂੰ ਯਾਦ ਤੱਕ ਨਹੀਂ ਸੀ ਕਿ ਇਹ ਬਚਨ ਕਰ ਵੀ ਚੁੱਕੇ ਹਨ, ਬਾਬਾ ਅਨੰਦ ਸਿੰਘ ਜੀ ਮਹਾਰਾਜ ਨੂੰ, ਮਹਾਂਪੁਰਖੋ ਤੁਸੀਂ ਸਾਨੂੰ ਜਾਣ ਨਹੀਂ ਦਿੰਦੇ, ਸਾਨੂੰ ਤੁਹਾਡੇ ਉੱਤੇ ਅੰਤ ਸਮੇਂ ਮਾਇਆ ਪਾਉਣੀ ਪਵੇਗੀ। ਜਿਵੇਂ-ਜਿਵੇਂ ਇਹ ਸਮਾਂ ਨੇੜੇ ਆ ਰਿਹਾ ਸੀ। ਤਿਵੇਂ-ਤਿਵੇਂ ਹਜ਼ੂਰ ਸਭ ਕੁਝ ਦੱਸ ਕੇ ਭੁਲੇਖਾ ਪਾਈ ਜਾ ਰਹੇ ਸਨ ਸਭ ਕੁਝ ਬਾਣੀ ਵਿੱਚ ਫੁਰਮਾਨ ਹੈ:

**ਧਨ ਕਹੈ ਤੂ ਵਸੁ ਮੈ ਨਾਲੇ ॥ ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥**
**ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ ॥**

ਪਰ ਇਧਰੋਂ ਬਾਬਾ ਜੀ ਵੱਲੋਂ ਇਸ ਭਾਵ ਦੇ ਬਚਨ ਹੁੰਦੇ ਸਨ:

**ਪਿਰਿ ਕਹਿਆ ਹਉ ਹੁਕਮੀ ਬੰਦਾ ॥**
**ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥**
**ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ**
**ਜਾ ਸਦੇ ਤ ਊਠਿ ਸਿਧਾਸਾ ਹੇ ॥**

ਇਸ ਸਮੇਂ ਉਚੇਚਾ ਬੰਦਾ ਭੇਜ ਕੇ ਬਾਬਾ ਅਨੰਦ ਸਿੰਘ ਜੀ ਮਹਾਰਾਜ ਨੂੰ ਸੱਦਿਆ, "ਆਉ ਤੁਹਾਨੂੰ ਸਭ ਕਾਸੇ ਦਾ ਚਾਰਜ ਸੰਭਾਲੀਏ। ਇਸ ਸੇਵਾਦਾਰ ਦੇ ਨਾਮ ਦਾ ਪਤਾ ਨਹੀਂ ਲੱਗ ਸਕਿਆ। ਹੁਕਮ ਅਨੁਸਾਰ ਸੇਵਕ ਬਾਬਾ ਜੀ ਪਾਸ ਕਲੇਰੀਂ ਪਹੁੰਚ ਗਿਆ। ਬਾਬਾ ਅਨੰਦ ਸਿੰਘ ਜੀ ਨੇ ਇਸ ਬਚਨ ਨੂੰ ਕਿਵੇਂ ਸਮਝਿਆ। ਇਸ ਗੱਲ ਨੂੰ ਤਾਂ ਬਾਬਾ ਜੀ ਆਪ ਜਾਨਣ ਤੁੱਛ ਬੁੱਧੀ ਮੰਦੀ ਮੱਤ ਵਾਲਾ ਲੇਖਕ ਕੀ ਸਮਝ ਸਕਦਾ ਹੈ ਜੋ ਲਿਖੇ:

**ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥**

ਵਾਲਾ ਫੁਰਮਾਨ ਠੀਕ ਢੁੱਕਦਾ ਹੈ। ਬਾਬਾ ਅਨੰਦ ਸਿੰਘ ਮਾਝੇ ਦੇ ਇਲਾਕੇ ਵੱਲ ਜਾਣ ਲਈ ਤਿਆਰ ਹੋ ਰਹੇ ਸਨ।

## ਬਸੁਧਾ ਸਪਤ ਦੀਪ ਹੈ ਸਾਗਰ ਕਢਿ ਕੰਚਨੁ ਕਾਢਿ ਧਰੀਜੈ ॥

### ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ ਹਰਿ ਮਾਗਹਿ ਹਰਿ ਰਸੁ ਦੀਜੈ ॥

ਲਾਲਾ ਦਿਲ ਸੁਖ ਰਾਇ ਅਤੇ ਇਨ੍ਹਾਂ ਦੇ ਘਰੋਂ ਬਾਬਾ ਜੀ ਦੇ ਅਨਿੰਨ ਸੇਵਕ ਕਈ ਵਾਰ ਹਜ਼ੂਰ ਨੇ ਕਹਿਣਾ, 'ਕੁਝ ਮੰਗੋ'। ਪ੍ਰੰਤੂ ਇੰਨਾ ਕੋਈ ਦੁਨਿਆਵੀ ਪਦਾਰਥਾਂ ਦੀ ਇੱਛਾ ਹੀ ਨਹੀਂ ਕੀਤੀ। ਨਿਰ ਇੱਛਤ ਸੇਵਾ ਨਿਰ ਇੱਛਤ ਦਰਸ਼ਨ ਕੀਤੇ। ਇਸੇ ਹਿੱਸੇ ਦੇ ਪ੍ਰਸੰਗ ਨੰਬਰ ਚੌਂਤੀ ਉੱਤੇ ਪੜ੍ਹੋ ਇਨ੍ਹਾਂ ਦੇ ਪਿਆਰ ਵਾਲਾ ਇੱਕ ਸੇਠ ਰਾਜਸਥਾਨ ਤੋਂ ਚੱਲ ਕੇ ਔਲਾਦ ਦਾ ਲੋੜਵੰਦ ਬਾਬਾ ਜੀ ਦੇ ਚਰਨਾਂ ਵਿੱਚ ਪਹੁੰਚਿਆ। ਕੁਝ ਭੇਟਾ ਅੱਗੇ ਰੱਖ ਕੇ ਨਮਸਕਾਰ ਕੀਤੀ। ਹਜ਼ੂਰ ਆਪਣੇ ਆਸਣ ਉੱਤੇ ਅਡੋਲ ਬੈਠੇ ਸਨ, ਨੇਤਰ ਬੰਦ ਸਨ, ਚਿਹਰੇ ਉੱਤੇ ਰੱਬੀ ਜਲਾਲ ਚਮਕ ਰਿਹਾ ਸੀ। ਇਸ ਸਮੇਂ ਸਭ ਸੇਵਾਦਾਰ ਵੀ ਹਾਜ਼ਰ ਸਨ। ਅਚਾਨਕ ਬਚਨ ਕੀਤਾ, "ਬਾਲਿਆ ਲਿਆ ਜਲ ਛਕੀਏ।" ਸੰਤ ਨਰੈਣ ਸਿੰਘ ਜੀ ਨੇ ਜਲ ਲਿਆ ਕੇ ਹਜ਼ੂਰ ਦੇ ਅੱਗੇ ਪੇਸ਼ ਕੀਤਾ। ਦੋ ਚਾਰ ਘੁਟਾਂ ਛਕਣ ਉਪਰੰਤ ਬਚਨ ਕੀਤਾ, "ਬਾਲਿਆ ਅੱਜ ਕੌਣ ਆਇਆ ਹੈ ?" ਸੰਤ ਨਰੈਣ ਸਿੰਘ ਜੀ ਨੇ ਆਉਣ ਵਾਲੇ ਸੇਠ ਨੂੰ ਪੁੱਛ ਕੇ ਬੇਨਤੀ ਕਰ ਦਿੱਤੀ। ਬੇਕਾਨੇਰੀ ਸੇਠ ਪੁੱਤਰ ਦੀ ਮੰਗ ਕਰਦਾ ਹੈ। ਦੋ ਵਿਆਹ ਕਰਾਏ ਹਨ, ਉਮਰ ਬਹੁਤ ਹੋ ਚੁੱਕੀ ਹੈ। ਲਾਲਾ ਦਿਲ ਸੁੱਖ ਰਾਇ ਤੋਂ ਪ੍ਰੇਰਨਾ ਲੈ ਕੇ ਆਇਆ ਹੈ। ਬਾਬਾ ਜੀ ਨੇ ਪੁੱਛਿਆ, ਤੇਰੇ ਕੋਲ ਜਾਇਦਾਦ ਕਿਤਨੀ ਹੈ। ਉਸਨੇ ਦੱਸਿਆ, ਮਹਾਰਾਜ ! ਜਾਇਦਾਦ ਦਾ ਕੋਈ ਅੰਤ ਨਹੀਂ ਅੱਜ ਤੋਂ ਲੈ ਕੇ ਪੰਜ ਸੌ ਸਾਲ ਤੱਕ ਦੇ ਮੇਰੇ ਪਾਸ ਸੋਨੇ ਦੀਆਂ ਮੋਹਰਾਂ ਚਾਂਦੀ ਦੇ ਰੁਪਈਏ। ਉਨ੍ਹਾਂ ਸੰਮਤਾਂ ਦੇ ਨੱਪੇ ਪਏ ਹਨ, ਮੈਨੂੰ ਤਾਂ ਪੱਕਾ ਪਤਾ ਨਹੀਂ ਲੱਖਾਂ ਦਾ ਹੀ ਹਿਸਾਬ, ਪ੍ਰੰਤੂ ਪੁੱਤਰ ਤੋਂ ਬਗ਼ੈਰ ਕਿਸੇ ਲੇਖੇ ਨਹੀਂ ਮੈਂ ਬਹੁਤ ਥੱਕ ਚੁੱਕਾ ਹਾਂ। ਅਖੀਰਲੀ ਉਮਰ ਹੈ। ਪਟਿਆਲੇ ਵਾਲੇ ਦਿਲ ਸੁੱਖ

ਰਾਇ ਤੋਂ ਆਪ ਜੀ ਦੀ ਸਿਫਤ ਸੁਣ ਕੇ ਦਰਸ਼ਨ ਕਰਨ ਆਇਆ ਹਾਂ। ਬਾਬਾ ਜੀ ਉਸਦੀ ਬੇਨਤੀ ਸੁਣ ਕੇ ਦੋ ਤਿੰਨ ਮਿੰਟ ਅੰਤਰ ਧਿਆਨ ਹੋ ਗਏ। ਉਪਰੰਤ ਬਚਨ ਕੀਤਾ, "ਇਨੀਆਂ ਪੀੜ੍ਹੀਆਂ ਦੀ ਤੇਰੀ ਕੱਠੀ ਹੋਈ ਮਾਇਆ ਤੂੰ ਸਾਰੀ ਉਮਰ ਕਿਸੇ ਭਲੇ ਪਾਸੇ ਨਹੀਂ ਲਾਈ। ਤੇਰੀ ਮਾਇਆ ਹੀ ਤੈਨੂੰ ਸਰਾਪ ਦੇ ਰਹੀ ਹੈ। ਕਿਸੇ ਸਾਧੂ ਦੀ ਐਨੀ ਵੱਡੀ ਕਮਾਈ ਹੋਵੇ ਤੇ ਉਸਨੂੰ ਸਾਂਭ ਸਕਦਾ ਹੋਵੇ। ਜਨਮ ਲੈਣ ਦੀ ਇੱਛਾ ਹੋਵੇ ਤਾਂ ਤੇਰੀ ਗੱਲ ਬਣ ਸਕਦੀ, ਨਹੀਂ ਤਾਂ ਬੜਾ ਔਖਾ ਕੰਮ ਹੈ। ਅੱਛਾ ਅਸੀਂ ਆਪਣੇ ਸੇਵਕਾਂ ਨੂੰ ਪੁੱਛ ਲੈਂਦੇ ਹਾਂ। ਜੇ ਕੋਈ ਜਨਮ ਲੈਣਾ ਮੰਨ ਗਿਆ ਤਾਂ ਤੇਰੇ ਘਰ ਭੇਜ ਦਿੰਦੇ ਹਾਂ।" ਉਪਰੰਤ ਬਚਨ ਕੀਤਾ, "ਬਾਲਿਆ ਕੌਣ-ਕੌਣ ਹਾਜ਼ਰ ਹੈ ?" ਸੰਤ ਨਰੈਣ ਸਿੰਘ ਨੇ ਸਭ ਸੇਵਾਦਾਰਾਂ ਦੀ ਗਿਣਤੀ ਕੀਤੀ ਦੱਸਿਆ ਜੀ ਸਭ ਹਾਜ਼ਰ ਹਨ ਤੇ ਫਿਰ ਹੁਕਮ ਹੋਇਆ, "ਨੀਲਾ ਸਿਆਂ ਤੈਨੂੰ ਭੇਜ ਦੇਈਏ ?"

ਨੀਲਾ ਸਿੰਘ ਨੇ ਹੱਥ ਜੋੜ੍ਹ ਕੇ ਬੇਨਤੀ ਕੀਤੀ, "ਨਾ ਮਹਾਰਾਜ ! ਮੈਨੂੰ ਚਰਨਾਂ ਤੋਂ ਨਾ ਵਿਛੋੜੋ।" ਫਿਰ ਮਾਈ ਖੇਮੋ ਨੂੰ ਹੱਸ ਕੇ ਬਚਨ ਕੀਤਾ, ਕਿਉਂ ਤੁਹਾਨੂੰ ਦੋਹਾਂ ਮਾਵਾਂ ਧੀਆਂ ਨੂੰ ਘੱਲ ਦੇਈਏ। ਜੌੜੇ ਭਰਾ ਬਣ ਜਾਉਗੇ। ਬੇਅੰਤ ਮਾਇਆ ਹੈ ਸੁੱਖ ਬੜਾ ਮਿਲੇਗਾ। ਮਾਈ ਖੇਮੋ ਤੇ ਬੀਬੀ ਸ਼ਾਮ ਕੌਰ ਦੋਵੇਂ ਰੋ ਪਈਆਂ। ਨਾ ਮਹਾਰਾਜ ! ਕ੍ਰਿਪਾ ਕਰੋ ਸਾਨੂੰ ਤੁਹਾਡ ਕੋਲੋ ਵਿਛੜ ਕੇ ਸੁੱਖ ਲੈਣ ਦੀ ਕੋਈ ਲੋੜ ਨਹੀਂ। ਸਾਨੂੰ ਚਰਨਾਂ ਨਾਲੋਂ ਨਾ ਵਿਛੋੜੋ। ਅਖੀਰ ਉੱਤੇ ਬਾਬਾ ਜੀ ਨੇ ਬਚਨ ਕੀਤਾ, "ਲੈ ਬਈ ਅਸੀਂ ਕੀ ਕਰੀਏ ? ਹੁਣ ਕੋਈ ਤੇਰੇ ਘਰ ਜਾਣ ਨੂੰ ਨਹੀਂ ਮੰਨਦਾ। ਤੇਰਾ ਕੰਮ ਬਣਨਾ ਮੁਸ਼ਕਿਲ ਹੈ।" ਉਪਰੰਤ ਉਹ ਸੇਠ ਜੋ ਪ੍ਰਸ਼ਾਦ ਲੈ ਕੇ ਆਇਆ ਸੀ ਉਸਦਾ ਮੁੱਲ ਦੇ ਕੇ ਪ੍ਰਸ਼ਾਦ ਰੱਖਿਆ, ਐਸਾ ਹੈ। ਸੰਗਤ ਦਾ ਪਿਆਰ ਮਹਾਂਪੁਰਖਾਂ ਦੇ ਦਰਸ਼ਨ ਦੀ ਤਾਸੀਰ ਖਿੱਚ ਰੱਬ ਦੇ ਪਿਆਰੇ ਸਤ ਸੰਗਤ ਦੇ ਰਸੀਏ ਉੱਚੀਆਂ ਮਨੋ ਬਿਰਤੀ ਵਾਲੇ :

**ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥**

*(ਕਲਿਆਣ ਮ: ੪, ਅੰਗ ੧੩੨੧)*

ਸਤਿਗੁਰੂ ਹੋਰ ਫੁਰਮਾਉਂਦੇ ਹਨ :

**ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ**
**ਚਿਤੁ ਨ ਲਾਇਆ ਰਾਮ॥**
**ਜੇ ਧਰਤੀ ਸਭ ਕੰਚਨੁ ਕਰਿ ਦੀਜੈ**
**ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥**
**ਰਾਮ ਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ**
**ਅੰਤਿ ਚਲਦਿਆ ਨਾਲਿ ਸਖਾਈ ॥**
**ਰਾਮ ਨਾਮ ਧਨੁ ਪੂੰਜੀ ਸੰਚੀ ਨਾ ਡੂਬੈ ਨਾ ਜਾਈ ॥**
**ਰਾਮ ਨਾਮੁ ਇਸੁ ਜੁਗ ਮਹਿ ਤੁਲਹਾ**
**ਜਮਕਾਲੁ ਨੇੜਿ ਨ ਆਵੈ ॥**
**ਨਾਨਕ ਗੁਰਮੁਖਿ ਰਾਮੁ ਪਛਾਤਾ**
**ਕਰਿ ਕਿਰਪਾ ਆਪਿ ਮਿਲਾਵੈ॥**

*(ਛੰਤ ਮ: ੪, ਅੰਗ ੪੪੪)*

ਐਸਾ ਹੀ ਸਮਾਂ ਇੱਕ ਵਾਰ ਬਾਬਾ ਅਨੰਦ ਸਿੰਘ ਜੀ ਸਮੇਂ ਕਲੇਰੀਂ ਬਣਿਆ ਸੀ। ਬਾਬਾ ਜੀ ਕੋਲ ਪੁੱਤਰ ਦਾ ਲੋੜਵੰਦ ਆਇਆ। ਬੇਨਤੀ ਕੀਤੀ, ਉਸ ਨੇ ਪੁੱਤਰ ਮੰਗਿਆ। ਬੇਨਤੀ ਸੁਨਣ ਉਪਰੰਤ (ਉਸ ਸਮੇਂ ਹਜ਼ੂਰੀ ਸੇਵਕ ਬਾਬਾ ਹਜ਼ੂਰਾ ਸਿੰਘ ਸੀ ਜੋ ਮੌਕੇ ਤੇ ਹਾਜਰ ਸੀ। ਬਾਬਾ ਅਨੰਦ ਸਿੰਘ ਜੀ ਨੇ ਮੁਸਕਰਾ ਕੇ ਪੁੱਛਿਆ, "ਕਿਉਂ ਹਜ਼ੂਰਾ ਸਿੰਘ ਤੈਨੂੰ ਘੱਲ ਦੇਈਏ ?" ਅੱਗੋਂ ਬਾਬਾ ਹਜ਼ੂਰਾ ਸਿੰਘ ਜੀ ਨੇ ਹੱਥ ਜੋੜ ਕੇ ਖਿਮਾ ਮੰਗ ਲਈ ਭਾਵ ਕਿ ਨਾਂਹ ਕਰ ਦਿੱਤੀ। ਐਸੀ ਉੱਚੀ ਸੁੱਚੀ ਆਤਮਿਕ ਬਿਰਤੀ ਵਾਲੇ ਬਾਬਾ ਜੀ ਨੇ ਆਪਣੇ ਸੇਵਕ ਬਣਾਏ ਸਨ ਤੇ ਸੇਵਾ ਵਿੱਚ ਰੱਖੇ ਸਨ। ਬਾਬਾ ਹਜ਼ੂਰਾ ਸਿੰਘ ਜੀ ਦੇ ਜੀਵਨ ਉੱਤੇ ਕਿਤਾਬ ਲਿਖੀ ਜਾ ਸਕਦੀ ਹੈ। ਨਾਮ ਬਾਣੀ ਵਿੱਚ ਸੇਵਾ ਵਿੱਚ ਐਸੇ ਮਗਨ ਹੋਏ, ਜਿਨ੍ਹਾਂ ਨੇ ਵੇਖਿਆ ਉਹੀ ਜਾਣਦੇ ਹਨ। ਅੰਦਰੋਂ ਨਰਮ ਬਾਹਰੋਂ ਸੁਭਾਅ ਦੇ ਦੁਰਬਾਸਾ ਰਿਖੀ ਵਾਂਗੂੰ ਕੌੜੇ ਸਿੱਧੇ ਸਾਦੇ। ਬਾਬਾ ਜੀ ਆਪ ਕਿਤਨੇ ਵੱਡੇ ਸਨ, ਇਹ ਗੱਲ ਕਹਿਣ ਕਥਨ ਤੋਂ ਬਾਹਰ ਹੈ :

**ਸਾਧ ਕੀ ਸੋਭਾ ਸਾਧ ਬਨਿਆਈ ॥**
**ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥**

*(ਗਉੜੀ ਸੁਖਮਨੀ ਮ: ੫, ਅੰਗ ੨੭੨)*

**ਜਾਸ ਰੂਪ ਕੋ ਧਿਆਨ ਧਰਤ ਅਗਿਆਨ ਬਿਨਾਸਤ ॥**
**ਜਾਸ ਰੂਪ ਕੋ ਧਿਆਨ ਧਰਤ ਦੁਖ ਸੁਖ ਨਹਿ ਬਿਆਪਤ ॥**
**ਜਾਸ ਰੂ ਕੋ ਧਿਆਨ ਧਰਮ ਸਭ ਭਗਤ ਕਹੇ ਹੈ ॥**
**ਜਾਸ ਰੂਪ ਕੋ ਬੇਦ ਪੁਰਾਨ ਨੇਤ ਨੇਤ ਕਹੇ ਹੈ ॥**
**ਜਾਸ ਰੂਪ ਰਵ ਰਹਿਓ ਸਭ ਅੰਤਰ ਸਭ ਠੌਰ ਮਹਿ ॥**
**ਸੌ ਰੂਪ ਮਹਾਂ ਹਰਿਨਾਮ ਸਿੰਘ ਅਨੰਦੁ ਸਿੰਘ**
**ਬਿਨ ਕੁਝ ਔਰ ਨਹਿ ॥**

ਗੁਰਵਾਕ :

**ਸਾਧ ਰੂਪ ਆਪਨਾ ਤਨੁ ਧਾਰਿਆ ॥**

*(ਮਾਰੂ ਸੋ: ਮ: ੫)*

## ਸੰਤ ਪ੍ਰਤਾਪਿ ਸਾਧ ਕੈ ਸੰਗੇ ਹਰਿ ਹਰਿ ਨਾਮੁ ਧਿਆਵਉ ਰੇ ॥

ਇਕ ਦਿਨ ਬਾਬਾ ਮਹਾਂ ਹਰਿਨਾਮ ਸਿੰਘ ਆਪਣੇ ਆਸਣ ਉੱਤੇ ਬਿਰਾਜੇ ਹੋਇ ਸਨ। ਇੱਕ ਮੋਰ ਲਗਾਤਾਰ ਬੋਲੀ ਜਾ ਰਿਹਾ ਸੀ। ਕਦੇ ਉੱਡ ਕੇ ਟਿੱਲੇ ਉੱਤੇ ਚਲਾ ਜਾਏ, ਕਦੇ ਕੋਠੀ ਦੀ ਕਿਸੇ ਮੰਮਟੀ ਉੱਤੇ ਬੈਠ ਕੇ ਲਗਾਤਾਰ ਬੋਲਦਾ ਹੀ ਚਲਾ ਜਾਏ। ਸਭ ਪ੍ਰੇਮੀ ਹੈਰਾਨ ਅਖੀਰ ਉੱਤੇ ਬਾਬਾ ਜੀ ਨੇ ਬੇਨਤੀ ਕਰ ਦਿੱਤੀ। ਮਹਾਰਾਜ ਮੋਰ ਬਹੁਤ ਬੋਲ ਰਿਹਾ ਹੈ, ਹੋਰ ਵੀ ਮੋਰ ਹਨ, ਪ੍ਰੰਤੂ ਉਹ ਸਾਰੇ ਚੁੱਪ ਹਨ। ਇੱਕ ਹੀ ਮੋਰ ਬੋਲਦਾ ਹੈ। ਅਸੀਂ ਹੈਰਾਨ ਹਾਂ ਕੀ ਗੱਲ ਹੈ, ਆਪ ਸਮਝਾਉ। ਆਪ ਜੀ ਨੇ ਉੱਤਰ ਦਿੱਤਾ, "ਅਸੀਂ ਬੈਠੇ ਹਾਂ ਗੁਪਤ ਸਾਨੂੰ ਗੁਪਤ ਹੀ ਰਹਿਣ ਦਾ ਹੁਕਮ ਹੈ, ਸਭ ਦੇ ਕੰਮ ਵੀ ਕਰਨੇ ਹਨ ਗੁਰੂ ਘਰ ਦੀ ਵਡਿਆਈ ਕਰਾਉਣੀ ਤੇ ਕਰਨੀ ਹੈ। ਨਾਮ ਜਪਣਾ ਤੇ ਜਪਾਉਣਾ ਹੈ। ਇਹ ਗੁਰੂ ਘਰ ਦੀ ਸੇਵਾ ਜੋ ਗੁਰਸਿੱਖ ਪਿਛਲੇ ਸਮੇਂ ਵਿੱਚ ਕਰਦੇ ਰਹੇ

ਹਨ, ਅਸੀਂ ਕਰ ਰਹੇ ਹਾਂ ਤੇ ਮੋਰ ਆਖਦਾ ਹੈ ਪ੍ਰਗਟ ਹੋਵੋ ਲੁਕੇ ਕਿਉਂ ਹੋ। ਅਸੀਂ ਗੁਰੂ ਕਾ ਹੁਕਮ ਮੰਨੀਏ ਕਿ ਮੋਰ ਦੇ ਪਿੱਛੇ ਲੱਗੀਏ ਜੇ ਅਸੀਂ ਪ੍ਰਗਟ ਹੋ ਗਏ ਦੁਨੀਆਂ ਗੁਰੂ ਘਰ ਛੱਡ ਕੇ ਸਾਡੇ ਮਗਰ ਲੱਗ ਜਾਏਗੀ। ਅਸੀਂ ਇਹ ਕੰਮ ਨਹੀਂ ਕਰਨਾ ਅਸੀਂ ਸਭ ਨੂੰ ਨਾਮ ਜਪਾ ਕੇ ਗੁਰੂ ਘਰ ਨਾਲ ਜੋੜਨਾ ਹੈ। ਸਾਨੂੰ ਮੋਰ ਆਖਦਾ ਹੈ ਮੋਰ ਤਾਂ ਬੋਲਦਾ ਹੈ।" ਫਿਰ ਉੱਚੀ ਆਵਾਜ਼ ਦੇ ਕੇ ਮੋਰ ਨੂੰ ਚੁੱਪ ਕਰਾਇਆ, ਇਸ ਤੋਂ ਉਪਰੰਤ ਮੋਰ ਨਹੀਂ ਬੋਲਿਆ।

ਇਕ ਵਾਰ ਕੋਠੀ ਬਨਣ ਉਪਰੰਤ ਕਿਸੇ ਪ੍ਰੇਮੀ ਨੇ ਬੇਨਤੀ ਕੀਤੀ, ਮਹਾਰਾਜ! ਕੋਠੀ ਦੀਆਂ ਮੰਮਟੀਆਂ ਉੱਤੇ ਸੋਨਾ ਲੱਗ ਜਾਏ ਤਾਂ ਠੀਕ ਹੈ। ਤੇ ਬਚਨ ਕੀਤਾ, "ਸੋਨਾ ਗੁਰੂ ਘਰਾਂ ਉੱਤੇ ਲੱਗਾ ਹੀ ਸੋਭਦਾ ਹੈ। ਕੋਈ ਸਮਾਂ ਆਏਗਾ ਕਲੇਰੀ ਮਹਾਂਪੁਰਖਾਂ ਦੇ ਅਸਥਾਨ 'ਤੇ ਸੋਨਾ ਲੱਗੇਗਾ। ਸੋਨਾ ਲੱਗਣ ਪ੍ਰੀਛਤ ਦੀ ਸਾਖੀ ਪੜ੍ਹ ਲਵੋ, ਪ੍ਰੀਛਤ ਨੇ ਕਲਯੁੱਗ ਦੇ ਰਹਿਣ ਦੇ ਥਾਂ ਜਿੱਥੇ ਸ਼ਰਾਬ, ਜੂਆ, ਵੇਸਵਾ, ਸੋਨਾ ਉਥੇ ਕਲਯੁੱਗ ਨੂੰ ਰਹਿਣ ਦੀ ਆਗਿਆ ਹੈ। ਗੁਰੂ ਨਾਨਕ ਦੇ ਘਰ ਕਲਯੁੱਗ ਆਏਗਾ ਤਾਂ ਬਖ਼ਸ਼ਿਆ ਜਾਏਗਾ।

**ਕਲਿਜੁਗੁ ਉਧਾਰਿਆ ਗੁਰਦੇਵ ॥**
**ਮਲ ਮੂਤ ਮੂੜ ਜਿ ਮੁਗਧ ਹੋਤੇ ਸਭਿ ਲਗੇ ਤੇਰੀ ਸੇਵ ॥**

*(ਆਸਾ ਮ: ੫, ਅੰਗ ੪੦੬)*
*(ਇਹ ਬਚਨ ਪੰਡਤ ਹੰਸ ਰਾਜ ਭੁੱਚੋ ਨਿਵਾਸੀ ਤੋਂ ਮਿਲਿਆ)*

## ਆਪਿ ਲੀਏ ਲੜਿ ਲਾਇ ਦਰਵੇਸ ਸੇ॥

ਇਕ ਬਜ਼ੁਰਗ ਬੜੀ ਵੱਡੀ ਉਮਰ ਦੀ ਮਾਈ ਨੂੰ ਬੈਲ ਗੱਡੀ ਵਿੱਚ ਪਾ ਕੇ ਉਸਦਾ ਲੜਕਾ ਜੋ ਆਪ ਵੀ ਬੜੀ ਵੱਡੀ ਉਮਰ ਦਾ ਮਾਲੂਮ ਹੁੰਦਾ ਸੀ, ਨਾਲ ਇੱਕ ਹੋਰ ਸਾਥੀ ਸਨ। ਡੇਰੇ ਤੋਂ ਬਾਹਰ ਆ ਕੇ ਰੁੱਕ ਗਏ। ਪਹਿਰੇਦਾਰ ਰਾਹੀਂ ਆਗਿਆ ਮੰਗੀ ਬਾਬਾ ਜੀ ਨੇ ਬਚਨ ਕੀਤਾ, "ਜਿਨ੍ਹਾਂ ਨੂੰ ਅਸੀਂ ਉਡੀਕ ਰਹੇ ਹਾਂ, ਇਹ ਉਨ੍ਹਾਂ ਵਿੱਚੋਂ ਹੀ ਹੈ, ਛੇਤੀ ਹੀ ਅੰਦਰ

ਲੈ ਆਉ।" ਹੁਕਮ ਅਨੁਸਾਰ ਮਾਈ ਨੂੰ ਚੁੱਕ ਕੇ ਅੰਦਰ ਲੈ ਆਏ। ਬਾਬਾ ਜੀ ਨੇ ਹੁਕਮ ਕੀਤਾ, "ਬਾਲਿਆ ਮੱਟੀ ਵਿੱਚੋਂ ਜਲ ਲੈ ਕੇ ਆਉ।" ਸੰਤ ਨਰੈਣ ਸਿੰਘ ਜੀ ਜਲ ਲੈ ਕੇ ਆਏ। ਉਹ ਬ੍ਰਿਧ ਮਾਈ ਦੇ ਮੂੰਹ ਵਿੱਚ ਪਾਉਣ ਦਾ ਹੁਕਮ ਹੋਇਆ। ਉਪਰੰਤ ਜਲ ਮਾਈ ਦੇ ਮੂੰਹ ਵਿੱਚ ਪਾਇਆ ਤੇ ਮਾਈ ਨੇ ਅੱਖਾਂ ਖੋਲ੍ਹੀਆਂ। ਫਿਰ ਬਾਬਾ ਜੀ ਨੇ ਬਚਨ ਕੀਤਾ, "ਮਾਈ ਸਿਆਣ ਲੈ, ਮਾਈ ਝੱਟ ਹੱਥ ਜੋੜ ਕੇ ਬੋਲੀ, ਜੀ ਸਿਆਣ ਲਿਆ।" ਬਾਬਾ ਜੀ ਨੇ ਬਚਨ ਕੀਤਾ, "ਕਿਵੇਂ ਸਿਆਣਿਆ ?" ਅੱਗੋਂ ਮਾਈ ਫਿਰ ਬੇਨਤੀ ਕੀਤੀ, "ਆਪ ਜੀ ਦਾ ਚਿਹਰਾ ਬਦਲਿਆ ਹੈ, ਆਵਾਜ਼ ਨਹੀਂ ਬਦਲੀ। ਦੂਜਾ ਤੁਸੀਂ ਮੈਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਕਿਹਾ ਸੀ, ਅਸੀਂ ਭੁੱਚੋ ਪਿੰਡ ਬੈਠੇ ਹਾਂ। ਹੁਣ ਮੈਂ ਤੇ ਮੇਰਾ ਪੁੱਤਰ ਤੁਹਾਡੇ ਕੋਲ ਆਏ ਹਾਂ, ਹੁਣ ਕ੍ਰਿਪਾ ਕਰੋ। ਬਹੁਤ ਉਮਰ ਹੋ ਗਈ। ਮੇਰਾ ਮੁੰਡਾ ਵੀ ਪੋਤਿਆਂ ਵਾਲਾ ਹੋ ਗਿਆ ਹੈ। ਬਾਬਾ ਜੀ ਨੇ ਬਚਨ ਕੀਤਾ, "ਡਰੋਲੀ ਵਾਲੇ ਰਤਨ ਸਿੰਘ ਨੂੰ ਸੱਦੋ।" ਉਪਰੰਤ ਭਾਈ ਰਤਨ ਸਿੰਘ ਹਾਜ਼ਰ ਹੋ ਗਿਆ। ਹੁਕਮ ਕੀਤਾ, "ਮਾਈ ਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾ। ਇਕ-ਇਕ ਕਰਕੇ ਪੰਜ ਪਾਠ ਸੁਣਾਏ। ਇਸ ਮੌਕੇ ਉੱਤੇ ਮਾਈ ਦੀ ਸਰੀਰਕ ਕਮਜ਼ੋਰੀ ਮਾਨੋ ਦੂਰ ਹੋ ਗਈ। ਬੜੀ ਚੰਗੀ ਲੱਗਣ ਲੱਗ ਪਈ। ਮਨ ਚੜ੍ਹਦੀ ਕਲਾ ਵਿੱਚ ਹੋ ਗਿਆ। ਬਿਨਾਂ ਕਿਸੇ ਆਸਰੇ ਤੋਂ ਉੱਠ ਕੇ ਬੈਠ ਗਈ। ਬਾਬਾ ਜੀ ਨੂੰ ਬੇਨਤੀ ਕੀਤੀ ਨਾ ਮਹਾਰਾਜ ! ਹੁਣ ਅੱਗੇ ਤੋਰ ਦਿਓ। ਹੋਰ ਕੁਝ ਨਹੀਂ ਚਾਹੀਦਾ। ਉਪਰੰਤ ਬਾਬਾ ਜੀ ਨੇ ਉਸ ਮਾਈ ਨੂੰ ਆਪਣੇ ਪਾਸ ਰੱਖਿਆ। ਉਸ ਮਾਈ ਨੇ ਇੱਕ ਦਿਨ ਬਾਬਾ ਜੀ ਦੇ ਮਿਲਾਪ ਦਾ ਪ੍ਰਸੰਗ ਸੁਣਾਇਆ। ਜੋ ਪਹਿਲੇ ਹਿੱਸੇ ਵਿੱਚ ਹੈ। ਉਥੋਂ ਪੜ੍ਹੋ ਚਾਰ ਪੰਜ ਦਿਨ ਇਸ ਮਾਈ ਨੂੰ ਬਾਬਾ ਜੀ ਦੇ ਹੁਕਮ ਨਾਲ ਡੇਰੇ ਵਿੱਚ ਰੱਖਿਆ, ਜਾਣ ਸਮੇਂ ਬਾਬਾ ਜੀ ਨੇ ਮਾਈ ਨੂੰ ਮੂਲ ਮੰਤਰ ਪਹਿਲੀ ਪਉੜੀ ਯਾਦ ਕਰਾ ਕੇ ਬਚਨ ਕੀਤਾ, "ਮਾਈ ਤੇਰਾ ਪੁੱਤ ਆਗਿਆਕਾਰ ਹੈ।" ਅੱਗੋਂ ਮਾਈ ਬੇਨਤੀ ਕੀਤੀ, ਤੁਹਾਡੀ ਮੇਹਰ ਹੈ, ਤੁਸੀਂ ਬਚਨ ਕੀਤਾ ਸੀ। ਸਰਵਣ ਵਰਗਾ ਹੋਵੇਗਾ। ਸੋ ਐਸਾ ਹੀ ਹੈ ਬਾਬਾ ਜੀ ਨੇ ਬਚਨ ਕੀਤਾ, ਮਾਈ ਤੂੰ ਹਰ ਵੇਲੇ ਉਠਦੀ (ਬੈਠਦੀ) ਇਸ ਨੂੰ ਜਪਦੀ

ਰਹੀ। ਤੇਰੀ ਬਾਂਹ ਗੁਰੂ ਨਾਨਕ ਦੇ ਹੱਥ ਫੜਾ ਦਿੱਤੀ ਹੈ ਦਰਗਾਹ ਵਿੱਚ ਤੇਰਾ ਵਾਸਾ ਹੋਵੇਗਾ।" ਬੜੀ ਖੁਸ਼ੀਆਂ ਬਖਸ਼ੀਆਂ।

**ਸੰਤ ਪ੍ਰਸਾਦਿ ਜਪੈ ਹਰਿ ਨਾਉ ॥**
**ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ ॥**
**ਸੰਤ ਪ੍ਰਸਾਦਿ ਸਗਲ ਦੁਖ ਮਿਟੇ ॥**
**ਸੰਤ ਪ੍ਰਸਾਦਿ ਬੰਧਨ ਤੇ ਛੁਟੇ ॥**

*(ਗਉੜੀ ਮ: ੫, ਅੰਗ ੧੯੩)*

*(ਇਹ ਪ੍ਰਸੰਗ ਉਸ ਮਾਤਾ ਦੇ ਮੁੱਖ ਤੋਂ ਮਾਤਾ ਪਿਤਾ ਨੇ ਸੁਣਿਆ ਤੇ ਲਿਖਾਇਆ। ਇਹ ਪ੍ਰਸੰਗ ਵੀ ਮਾਤਾ ਪਿਤਾ ਤੋਂ ਮਿਲਿਆ।)*

## ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨ ਹਾਰੇ ॥

ਇਸੇ ਤਰ੍ਹਾਂ ਹੀ ਇੱਕ ਸੌ ਕੁ ਸਾਲ ਦੀ ਉਮਰ ਦਾ ਬਜ਼ੁਰਗ। ਉਸਨੂੰ ਦੋ ਬੰਦੇ ਫੜ ਕੇ ਲਿਆਏ। ਜਿਹੜਾ ਕਿਸੇ ਭਿਆਨਕ ਰੋਗ ਦਾ ਸ਼ਿਕਾਰ ਹੋਇਆ ਸੀ। ਜਿਸਦੀ ਸ਼ਕਲ ਵੇਖ ਕੇ ਹੀ ਡਰ ਆਉਂਦਾ ਸੀ। ਹੁਕਮ ਅਨੁਸਾਰ ਅੰਦਰ ਲੈ ਕੇ ਆਏ ਬਾਬਾ ਜੀ ਨੇ ਹੱਸ ਕੇ ਉਸਨੂੰ ਸੰਬੋਧਨ ਕਰਕੇ ਬਚਨ ਕੀਤਾ, "ਕਿਉਂ ਬਈ ਕਿੰਨੇ ਮੰਗਤੇ, ਗਰੀਬ ਸਾਧ ਤੈਂ ਦੁਖੀ ਕੀਤੇ ਤੇ ਹੁਣ ਸੌਖਾ ਹੈਂ ? ਸੱਚ ਦੱਸ ਦੱਸ।" ਉਸ ਨੇ ਰੋ ਕੇ ਜੋ ਕੁਝ ਦੱਸਿਆ। ਸਾਰਾ ਤਾਂ ਇੱਥੇ ਲਿਖਣਾ ਠੀਕ ਨਹੀਂ, ਕਤਲ, ਲੁੱਟਾਂ ਖੋਹਾਂ, ਬਲਾਤਕਾਰ ਕਰਨੇ ਤੇ ਕਰਵਾਉਣੇ। ਬੇਅੰਤ ਹੀ ਉਸਨੇ ਐਸੇ ਪਾਪ ਕਰਮ ਗਿਣ ਤੇ ਦੱਸੇ। ਬਾਣੀ ਦੀ ਇੱਕ ਪੰਗਤੀ ਇੱਥੇ ਢੁਕਦੀ ਹੈ : **ਮੇਰੇ ਦੋਖ ਗਨੇ ਜਾਹਿ ॥ ਹਰਿ ਬਿਨਾ ਕਤਹਿ ਸਮਾਹਿ ॥** ਹੁਣ ਸਭ ਪਾਪ ਕਰਮ ਮੇਰੇ ਕੀਤੇ ਮੈਨੂੰ ਡਰਾ ਰਹੇ ਹਨ। ਕ੍ਰਿਪਾ ਕਰੋ ਬੜਾ ਦੁਖੀ ਹਾਂ :

**ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥**
**ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥**

*(ਰਾਮਕਲੀ ਮ: ੫, ਅੰਗ ੮੭੮)*

ਫਿਰ ਹੁਕਮ ਕੀਤਾ, "ਇਸਦਾ ਇਸ਼ਨਾਨ ਕਰਾਉ। ਨਾਲੇ ਵਾਹਿਗੁਰੂ ਵਾਹਿਗੁਰੂ ਦਾ ਉੱਚੀ ਆਵਾਜ਼ ਬੋਲਣਾ। ਬਾਲਿਆ ਤੂੰ ਰਤਨ ਸਿੰਘ ਨੂੰ ਲੈ ਕੇ ਜਾਂ ਤੁਸੀਂ ਦੋਵੇਂ ਦੂਰ ਖੜੇ ਰਹਿਣਾ। ਇਸ ਦੇ ਨਾਲ ਦੇ ਇਸ ਨੂੰ ਇਸ਼ਨਾਨ ਕਰਾਉਣਗੇ। ਤੁਸੀਂ ਨਹੀਂ ਹੱਥ ਲਾਉਣਾ।" ਹੁਕਮ ਅਨੁਸਾਰ ਇਸ਼ਨਾਨ ਕਰਾ ਕੇ ਬਾਹਰ ਲੈ ਆਏ। ਰੋਗੀ ਦਾ ਸਰੀਰ ਅੱਗੇ ਨਾਲੋਂ ਤੰਦਰੁਸਤ ਲੱਗ ਰਿਹਾ ਸੀ। ਜਿਸ ਵੇਲੇ ਉਸ ਬੀਮਾਰ ਨੂੰ ਬਾਬਾ ਜੀ ਦੀ ਹਜ਼ੂਰੀ ਵਿੱਚ ਪੇਸ਼ ਕੀਤਾ। ਹਜ਼ੂਰ ਦੇ ਹੁਕਮ ਅਨੁਸਾਰ ਸਾਹਮਣੇ ਕੋਠੀ ਦੇ ਬਰਾਂਡੇ ਵਿੱਚ ਬਿਠਾ ਕੇ ਉਸਨੂੰ ਵਾਹਿਗੁਰੂ-ਵਾਹਿਗੁਰੂ ਜਪਣ ਦਾ ਹੁਕਮ ਹੋਇਆ। ਅੱਧਾ ਦਿਨ ਤੇ ਸਾਰੀ ਰਾਤ ਉਸਨੂੰ ਹੁਕਮ ਦੇ ਕੇ ਵਾਹਿਗੁਰੂ ਦਾ ਸਿਮਰਨ ਕਰਾਉਂਦੇ ਰਹੇ। ਬਾਬਾ ਜੀ ਦੇ ਹੁਕਮ ਅਨੁਸਾਰ ਬਚਨ ਮੰਨ ਕੇ ਨਾਮ ਜਪਦਾ ਰਿਹਾ, ਸਰੀਰਿਕ ਭੁੱਖ ਨੀਂਦ ਸਭ ਦੂਰ ਹੋ ਗਈ। ਮਨ ਸੁਖੀ ਹੋ ਗਿਆ। ਇਉਂ ਮਾਲੂਮ ਹੁੰਦਾ ਸੀ: **ਸੁਖ ਸਹਜ ਆਨੰਦ ਸਗਲ ਸਿਉ ਵਾ ਕਉ ਬਿਆਧਿ ਨ ਕਾਈ॥** ਮਹਾਂਪੁਰਖ ਦੀ ਮੇਹਰ ਹੀ ਐਸੀ ਉੱਤਮ ਵਸਤੂ ਹੁੰਦੀ ਹੈ।

**ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥**
**ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥**

*(ਵਾਰ ਜੈਤਸਰੀ, ਅੰਗ ੭੦੯)*

ਹੋਰ ਫੁਰਮਾਨ ਹੈ:

**ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ ॥**
**ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ॥੨॥**

*(ਜੈਤਸਰੀ, ਅੰਗ ੭੦੬-੭)*

ਸਰੀਰ ਅਰੋਗ ਚਿਹਰੇ ਉੱਤੇ ਟਿਕਾਅ ਖੁਸ਼ੀ ਪ੍ਰਤੱਖ ਦਿਸ ਰਹੀ ਸੀ। ਤਨ ਅਤੇ ਮਨ ਪ੍ਰਸੰਨ ਦਿਸ ਰਿਹਾ ਸੀ। ਅਗਲੇ ਦਿਨ ਸਵੇਰੇ-ਸਵੇਰੇ ਉਸਦਾ ਇਸ਼ਨਾਨ ਕਰਵਾ ਕੇ ਸ਼ਰਾਅ ਕਰਾਈ ਨਾਲ ਹੁਕਮ ਕੀਤਾ, ਵਾਹਿਗੁਰੂ-ਵਾਹਿਗੁਰੂ ਜਪਦਾ ਰਹੀਂ। ਸਾਰੀ ਸ਼ਰਾਅ ਕਰਾ ਕੇ ਬਚਨ ਕੀਤਾ, "ਤੇਰੇ ਪਿੰਡ ਕੋਈ ਗੁਰ ਦੁਆਰਾ ਧਰਮਸ਼ਾਲਾ ਹੋਵੇ। ਉੱਥੋਂ ਦੋ ਵੇਲੇ ਝਾੜੂ ਫੇਰਨਾ ਸੇਵਾ ਕਰਨੀ, ਨਾਮ ਜਪਣਾ, ਬਾਕੀ ਦੀ ਉਮਰ ਪ੍ਰਮੇਸ਼ਰ ਦੇ ਲੇਖੇ ਲਾਉਣੀ। ਇਸ ਵਾਰ

ਤੈਨੂੰ ਬਖ਼ਸ਼ਿਆ, ਮਹਾਂਪੁਰਖਾਂ ਦੀ ਮੇਹਰ ਵੱਡੇ ਤੋਂ ਵੱਡੇ ਪਾਪੀ 'ਤੇ ਵੀ ਹੋ ਸਕਦੀ ਹੈ।

ਇਹ ਬਚਨ ਮਾਤਾ ਪਿਤਾ ਤੋਂ ਮਿਲਿਆ :

**ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ**
**ਹਰਿ ਹਰਿ ਗੁਣ ਗਾਇ ॥**
**ਭਏ ਅਨੰਦ ਮਿਲਿ ਸਾਧੂ ਸੰਗਿ ਅਬ**
**ਮੇਰਾ ਮਨੁ ਕਤ ਹੀ ਨ ਜਾਇ ॥੧॥**
**ਤਪਤਿ ਬੁਝੀ ਗੁਰ ਸਬਦੀ ਮਾਇ ॥**
**ਬਿਨਸਿ ਗਇਓ ਤਾਪ ਸਭ ਸਹਸਾ**
**ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥**
**ਧਾਵਤ ਰਹੇ ਏਕੁ ਇਕੁ ਬੂਝਿਆ ਆਇ**
**ਬਸੇ ਅਬ ਨਿਹਚਲੁ ਥਾਇ ॥**
**ਜਗਤੁ ਉਧਾਰਨ ਸੰਤ ਤੁਮਾਰੇ**
**ਦਰਸਨੁ ਪੇਖਤ ਰਹੇ ਅਘਾਇ ॥੨॥**
**ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ**
**ਨਿਹਚਲੁ ਸਾਧੂ ਪਾਇ ॥**
**ਸਹਜ ਧੁਨਿ ਗਾਵੈ ਮੰਗਲ ਮਨੂਆ**
**ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥**
**ਕਰਨ ਕਾਰਨ ਸਮਰਥ ਹਮਾਰੇ ਸੁਖਦਾਈ**
**ਮੇਰੇ ਹਰਿ ਹਰਿ ਰਾਇ ॥**
**ਨਾਮੁ ਤੇਰਾ ਜਪਿ ਜੀਵੈ ਨਾਨਕੁ**
**ਓਤਿ ਪੋਤਿ ਮੇਰੈ ਸੰਗਿ ਸਹਾਇ ॥੪॥**

*(ਆਸਾ ਮ: ੫, ਅੰਗ ੩੭੩)*

# ਪ੍ਰਥਮੇ ਮਿਟਿਆ ਤਨ ਕਾ ਦੂਖ॥
# ਮਨ ਸਗਲ ਕਉ ਹੋਆ ਸੂਖੁ॥

ਮਹਾਂਪੁਰਖ ਦੀ ਨਦਰ ਕੈਸੀ ਬਖ਼ਸ਼ਿਸ਼ਾਂ ਦੇਣ ਵਾਲੀ ਹੁੰਦੀ ਹੈ। ਪਿੰਡ ਭਾਗੀ ਵਾਂਦਰ ਤੋਂ ਇੱਕ ਸਿੰਘ ਜਿਸਦਾ ਨਾਮ ਮੱਲ ਸਿੰਘ ਪੱਤੀ ਭਾਗੀ ਕੀ ਪਿਛਲੀ ਉਮਰ ਪਹਿਲਵਾਨੀ ਕਰਦਾ ਰਿਹਾ। ਬੁਢੇਪੇ ਵੇਲੇ ਸਰੀਰਕ ਰੋਗ ਨੇ ਐਨਾ ਤੰਗ ਕੀਤਾ ਨਾ ਉੱਠ ਕੇ ਖੜਾ ਹੋ ਸਕੇ ਨਾ ਤੁਰ ਸਕੇ। ਸਾਰੇ ਸਰੀਰ ਦੀ ਕਿਰਿਆ ਬੰਦ ਹੀ ਹੋ ਗਈ। ਬੜੇ ਯਤਨ ਕੀਤੇ ਆਰਾਮ ਨਾ ਆਇਆ। ਭਾਗੀ ਵਾਂਦਰ ਦਾ ਹੀ ਇੱਕ ਸਿੰਘ ਬਾਬਾ ਜੀ ਦਾ ਸੇਵਕ ਸੀ। ਉਸ ਦੀ ਪ੍ਰੇਰਨਾ ਨਾਲ ਕਿਸੇ ਸਵਾਰੀ ਦੇ ਜ਼ਰੀਏ ਬਾਬਾ ਜੀ ਪਾਸ ਪਹੁੰਚਾ। ਆ ਕੇ ਨਮਸਕਾਰ ਕੀਤੀ। ਹਜ਼ੂਰ ਨੇ ਬਚਨ ਕੀਤਾ, "ਕਿਵੇਂ ਆਏ ਦਰਸ਼ਨ ਹੈ ਕਿ ਪ੍ਰਸ਼ਨ ਹੈ ?" ਅੱਗੋਂ ਮਲ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਮੈਂ ਪਹਿਲੀ ਉਮਰ ਘੁਲਦਾ ਰਿਹਾ। ਹੁਣ ਮੇਰੇ ਗੋਡੇ ਇਤਨਾ ਦਰਦ ਕਰਦੇ ਹਨ ਤੁਰਨਾ ਫਿਰਨਾ ਖੜਨਾ ਵੀ ਬਹੁਤ ਔਖਾ ਹੈ। ਮੇਰੀਆਂ ਲੱਤਾਂ ਵੀ ਕੰਮ ਕਰਨੋ ਹੱਟਦੀਆਂ ਜਾਂਦੀਆਂ ਹਨ। ਕੀ ਪਤਾ ਸਰੀਰ ਕਿਤਨੀ ਦੇਰ ਇਸੇ ਤਰ੍ਹਾਂ ਰਹੇ ਕ੍ਰਿਪਾ ਕਰੋ। ਬਾਬਾ ਜੀ ਨੇ ਬਚਨ ਕੀਤਾ, "ਅੱਕਾਂ ਦੇ ਪੱਤੇ ਤੇਲ ਨਾਲ ਚੋਪੜ ਕੇ ਬੰਨ ਲਿਆ ਕਰ ਦਰਦ ਹਟ ਜਾਏਗਾ। ਸ਼ੁਧ ਹੈ ਬਚਨ ਹੋ ਗਿਆ। ਨਾਲ ਦੇ ਸਾਥੀ ਨੇ ਸਮਝਾਇਆ ਤੂੰ ਬਚਨ ਮੰਨ ਲੈ, ਆਰਾਮ ਆ ਜਾਏਗਾ। ਘਰ ਜਾ ਕੇ ਉਹੀ ਅੱਕਾਂ ਦੇ ਪੱਤੇ ਬੰਨ੍ਹ ਕੇ ਜਿਨ੍ਹਾਂ ਨਾਲ ਅੱਗੇ ਆਰਾਮ ਨਹੀਂ ਸੀ, ਫਿਰ ਗਰਮ ਕਰਕੇ ਬੰਨਣ ਨਾਲ ਕੁਝ ਦਿਨਾਂ ਵਿੱਚ ਹੀ ਤੰਦਰੁਸਤ ਹੋ ਗਿਆ। ਇਹ ਹੈ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਕ੍ਰਿਪਾ ਦੀ ਨਿਸ਼ਾਨੀ। ਰੋਗ ਲਗਦਾ ਹੈ ਆਪਣੇ ਪੂਰਬਲੇ ਕਰਮਾਂ ਸਦਕਾ ਵਰ੍ਹਿਆਂ ਬੱਧੀ ਬੰਦਾ ਦੁਖੀ

ਰਹਿੰਦਾ ਹੈ। ਮਹਾਂਪੁਰਖ ਦੀ ਮੇਹਰ ਨਾਲ ਦੁੱਖ ਜਾਂਦਿਆਂ ਦੇਰ ਨਹੀਂ ਲੱਗਦੀ। ਸਭ ਕੁਝ ਕਰਦਾ ਨਿਰੰਕਾਰ ਹੀ ਹੈ। ਪ੍ਰਭੁ ਜੀ ਬਸਹਿ ਸਾਧ ਕੀ ਰਸਨਾ॥

**ਜੋ ਕਿਛੁ ਕਰੇ ਸੁ ਆਪੇ ਆਪਿ॥**
**ਏਕ ਘੜੀ ਮਹਿ ਥਾਪਿ ਉਥਾਪਿ॥**

*(ਆਸਾ ਮ: ੩, ਪੰਨਾ ੩੬੪)*

(ਇਹ ਬਚਨ ਰਣਜੀਤ ਸਿੰਘ ਮਾਨ ਦਾ ਦਾਦਾ ਸੀ ਮੱਲ ਸਿੰਘ ਕੱਚੀ ਭੁੱਚੋ ਤੋ ਲਿਆ।)

## 46. ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥

ਬਾਬਾ ਜੀ ਕਈ ਵਾਰ ਬਚਨ ਕਰਦੇ ਹੁੰਦੇ ਸਨ ਜਦੋਂ ਸਾਡੇ ਸੇਵਕ ਦਾ ਸਾਡੇ ਨਾਲ ਮਿਲਣ ਦਾ ਮੌਕਾ ਆਉਂਦਾ ਹੈ। ਕੋਈ ਤਾਂ ਸਾਡੀ ਖਬਰ ਸੁਣ ਕੇ ਹੀ ਸਾਡੇ ਕੋਲ ਆ ਜਾਂਦਾ ਹੈ। ਕਿਸੇ ਨੂੰ ਥੋੜਾ ਦੁੱਖ ਲਗਦਾ ਹੈ ਕਿਸੇ ਨੂੰ ਬਹੁਤਾ ਦੁੱਖ ਲੱਗਦਾ ਹੈ। ਉਹ ਵਰ੍ਹਿਆਂ ਬੱਧੀ ਸੇਵਾ ਕਰਦਾ ਹੈ, ਕਿਸੇ ਨੂੰ ਐਸੀ ਕੁੰਡੀ ਪਾ ਕੇ ਖਿੱਚ ਪਾਈਦੀ ਹੈ, ਸਾਰੀ ਉਮਰ ਉਹ ਸਾਨੂੰ ਛੱਡ ਕੇ ਨਹੀਂ ਜਾਂਦਾ। ਇਹ ਸਭ ਮਾਲਕ ਦੀ ਖੇਡ ਹੈ। ਕਿਸੇ ਬੰਦੇ ਦੇ ਵੱਸ ਦੀ ਨਹੀਂ। ਉਸ ਸਮੇਂ ਮਾਈ ਖੇਮੋ ਜੰਡਾਂ ਵਾਲੀ ਅਤੇ ਸ਼ਾਮ ਕੌਰ ਕੋਲ ਬੈਠੀਆਂ ਸਨ। ਉਪਰੋਕਤ ਬਚਨ ਸੁਣ ਕੇ ਬੀਬੀ ਸ਼ਾਮ ਕੌਰ ਨੇ ਭੋਲੇ-ਭਾਅ ਬੇਨਤੀ ਕਰ ਦਿੱਤੀ। ਮਹਾਰਾਜ ਐਸੇ ਸੇਵਕਾਂ ਨੂੰ ਤੁਸੀਂ ਚਿੱਠੀਆਂ ਪਾ ਦਿੰਦੇ ਹੋ ਤਾਂ ਸ੍ਰੀ ਬਾਬਾ ਜੀ ਨੇ ਉਪਰੋਕਤ ਬਚਨ ਸੁਣਾਇਆ। ਸ. ਖੜਕ ਸਿੰਘ ਦੀਨਾ ਨਿਵਾਸੀ ਨੇ ਪੰਡਿਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਤੋਂ ਸੁਣਿਆ ਲਿਖਾਰੀ ਨੇ ਲਿਖਿਆ।

(ਇਹ ਬਚਨ ਸ. ਖੜਕ ਸਿੰਘ ਦੀਨਾ ਨਿਵਾਸੀ ਨੇ ਲਿਖਾਇਆ)

## ਮਨਮੁਖ ਪਥਰੁ ਸੈਲੁ ਹੈ ਧ੍ਰਿਗ ਜੀਵਣੁ ਫੀਕਾ॥

ਸੇਵਕਾਂ ਤੋਂ ਸੇਵਾ ਕਰਾਈ ਜਾਣੀ ਨਾਮ ਸਿਮਰਨ ਕਰਾਈ ਜਾਣਾ ਨਾਲ ਦੀ ਨਾਲ ਪ੍ਰੀਖਿਆ ਲਈ ਜਾਣੀ। ਫਿਰ ਸੁਮੱਤ ਵੀ ਦੇਣੀ, ਇਹ ਵੀ ਗੁਰੂ ਘਰ ਵਿੱਚ ਰੀਤ ਚੱਲੀ ਆਈ ਹੈ। ਅਤੇ ਬਾਬਾ ਜੀ ਪਾਸ ਵੀ ਇਹੋ ਮਰਿਆਦਾ ਵਰਤਦੀ ਸੀ। ਇਸ ਵਿਚੋਂ ਇੱਕ ਪ੍ਰਸੰਗ ਸਰਵਣ ਕਰੋ। ਡਰੋਲੀ ਭਾਈ ਨਗਰ ਵਿੱਚ ਸਕੂਲ ਬਣਨ ਸਮੇਂ ਜ਼ਮੀਨ ਦੀ ਲੋੜ ਸੀ ਪਿੰਡ ਦੀ ਨਿਆਈਂ ਵਿੱਚ ਭਾਈ ਰਤਨ ਸਿੰਘ ਦੀ ਜ਼ਮੀਨ ਸੀ। ਇਨ੍ਹਾਂ ਦੇ ਸਕੇ ਚਾਚੇ ਦੇ ਪੁੱਤਰ ਜਿਸ ਦਾ ਨਾਮ ਸੁੱਚਾ ਸਿੰਘ ਸੀ ਨੇ ਸੋਚਿਆ ਰਤਨ ਸਿੰਘ ਨੂੰ ਪ੍ਰੇਰ ਕੇ ਜ਼ਮੀਨ ਮੁਫਤ ਮੈਂ ਲੈ ਦੇਵਾਗਾਂ। ਮੇਰੀ ਵਡਿਆਈ ਹੋਏਗੀ। ਕਿਉਂ ਨਾ ਮੈਂ ਜ਼ਮੀਨ ਲੈ ਦਿਆਂ। ਇਹ ਗੱਲ ਸੋਚ ਕੇ ਸੁੱਚਾ ਸਿੰਘ ਇੱਕ ਦਿਨ ਭੁੱਚੋ ਦਿਨ ਛਿਪਣ ਤੋਂ ਬਾਦ ਪਹੁੰਚਿਆ। ਉਸ ਸਮੇਂ ਬਾਬਾ ਜੀ ਦੇ ਆਸਣ ਦਾ ਦਰਵਾਜ਼ਾ ਬੰਦ ਹੋ ਚੁੱਕਾ ਸੀ। ਮਿਲ ਕੇ ਸੁੱਖ ਅਨੰਦ ਪੁੱਛੀ ਤੇ ਆਪਣੇ ਆਉਣ ਦਾ ਮਨੋਰਥ ਦੱਸਿਆ। ਭਾਈ ਰਤਨ ਸਿੰਘ ਤੇ ਜੈ ਕੌਰ ਨੇ ਜਵਾਬ ਦੇ ਦਿੱਤਾ ਅਸੀਂ ਜ਼ਮੀਨ ਨਹੀਂ ਦੇ ਸਕਦੇ। ਉਸਨੇ ਜਵਾਬ ਮਿਲਣ ਤੋਂ ਗੁੱਸਾ ਕੀਤਾ ਤੇ ਕਹਿਣ ਲੱਗਾ ਇੱਥੇ ਬੈਠੇ ਹੋ, ਪੁੱਤ ਲੈ ਕੇ ਜਾਉਗੇ ਹੋਰ ਵੀ ਕਈ ਗੱਲਾਂ ਕੀਤੀਆਂ। ਕਾਫੀ ਚਿਰ ਗਰਮ ਸਰਦ ਗੱਲਾਂ ਹੁੰਦੀਆਂ ਰਹੀਆਂ। ਦਿਨ ਚੜਨ ਤੋਂ ਪਹਿਲਾਂ ਹੀ ਸੁੱਚਾ ਸਿੰਘ ਭਰਿਆ ਪੀਤਾ ਮੁੜ ਗਿਆ। ਦਿਨ ਚੜ੍ਹਨ ਉਪਰੰਤ ਬਾਬਾ ਜੀ ਨੇ ਸੰਗਤ ਨੂੰ ਦਰਸ਼ਨ ਦੇਣ ਵਾਸਤੇ ਬੂਹਾ ਖੋਲ੍ਹਿਆ ਤਾਂ ਹੁਕਮ ਕੀਤਾ, "ਬਾਲਿਆ ਡਰੋਲੀ ਵਾਲੇ ਦੋਹਾਂ ਜੀਆਂ ਨੂੰ ਹਾਜ਼ਰ ਕਰੋ।"

**ਭਰਿ ਜੋਬਨਿ ਮੈ ਮਤ ਪੇਈਅੜੈ**
**ਘਰਿ ਪਾਹੁਣੀ ਬਲਿ ਰਾਮ ਜੀਉ॥**
**ਮੈਲੀ ਅਵਗਣਿ ਚਿਤਿ ਬਿਨੁ ਗੁਰ**

**ਗੁਣ ਨ ਸਮਾਵਨੀ ਬਲਿ ਰਾਮ ਜੀਉ ॥**
**ਗੁਣ ਸਾਰ ਨ ਜਾਣੀ**
**ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ॥**
**ਵਰੁ ਘਰੁ ਦਰੁ ਦਰਸਨੁ ਨਹੀ ਜਾਤਾ**
**ਪਿਰ ਕਾ ਸਹਜੁ ਨ ਭਾਇਆ॥**
**ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥**
**ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥**

*(ਸੂਹੀ ਛੰਦ ਮ: ੧ ਅੰਗ ੭੬੩)*

**ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥**
**ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥**
**ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ॥**
**ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥**
**ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ॥**
**ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥**

*(ਤੁਖਾਰੀ ਛੰਦ ਮ: ੧, ਅੰਗ ੧੧੧੧)*

ਹਾਜ਼ਰ ਹੋਣ ਉਪਰੰਤ ਬਚਨ ਕੀਤਾ, 'ਰਾਤ ਥੋਡੇ ਨਾਲ ਕੌਣ ਲੜਦਾ ਸੀ।" ਤਾਂ ਦੱਸਿਆ ਜੀ ਮੇਰੇ ਸਕੇ ਚਾਚੇ ਦਾ ਪੁੱਤ ਆਇਆ ਸੀ। ਸਕੂਲ ਵਾਸਤੇ ਜ਼ਮੀਨ ਮੰਗਦਾ ਸੀ। ਅਸੀਂ ਨਹੀਂ ਦਿੱਤੀ। ਉਹ ਸਾਡੇ ਨਾਲ ਲੜਦਾ ਸੀ। ਹਜ਼ੂਰ ਨੇ ਹੱਸ ਕੇ ਬਚਨ ਕੀਤਾ, ਉਹ ਤਾਂ ਕਮਲਿਆਂ ਵਾਲੀ ਗੱਲ ਕਰਦਾ ਸੀ। ਚੰਗਾ ਹੋਇਆ ਤੁਸੀਂ ਕੋਈ ਐਸੀ ਗੱਲ ਉਸਨੂੰ ਨਹੀਂ ਕਹੀ ਉਹ ਕਮਲਾ ਹੈ, ਤਿੰਨ ਵਾਰ ਬਚਨ ਕੀਤਾ, ਮੈਂ ਦੇਖਿਆ ਹੈ ਉਸਦਾ ਅੰਤ ਕਮਲਾ ਹੋ ਕੇ ਮਰਨ ਵਾਲਾ ਹੋਇਆ ਹੈ। ਦੇਖਿਆ, ਤੁਸੀਂ ਆਏ ਤਾਂ ਪੁੱਤ ਲੈਣ ਸੀ ਤੇ ਸੇਵਾ ਕਰਦੇ ਰਹੇ ਜੇ ਤੁਸੀਂ ਆਪਣੀ ਮਰਜ਼ੀ ਨਾਲ ਛੁੱਟੀ ਲੈ ਕੇ ਗਏ ਸੀ ਨਾ ਜਾਂਦੇ ਤਾਂ। ਹੁਣ ਨੂੰ ਤੁਸੀਂ ਲੋਕਾਂ ਨੂੰ ਪੁੱਤ ਦੇਣੇ ਸੀ, ਤੁਸੀਂ ਮੌਕਾ ਹੱਥੋਂ ਗੁਆ ਕੇ ਪਛਤਾ ਰਹੇ ਹੋ। ਕੋਈ ਗੱਲ ਨਹੀਂ। ਹੁਣ ਸਭ ਕੁਝ ਮਹਾਂਪੁਰਖ

ਕਰਨਗੇ। ਫਿਕਰ ਕਰਨ ਦੀ ਲੋੜ ਨਹੀਂ ਸ਼ੁੱਧ ਹੈ। ਫਿਰ ਸਭ ਸੰਗਤ ਨੂੰ ਅੱਡੋ-ਅੱਡ ਦਰਸ਼ਨ ਦੇ ਕੇ ਖੁਸ਼ੀਆਂ ਬਖਸ਼ੀਆਂ।"

**ਬਾਬਾ ਮੈ ਕਰਮਹੀਣ ਕੂੜਿਆਰ ॥**
**ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥**

*(ਮ: ੧, ਅੰਗ ੬੮੯)*
*(ਇਹ ਬਚਨ ਮਾਤਾ ਪਿਤਾ ਤੋਂ ਮਿਲਿਆ।)*

# ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ ਨਸੀਐ ॥

ਮਹਾਂਪੁਰਖ ਕਿਵੇਂ ਨਾਮ ਜਪਣ ਦੀ ਪ੍ਰੇਰਨਾ ਕਰਦੇ ਹਨ। ਮੋੜ-ਮੋੜ ਕੇ ਜੀਵ ਨੂੰ ਸਿਮਰਨ ਵਾਲੇ ਪਾਸੇ ਲਾਉਂਦੇ ਹਨ। ਬੱਚਾ ਸਕੂਲ ਜਾਣ ਤੋਂ ਡਰਦਾ ਹੈ। ਮਾਤਾ ਪਿਤਾ ਘੂਰ ਕੇ ਲਾਲਚ ਦੇ ਕੇ ਸਕੂਲ ਭੇਜਦੇ ਹਨ ਤਾਂ ਕਿ ਬੱਚੇ ਦੀ ਜ਼ਿੰਦਗੀ ਬਣ ਜਾਏ। ਮਾਤਾ ਪਿਤਾ ਬੱਚੇ ਦੇ ਦੋਖੀ ਨਹੀਂ ਹਨ। ਜੋ ਮਾਤਾ ਪਿਤਾ ਬੱਚੇ ਨੂੰ ਵਿੱਦਿਆ ਪੜ੍ਹਾਉਂਦੇ ਹਨ ਉਹੀ ਮਾਤਾ ਪਿਤਾ ਬੱਚੇ ਦੇ ਅਸਲੀ ਹਮਦਰਦ ਹਨ। ਇਹ ਤਾਂ ਹੈ ਦੁਨਿਆਵੀ ਪੜ੍ਹਾਈ। ਪ੍ਰੰਤੂ ਮਹਾਂਪੁਰਖ ਪ੍ਰਮਾਰਥ ਦੀ ਪੜ੍ਹਾਈ ਕਰਾ ਕੇ ਕਿਸ ਤਰ੍ਹਾਂ ਸਾਧੂ ਸੰਤਾਂ ਨੂੰ ਲੋਕਾਂ ਨੂੰ ਪ੍ਰੇਰ ਕੇ, ਪ੍ਰਮਾਰਥ ਵਾਲੇ ਪਾਸੇ ਲਗਾਉਂਦੇ ਹਨ। ਤਿੰਨ ਸਾਧੂ ਰਮਤੇ, ਬਾਬਾ ਜੀ ਪਾਸ ਆਏ ਨਮਸਕਾਰ ਕਰਕੇ ਬੈਠ ਗਏ। ਸੁੱਖ ਅਨੰਦ ਪੁੱਛਣ ਉਪਰੰਤ ਜ਼ਿਕਰ ਚੱਲਿਆ ਸਿਮਰਨ ਕਰਨ ਦਾ। ਤਾਂ ਬੇਨਤੀ ਕਰ ਦਿੱਤੀ ਕਿ ਮਹਾਰਾਜ ਕ੍ਰਿਪਾ ਕਰੋ, ਨਾਮ ਜਪਣ ਵਾਲੇ ਪਾਸੇ ਮਨ ਲਾਉ। ਉਨ੍ਹਾਂ ਨੂੰ ਵਾਹਿਗੁਰੂ ਮੰਤਰ ਵੀ ਬਖ਼ਸ਼ਿਆ, ਪ੍ਰੰਤੂ ਤੀਸਰੇ ਨੇ ਕਿਹਾ ਚੰਗਾ ਰੱਜ ਕੇ ਖਾਓ ਤੇ ਸੁੱਖ ਲਵੋ। ਮੈਂ ਨਾਮ ਜਪਣ ਵਾਲੇ ਪਾਸੇ ਨਹੀਂ ਲੱਗਣਾ ਨਾ ਦਿਨੇ ਆਰਾਮ ਨਾ ਰਾਤ ਨੂੰ ਸੁੱਖ ਦੀ ਨੀਂਦ ਸੌਂ ਸਕੇ। ਦੋਹਾਂ ਨਾਲ ਦੇ ਸਾਥੀਆਂ ਦੇ ਕਹਿਣ 'ਤੇ ਉਹ ਨਾਂ ਮੰਨਿਆ ਅਖੀਰ ਉੱਤੇ ਬਾਬਾ ਜੀ ਨੇ ਵੀ ਬਚਨ ਕੀਤਾ ਕਿ, "ਸਾਧੂ ਹੋ ਕੇ, ਘਰ-ਬਾਰ ਛੱਡ ਕੇ ਵੀ ਸਿਮਰਨ ਨਾ ਕੀਤਾ ਤਾਂ ਕੀ ਖੱਟਿਆ। ਨਾਮ ਨਾ ਜਪਣ ਵਾਲੇ ਤੋਂ ਤਾਂ ਪਸ਼ੂ ਵੀ ਚੰਗੇ ਹਨ। ਕਾਸ਼ਤੀ ਕਿਰਤੀ ਬੰਦਾ

ਵੀ ਕੁਝ ਸਮਾਂ ਕੱਢ ਕੇ ਨਾਮ ਜਪੇ ਤਾਂ ਚੰਗਾ ਹੈ। ਸਾਧ ਬਣ ਕੇ ਨਾਮ ਨਾ ਜਪੈ ਤਾਂ ਮਾੜੀ ਗੱਲ ਹੈ। ਗੁਰਵਾਕ ਹੈ :

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥**
**ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥**

*(ਗੂਜਰੀ ਮ: ੧, ਅੰਗ ੪੮੯)*

ਬਾਬਾ ਜੀ ਨੇ ਵੀ ਉਸਨੂੰ ਪ੍ਰੇਰਿਆ ਨਾਲ ਦੇ ਸਾਥੀਆਂ ਨੇ ਵੀ ਕਿਹਾ ਪਰ ਉਹ ਨਾ ਮੰਨਿਆ। ਉਲਟਾ ਕਹਿਣ ਲੱਗਾ ਮੈਂ ਵੇਖੂੰਗਾ ਕੌਣ ਮੈਨੂੰ ਬੰਨ੍ਹ ਕੇ ਬਠਾਉਂਦਾ ਹੈ। ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਤੈਂ ਰੋ-ਰੋ ਕੇ ਮਿੰਨਤਾਂ ਕਰ-ਕਰ ਕੇ ਮੰਨਣਾ ਹੈ।" ਪ੍ਰੰਤੂ ਉਹ ਤਿੰਨੇ ਹੀ ਚਲੇ ਗਏ। ਦੋ ਤਿੰਨ ਦਿਨ ਬਾਅਦ ਉਹ ਸਾਧੂ ਮੂਹਰੇ ਬਾਕੀ ਦੇ ਮਗਰ ਪਹੁੰਚ ਗਏ। ਅਗਲਾ ਬਾਬਾ ਜੀ ਅੱਗੇ ਰੋਵੇ ਨੱਕ ਰਗੜੇ ਵਾਸਤੇ ਪਾਵੇ ਜੀ ਕ੍ਰਿਪਾ ਕਰੋ ਮੈਂ ਬੜਾ ਗੁਨਾਹਗਾਰ ਹਾਂ। ਬਖਸ਼ ਲਵੋ ਜੀ ਜੋ ਹੁਕਮ ਕਰੋਗੇ ਮੈਂ ਮੰਨਾਂਗਾ। ਮੇਰੇ ਸਰੀਰ ਨੂੰ ਅੱਗ ਲੱਗੀ ਜਾ ਰਹੀ ਹੈ। ਮੈਨੂੰ ਦੋ ਦਿਨ ਹੋ ਗਏ ਨਾ ਰਾਤ ਨੂੰ ਚੈਨ ਨਾ ਦਿਨੇ ਟਿਕਾਅ। ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਜੇ ਭੱਜ ਕੇ ਵੇਖਣਾ ਹੈ ਤਾਂ ਵੇਖ ਲੈ।" ਉਸ ਨੇ ਕਿਹਾ ਜੀ ਕਿਤੇ ਭੱਜ ਕੇ ਜਾਣ ਜੋਗਾ ਮੈਂ ਨਹੀਂ ਹਾਂ। ਉਪਰੰਤ ਹੁਕਮ ਕੀਤਾ, "ਬਾਲਿਆ ਇਸਨੂੰ ਮੱਟੀ ਵਿਚੋਂ ਅੰਮ੍ਰਿਤ ਦਿਉ। ਅੰਮ੍ਰਿਤ ਜਲ ਦੇਣ ਤੇ ਮਨ ਨੂੰ ਸ਼ਾਂਤੀ ਆਈ। ਫਿਰ ਉਸਨੂੰ ਮੂਲ ਮੰਤਰ ਜਪਣ ਦਾ ਹੁਕਮ ਹੋਇਆ ਤੇ ਬਚਨ ਕੀਤਾ ਜਪਦਾ ਰਹੀਂ ਸੁਖੀ ਰਹੇਂਗਾ। ਨਾਮ ਜਪਣ ਵਿੱਚ ਹੀ ਸੁੱਖ ਹੈ।"

**ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ**
**ਨਾਮੁ ਗੋਬਿੰਦ ਕਾ ਸਦਾ ਲੀਜੈ ॥**
**ਮਿਟਹਿ ਕਮਾਣੇ ਪਾਪ ਚਿਰਾਣੇ**
**ਸਾਧਸੰਗਤਿ ਮਿਲਿ ਮੁਆ ਜੀਜੈ ॥**

*(ਧਨਾਸਰੀ ਮ: ੫, ਅੰਗ ੬੮੩)*

ਇਸ ਤਰ੍ਹਾਂ ਇਸ ਉੱਤੇ ਵੀ ਕ੍ਰਿਪਾ ਹੋਈ।

**ਰਾਮ ਜੋ ਦਾਤਾ ਮੁਕਤ ਕਾ ਸੰਤ ਜਪਾਵੈ ਨਾਮ ॥**

*(ਇਹ ਪ੍ਰਸੰਗ ਨਾਜ਼ਰ ਸਿੰਘ ਸਭਰਾਵਾਂ ਵਾਲੇ ਤੋਂ ਮਿਲਿਆ। ਭਾਈ ਨਾਜ਼ਰ ਸਿੰਘ ਦਾ ਪ੍ਰਸੰਗ ਗਿਆਰਵੇਂ ਹਿੱਸੇ ਉੱਤੋਂ ਪੜ੍ਹੋ।)*

# ਸਾਧ ਸੰਗਿ ਜਮ ਜੇਵਰੀ
# ਕਾਟੀ ਨਾਨਕ ਸਹਜਿ ਸਮਾਇਆ॥

ਬਾਬਾ ਜੀ ਦੇ ਸਮੇਂ ਡੇਰੇ ਵਿੱਚ ਚਾਰ ਚੁਫੇਰੇ ਉਜਾੜ ਬੀਆਬਾਨ ਸੀ। ਜੰਡ, ਕਰੀਰ, ਮਲ੍ਹੇ ਬੇਅੰਤ ਵਣ ਸਨ। ਬੰਦਾ ਲੁਕ ਜਾਏ ਤਾਂ ਲੱਭਿਆਂ ਨਹੀਂ ਸੀ ਲੱਭਦਾ। ਇਨ੍ਹਾਂ ਵਿੱਚ ਜੰਗਲੀ ਜਾਨਵਰ ਮੋਰ, ਤਿੱਤਰ, ਬਿੱਲੇ, ਸੱਪ ਆਦਿ ਬੇਅੰਤ ਸਨ। ਇੱਕ ਸਮੇਂ ਬਾਬਾ ਜੀ ਦੇ ਆਸਣ 'ਤੇ ਦੋ ਬਿੱਲੇ ਆ ਕੇ ਪਹਿਲਾਂ ਰੋਇਆ ਕਰਨ। ਫਿਰ ਆਪਸ ਵਿੱਚ ਲੜਿਆ ਕਰਨ। ਕਈ ਦਿਨ ਇਸ ਤਰ੍ਹਾਂ ਹੁੰਦਾ ਰਿਹਾ। ਇੱਕ ਦਿਨ ਬਾਬਾ ਜੀ ਨੇ ਬਚਨ ਕੀਤਾ, "ਨੀਲਾ ਸਿਆਂ ਤਕੜੇ ਹੋ ਕੇ ਇਨ੍ਹਾਂ ਨੂੰ ਰੋਕੋ, ਸਾਡੇ ਆਸਣ ਦੇ ਨੇੜੇ ਆ ਕੇ ਕਿਉਂ ਲੜਨ, ਚੰਗੇ ਨਹੀਂ ਲੱਗਦੇ।" ਹੁਕਮ ਅਨੁਸਾਰ ਨੀਲਾ ਸਿੰਘ ਪਹਿਰੇ 'ਤੇ ਖੜੋ ਗਿਆ। ਪ੍ਰੰਤੂ ਬਿੱਲੇ ਫੇਰ ਵੀ ਆ ਕੇ ਲੜਨ ਲੱਗ ਪਏ। ਬਾਬਾ ਜੀ ਨੇ ਬਚਨ ਕੀਤਾ, "ਨੀਲਾ ਸਿਆਂ ਬਿੱਲੇ ਫਿਰ ਆ ਗਏ ?" ਨੀਲਾ ਸਿੰਘ ਨੇ ਬੇਨਤੀ ਕੀਤੀ, ਮਹਾਰਾਜ ! ਪਤਾ ਨਹੀਂ ਇਹ ਕਿਸ ਪਾਸੇ ਤੋਂ ਆ ਗਏ। ਮੈਂ ਨਿਗਾਹ ਤਾਂ ਬੜੀ ਰੱਖੀ ਹੈ। ਹਜ਼ੂਰ ਨੇ ਬਚਨ ਕੀਤਾ, "ਬਾਲਿਆ ਸਵੇਰੇ ਦੁੱਧ ਛਕਾਂਗੇ। ਤਿਆਰੀ ਕਰ ਲੈਣੀ।" ਅਗਲੇ ਦਿਨ ਬਿੱਲੇ ਫਿਰ ਪਹੁੰਚ ਗਏ। ਲੜਾਈ ਫਿਰ ਆਰੰਭ ਹੋ ਗਈ। ਇਸ ਦਿਨ ਐਸੀ ਭਿਆਨਕ ਲੜਾਈ ਹੋਈ ਕਿ ਬਿੱਲੇ ਲੜਦੇ-ਲੜਦੇ ਲਹੂ-ਲੁਹਾਨ ਹੋ ਗਏ। ਹਜ਼ੂਰ ਨੇ ਬਚਨ ਕੀਤਾ, "ਬਾਲਿਆ ਬਿੱਲਿਆਂ ਨੂੰ ਲੜਨੋ ਹਟਾ ਕੇ ਬਚਨ ਕਰ ਦੇ ਤੁਸੀਂ ਟਿੱਲੇ ਉੱਤੇ ਚਲੋ ਬੈਠੋ। ਅੱਜ ਤੁਹਾਡਾ ਵੀ ਇਲਾਜ ਕਰਦੇ ਹਾਂ, ਲਿਆ ਬਾਲਿਆ। ਤਿਆਰੀ ਕਰ ਦੁੱਧ ਛਕੀਏ।" ਬਾਬਾ ਜੀ ਆਪਣੀ ਮੌਜ ਅਨੁਸਾਰ ਦੁੱਧ ਛੱਕਦੇ ਰਹੇ। ਉਪਰੰਤ ਬਚਨ ਕੀਤਾ, "ਬਾਲਿਆ ਇੱਕ ਠੀਕਰਾ ਲੈ ਕੇ ਆ।" ਠੀਕਰਾ ਲਿਆਉਣ ਉਪਰੰਤ ਸੀਤ ਪ੍ਰਸਾਦ ਵਾਲਾ ਦੁੱਧ ਠੀਕਰਾ ਵਿੱਚ ਪੁਆ ਕੇ ਬਚਨ ਕੀਤਾ, "ਟਿੱਲੇ ਉੱਤੇ

ਬਿੱਲੇ ਬੈਠੇ ਹਨ, ਦੁੱਧ ਉਨ੍ਹਾਂ ਨੂੰ ਪਾ ਆਉ।" ਜਿਸ ਸਮੇਂ ਸੇਵਕ ਟਿੱਲੇ ਉਪਰ ਠੀਕਰਾ ਲੈ ਕੇ ਗਿਆ ਤਾਂ ਬਿੱਲੇ ਉਪਰ ਬੈਠੇ ਸਨ। ਜਿਵੇਂ ਉਡੀਕ ਕਰ ਰਹੇ ਹੋਣ। ਠੀਕਰਾ ਅੱਗੇ ਰੱਖ ਦਿੱਤਾ। ਦੋਵੇਂ ਬਿੱਲੇ ਕੱਠੇ ਹੀ ਪੀਣ ਲੱਗ ਪਏ। ਮਹਾਂਪੁਰਖ ਦੀ ਨਦਰ ਹੋਵੇ ਤਾਂ ਜਾਨਵਰਾਂ ਵਿਚੋਂ ਵੀ ਵਿਰੋਧ ਮੁੱਕ ਜਾਂਦਾ ਹੈ। ਸੇਵਕ ਨੂੰ ਹੁਕਮ ਸੀ ਸਾਰਾ ਦੁੱਧ ਪਿਆ ਕੇ ਆ। ਸਾਰਾ ਪੀਣ ਲੈਣ ਉਪਰੰਤ ਸੇਵਕ ਨੇ ਬੇਨਤੀ ਕੀਤੀ। ਮਹਾਰਾਜ ਬਿੱਲੇ ਦੁੱਧ ਪੀ ਗਏ ਹਨ। ਸੁਨਣ ਉਪਰੰਤ ਹਜ਼ੂਰ ਨੇ ਬਚਨ ਕੀਤਾ, "ਚੰਗਾ ਹੋਇਆ ਪੀ ਗਏ। ਅੱਜ ਤੋਂ ਸੌ ਸਾਲ ਪਹਿਲਾਂ ਅਸੀਂ ਨਿਪਾਲ ਵਿੱਚ ਤਪੱਸਿਆ ਕਰਦੇ ਹੁੰਦੇ ਸੀ ਤੇ ਇਹ ਬਿੱਲੇ ਸਾਡੇ ਸੇਵਕ ਸਨ। ਕਿਸੇ ਸਮੇਂ ਇਹ ਕੁਕਰਮੀ ਬਣ ਗਏ। ਸਾਡੇ ਸਮਝਾਉਣ 'ਤੇ ਵੀ ਨਾ ਸਮਝੇ। ਝਗੜਾਲੂ ਉਸ ਵੇਲੇ ਵੀ ਬੜੇ ਸਨ। ਹੁਣ ਸਮਾਂ ਬਣਿਆ ਇਹ ਸਾਡੇ ਕੋਲ ਪਹੁੰਚੇ। ਚੰਗੇ ਸਮੇਂ ਆ ਗਏ। ਅੱਜ ਮੁਕਤੀ ਹੋਈ ਹੈ। ਗਏ ਦਰਗਾਹ ਨੂੰ, ਧੰਨ ਗੁਰੂ ਨਾਨਕ, ਚੰਗਾ ਹੋਇਆ ਸ਼ੁੱਧ ਹੈ।

**ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ॥**
**ਸਾਧਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ॥**

*(ਕਾਨੜਾ ਮ: ੫, ਅੰਗ ੧੩੦੦)*

ਡਰੋਲੀ ਭਾਈ ਦਾ ਸ. ਮੱਘਰ ਸਿੰਘ ਮਾਲ ਪਟਵਾਰੀ ਭਾਈ ਕੇ ਚੱਕ ਫਿਰ ਪੂਹਲੇ ਤੇ ਕਿਸੇ ਸਮੇਂ ਭੁੱਚੋ ਰਿਹਾ। ਬਾਬਾ ਜੀ ਦੇ ਦਰਸ਼ਨ ਕਰਨ ਆਉਂਦਾ ਰਿਹਾ ਸੀ। ਇਸਦੇ ਉਸ ਸਮੇਂ ਦੋ ਲੜਕੇ ਹਜ਼ਾਰਾ ਸਿੰਘ ਤੇ ਸਰਦਾਰਾ ਸਿੰਘ ਛੋਟੀ ਉਮਰ ਵਿੱਚ ਪੜ੍ਹਦੇ ਸਨ। ਬਾਬਾ ਜੀ ਨੇ ਮੱਘਰ ਸਿੰਘ ਨੂੰ ਬਚਨ ਕਰਨਾ ਪਟਵਾਰਾ ਸਿੰਘ ਆ ਗਿਆ ਮੱਘਰ ਸਿੰਘ ਨੇ ਬੇਨਤੀ ਕੀਤੀ। ਮਹਾਰਾਜ ਪਟਵਾਰੀ ਤੋਂ ਵੱਡਾ ਪਟਵਾਰਾ ਹੁੰਦਾ ਹੈ। ਇਸ ਬਚਨ ਅਨੁਸਾਰ ਮੱਘਰ ਸਿੰਘ ਕਾਨੂੰਗੋ ਬਣ ਗਿਆ।

*(ਇਹ ਦੋਨੋਂ ਬਚਨ ਮਾਤਾ ਪਿਤਾ ਪਾਸੋਂ ਮਿਲੇ)*

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**
**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥**
**ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥**
**ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥**
**ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ ॥**
*(ਬਿਲਾਵਲ ਮ: ੫, ਅੰਗ ੮੪੬)*

ਬਾਬਾ ਅਨੰਦ ਸਿੰਘ ਜੀ ਮਹਾਰਾਜ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਹੁਕਮ ਅਨੁਸਾਰ ਭੁੱਚੋ ਪਹੁੰਚ ਗਏ। ਨਾਲ ਕਿੰਨੀ ਕੁ ਸੰਗਤ ਸੀ ਕੌਣ-ਕੌਣ ਸੰਗੀ, ਸੇਵਕ ਨਾਲ ਸਨ। ਲੇਖਕ ਨੂੰ ਕੁਝ ਪਤਾ ਨਹੀਂ ਲੱਗ ਸਕਿਆ। ਦਰਸ਼ਨ ਮੇਲਾ ਕੀਤਾ। ਸਭ ਸੰਗਤ ਦੀ ਸਮੇਤ ਬਾਬਾ ਜੀ ਸ਼ਰਾਅ ਕਰਵਾਈ ਫਿਰ ਹੁਕਮ ਕੀਤਾ, "ਮਹਾਂਪੁਰਖੋ ਆਪਣੇ ਸੰਗੀਆਂ ਸੇਵਕਾਂ ਦੇ ਨਾਮ ਲਿਖਾ ਦਿਓ, ਜਿਸਦਾ ਨਾਮ ਲਿਖਾ ਦਿਓਗੇ ਨਰਕ ਨੂੰ ਨਹੀਂ ਜਾਣ ਦਿਆਂਗੇ।" ਹੁਕਮ ਅਨੁਸਾਰ ਸਭਨਾਂ ਸੰਗੀਆਂ ਦੇ ਨਾਮ ਲਿਖਾਏ ਗਏ। ਫਿਰ ਬਚਨ ਕੀਤਾ, "ਰਿਖੀ ਜੀ ਸਾਨੂੰ ਆਪਣੇ ਹੱਥੀਂ ਤੋਰੋ ਦਰਗਾਹ ਨੂੰ, ਅਸੀਂ ਬਹੁਤ ਸਮਾਂ ਤੁਹਾਡਾ ਬਚਨ ਮੰਨ ਕੇ ਨਹੀਂ ਗਏ, ਹੁਣ ਤੋਰ ਦਿਉ। ਅੱਗੋਂ ਬਾਬਾ ਅਨੰਦ ਸਿੰਘ ਜੀ ਨੇ ਉਹੀ ਬੇਨਤੀ ਫੇਰ ਕਰ ਦਿੱਤੀ। ਗਰੀਬ ਨਿਵਾਜ ਤੁਹਾਡੇ ਬਿਨਾਂ ਸੰਸਾਰ ਵਿੱਚ ਸਾਡਾ ਕੋਈ ਨਹੀਂ। ਤੁਸੀਂ ਸਦਾ ਰਹੋ ਤੇ ਸਾਨੂੰ ਤੋਰ ਦਿਉ। ਬਾਬਾ ਜੀ ਨੇ ਫਿਰ ਬਚਨ ਕੀਤਾ, "ਮਹਾਂਪੁਰਖੋ ਤੁਹਾਡੀ ਮਰਜ਼ੀ ਹੈ, ਸਾਨੂੰ ਤੁਹਾਡੇ ਉੱਤੇ ਮਾਇਆ ਪਾਉਣੀ ਹੋਵੇਗੀ। ਅੱਗੇ ਵੀ ਤੁਹਾਨੂੰ ਅਸੀਂ ਕਈ ਵਾਰ ਆਖ ਚੁੱਕੇ ਹਾਂ। ਪਰ ਤੁਸੀਂ ਨਹੀਂ ਮੰਨਦੇ ਤੁਹਾਡੀ ਰਜ਼ਾ ਹੈ। ਫਿਰ ਪੁੱਛਿਆ, ਹੁਣ ਕਿਹੜੇ ਪਾਸੇ ਜਾਉਗੇ। ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ ਮਹਾਰਾਜ ਮਾਝੇ ਵੱਲ ਜਾਵਾਂਗੇ। ਅੱਛਾ 'ਸ਼ੁਧ ਹੈ'। ਦਾ ਬਚਨ ਕੀਤਾ। ਬਾਬਾ ਅਨੰਦ ਸਿੰਘ ਜੀ ਮਾਝੇ ਵੱਲ ਚਲੇ ਗਏ। ਪਿਛੋਂ ਜਿਹੜਾ ਬਚਨ ਕੀਤਾ, "ਚਾਰਜ ਸੰਭਾਲ ਲਵੋ।" ਇਸ ਦੀ ਬਾਬਤ ਪ੍ਰਤੱਖ ਤੌਰ ਤੇ ਕੁਝ ਪਤਾ ਨਹੀਂ ਲੱਗਾ ਕੋਈ ਗੁਪਤ ਰਮਜ਼ ਹੀ ਸੀ। ਜਿਸਨੂੰ ਦੋਵੇਂ ਬਾਬਾ ਜੀ ਜਾਨਣ ਮੈਂ ਕੁਝ ਨਹੀਂ ਕਹਿ ਸਕਦਾ।

ਇਸ ਤੋਂ ਉਪਰੰਤ ਪੰਡਿਤ ਸ੍ਰੀ ਰਾਮ ਸਿੰਘ ਜੀ ਨੂੰ ਮਲੂਕੇ ਤੋਂ ਸੱਦਿਆ ਇਕੱਲਿਆ ਨਾਲ ਕੋਈ ਬਚਨ ਕੀਤਾ ਜਾਂ ਨਹੀਂ। ਪਰ ਸੱਦ ਕੇ ਬਚਨ ਕੀਤਾ। ਸ਼ੁਧ ਹੈ, ਤੂੰ ਮੁੜ ਜਾ ਇਸਤੋਂ ਉਪਰੰਤ ਜੋ ਸੇਵਕ ਇੱਥੇ ਸਨ ਸਭ ਨਾਲ ਖੁੱਲ੍ਹੇ ਡੁੱਲ੍ਹੇ ਬਚਨ ਕਰਨੇ ਕਦੇ ਕਹਿਣਾ ਕਰ ਲਵੋ ਸੇਵਾ ਇਹ ਮੌਕਾ ਫਿਰ ਹੱਥ ਨਹੀਂ ਆਉਣਾ। ਭਾਈ ਰਤਲ ਸਿੰਘ ਡਰੋਲੀ ਨੂੰ ਕਹਿਣਾ, "ਸੁਣਾ ਲੈ ਪਾਠ ਰੱਜ ਕੇ, ਕਈ-ਕਈ ਘੰਟੇ ਕਦੇ ਸੁਖਮਨੀ ਸਾਹਿਬ, ਕਦੇ ਜਪੁਜੀ ਸਾਹਿਬ ਦੇ ਪਾਠ ਸਾਰਾ-ਸਾਰਾ ਦਿਨ ਸੁਣਦੇ ਰਹਿਣਾ ਕਦੇ ਬਚਨ ਕਰਨਾ, ਕਰ ਲੈ ਦਰਸ਼ਨ ਰੱਜ ਕੇ ਫਿਰ ਸਮਾਂ ਨਹੀਂ ਮਿਲਣਾ ਤੇ ਕਹਿਣਾ, **ਜਾਗ-ਜਾਗ ਮਨ ਪਿਆਰੇ ਵੱਜੇ ਕੂਚ ਦੇ ਨਗਾਰੇ ਤੈਨੂੰ ਵੇਦ ਭੀ ਪੁਕਾਰੇ, ਰਾਹ ਦੱਸਦੇ ਨੇ ਦੂਰ ਦਾ।** ਐਸੇ ਵੈਰਾਗ ਭਰੇ ਬਚਨ ਆਪਣੇ ਆਪ ਹੀ ਕਰਦੇ ਰਹਿਣਾ। ਇੱਕ ਦਿਨ ਹਜ਼ੂਰ ਨੇ ਬਚਨ ਕੀਤਾ, "ਬਾਲਿਆ ਤਿਆਰੀ ਕਰੋ ਦੁੱਧ ਛਕੀਏ।" ਸੰਤ ਨਰੈਣ ਸਿੰਘ ਜੀ ਨੇ ਆਸਣ ਵਿਛਾ ਕੇ ਸਾਰੀ ਤਿਆਰੀ ਕਰਕੇ ਬੇਨਤੀ ਕੀਤੀ ਮਹਾਰਾਜ ਸਭ ਤਿਆਰੀ ਹੈ, ਦੁੱਧ ਛਕੋ। ਹਜ਼ੂਰ ਨੇ ਬਚਨ ਕੀਤਾ, "ਸ਼ੁਧ ਹੈ" ਤੇ ਆਪਣੇ ਆਸਣ ਤੋਂ ਉੱਠੇ ਅਤੇ ਦੁੱਧ ਛਕਣ ਵਾਲੇ ਆਸਣ ਦੇ ਨੇੜੇ ਆਏ ਹੀ ਸਨ ਅਚਾਨਕ ਡਿੱਗ ਪਏ ਤੇ ਆਪ ਹੀ ਉੱਠ ਖੜੋਤੇ। ਫਿਰ ਬਚਨ ਕੀਤਾ, "ਅੱਛਾ ਅੱਜ ਤੂੰ ਦੁੱਧ ਵੀ ਨਹੀਂ ਛਕਣ ਦਿੰਦਾ। ਤੇਰੀ ਮਰਜ਼ੀ ਹੈ ਫਿਰ ਆ ਜਾਂਦੇ ਹਾਂ।" ਕੌਣ ਤੈਨੂੰ ਅੱਗੇ ਬੁਲਾ ਰਿਹਾ ਹੈ। ਕਿਸਨੂੰ ਤੂੰ ਆਖੇਂ ਤੇਰੀ ਮਰਜ਼ੀ ਹੈ, ਸਭ ਤੇਰੇ ਚੋਜ ਹਨ। ਅਸੀਂ ਕੀ ਜਾਣੀਏ। **ਮੇਰੇ ਸਾਹਿਬ ਤੇਰੇ ਚੋਜ ਵਿਡਾਣਾ॥** ਜਦੋਂ ਹਜ਼ੂਰ ਡਿੱਗੇ ਸਨ ਇੱਕ ਮੋਢੇ ਉੱਤੇ ਨਿਸ਼ਾਨ ਪੈ ਗਿਆ ਸੀ, ਫਿਰ ਬਚਨ ਕੀਤਾ, "ਬਾਲਿਆ ਸਾਰਾ ਸਮਾਨਾ ਚੁੱਕ ਦੇ ਜੇ ਇਸਦੀ ਮਰਜ਼ੀ ਦੁੱਧ ਛਕਣ ਦੇਣ ਦੀ ਨਹੀਂ ਤਾਂ ਸ਼ੁਧ ਹੈ। **ਜੋ ਤੂੰ ਕਰਹਿ ਕਰਵਾਹਿ ਸੁਆਮੀ ਸਾ ਮਸਲਤ ਪਰਵਾਣ॥** ਮੁੜਕੇ ਫਿਰ ਜਿੱਥੋਂ ਉੱਠੇ ਸਨ, ਉਸੇ ਆਸਣ 'ਤੇ ਬਿਰਾਜ ਗਏ। ਕਦੇ-ਕਦੇ ਆਪਣੀ ਰਜ਼ਾ ਵਿੱਚ ਕੋਈ ਬਚਨ ਕਰਨਾ, ਨਹੀਂ ਤਾਂ ਅਨੰਦ ਰਹਿਣਾ, ਕੁਝ ਸਮਾਂ ਇਸ ਤਰ੍ਹਾਂ ਹੋਰ ਬੀਤਿਆ ਫਿਰ ਇੱਕ ਦਿਨ ਹੁਕਮ ਕੀਤਾ, "ਬਾਲਿਆ, ਡਰੋਲੀ ਵਾਲੇ ਦੋਹਾਂ ਜੀਆਂ ਨੂੰ ਹਾਜ਼ਰ ਕਰੋ।" ਹੁਕਮ ਉਪਰੰਤ ਭਾਈ ਰਤਨ ਸਿੰਘ ਡਰੋਲੀ ਤੇ ਜੈ ਕੌਰ ਨੇ ਹਾਜ਼ਰ ਹੋ ਕੇ ਬੇਨਤੀ ਕੀਤੀ। ਮਹਾਰਾਜ! ਅਸੀਂ ਡਰੋਲੀ ਵਾਲੇ ਦੋਵੇਂ ਜੀਅ ਹਾਜ਼ਰ ਹਾਂ। ਉਸ ਵਕਤ ਹਜ਼ੂਰ

ਨੇ ਬਚਨ ਕੀਤਾ, "ਹੁਣ ਸਮਾਂ ਨੇੜੇ ਹੈ, ਤੁਸੀਂ ਸਮਾਂ ਆਏ ਤੋਂ ਜਿੱਥੇ ਮਹਾਂਪੁਰਖ ਹੋਣ ਉਥੇ ਹੀ ਪਹੁੰਚ ਜਾਣਾ।" ਦੋਹਾਂ ਨੇ ਸਤ ਬਚਨ ਕੀਤਾ। ਬਾਬਾ ਜੀ ਨੇ ਬਚਨ ਕੀਤਾ "ਸ਼ੁਧ ਹੈ, ਜਾਉ ਸੇਵਾ ਕਰੋ।" ਫਿਰ ਸੰਤ ਨਰੈਣ ਸਿੰਘ ਜੀ ਨੂੰ ਸੰਬੋਧਨ ਕਰਕੇ ਬਚਨ ਕੀਤਾ, "ਬਾਲਿਆ, ਤਕੜਾ ਹੋ ਕੇ ਸੇਵਾ ਕਰੀਂ ਜੋ ਕੁਝ ਕਰਨਾ ਹੈ। ਅਸੀਂ ਆਪੇ ਕਰ ਕਰਾਈ ਜਾਵਾਂਗੇ।" ਸੰਤ ਨਰੈਣ ਸਿੰਘ ਜੀ ਨੇ ਭਰੇ ਮਨ ਨਾਲ ਸਤ ਬਚਨ ਕੀਤਾ। ਪ੍ਰਤੱਖ ਕਉਤਕ ਵਿਖਾਉਣ ਵਾਲਾ ਮਾਲਿਕ ਅੱਖਾਂ ਤੋਂ ਓਹਲੇ, ਸੇਵਕ ਹੈਰਾਨ ਸਨ ਇਹ ਹੋ ਕੀ ਰਿਹਾ ਹੈ। ਕੋਈ ਕਹਿ ਨਹੀਂ ਸੀ ਸਕਦਾ। ਸੇਵਕ-ਸੇਵਕ ਹੀ ਹੈ ਮਾਲਕ ਅੰਤ ਨੂੰ ਮਾਲਕ ਹੀ ਹੈ। ਕੋਈ ਕੁਝ ਕਰ ਨਹੀਂ ਸੀ ਸਕਦਾ। ਸੇਵਕ ਦਾ ਤਾਂ ਇਉਂ ਹੀ ਕਹਿਣਾ ਬਣਦਾ ਹੈ। ਗੁਰਵਾਕ ਹੈ:

**ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆਂ॥**

ਇੱਕ ਪਾਸੇ ਤਾਂ ਬਾਬਾ ਅਨੰਦ ਸਿੰਘ ਜੀ ਨੂੰ ਬਚਨ ਕਰ ਚੁੱਕੇ ਹਨ, "ਮਹਾਂਪੁਰਖੋ ਤੁਸੀਂ ਸਾਨੂੰ ਜਾਣ ਨਹੀਂ ਦਿੰਦੇ। ਸਾਨੂੰ ਤੁਹਾਡੇ ਉੱਤੇ ਮਾਇਆ ਪਾਉਣੀ ਪਵੇਗੀ। ਦੂਜੇ ਪਾਸੇ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਨੂੰ ਬਚਨ ਸੀ, "ਜਿੰਨੀ ਦੇਰ ਸਾਨੂੰ ਪੇਠੇ ਦਾ ਪ੍ਰਸ਼ਾਦ ਤੇ ਬਰਫੀ ਬਣਾ ਕੇ ਮਲੂਕੇ ਤੋਂ ਭੁੱਚੋ ਭੇਜੇਗਾਂ ਅਸੀਂ ਨਹੀਂ ਜਾਂਦੇ। ਇਸ ਸੇਵਾ ਨੂੰ ਹਾਕਮ ਸਿੰਘ ਗਿੱਲ ਅਤੇ ਗੁਰਮੁਖ ਸਿੰਘ ਦੋਨੋਂ ਵਾਰੀ-ਵਾਰੀ ਨੇਮ ਨਾਲ ਨਿਭਾਉਂਦੇ ਰਹੇ। ਪ੍ਰੰਤੂ ਇਸ ਸਮੇਂ ਪੰਡਿਤ ਸ੍ਰੀ ਰਾਮ ਸਿੰਘ ਜੀ ਵੀ ਬੀਮਾਰ ਹੋ ਗਏ। ਜਿਸ ਪੇਠੇ ਦਾ ਪ੍ਰਸ਼ਾਦ ਬਣਦਾ ਸੀ। ਉਹ ਪੇਠਾ ਆਗਰੇ ਤੋਂ ਵੀ ਨਾ ਮਿਲਿਆ। ਪੇਠੇ ਦਾ ਪ੍ਰਸ਼ਾਦ ਵੀ ਬੰਦ ਤੇ ਬਰਫੀ ਵੀ ਬੰਦ ਹੋ ਗਈ, ਦਰਗਾਹ ਨੂੰ ਜਾਣਾ ਸੀ। ਤੈਨੂੰ ਕੌਣ ਰੋਕੇ ਤੂੰ ਸਭ ਨੂੰ ਆਪਣੀ ਦਿੱਤੀ ਹੋਈ ਸੇਵਾ ਤੋਂ ਆਪ ਹੀ ਰੋਕ ਦਿੱਤਾ।

**ਆਪਿ ਉਪਾਵਨ ਆਪਿ ਸਧਰਨਾ ॥**
**ਆਪਿ ਕਰਾਵਨ ਦੋਸੁ ਨ ਲੈਨਾ ॥੧॥**
**ਆਪਨ ਬਚਨੁ ਆਪ ਹੀ ਕਰਨਾ ॥**
**ਆਪਨ ਬਿਭਉ ਆਪ ਹੀ ਜਰਨਾ ॥੧॥ ਰਹਾਉ ॥**
**ਆਪ ਹੀ ਮਸਟਿ ਆਪ ਹੀ ਬੁਲਨਾ ॥**
**ਆਪ ਹੀ ਅਛਲੁ ਨ ਜਾਈ ਛਲਨਾ ॥੨॥**

**ਆਪ ਹੀ ਗੁਪਤ ਆਪਿ ਪਰਗਟਨਾ ॥**
**ਆਪ ਹੀ ਘਟਿ ਘਟਿ ਆਪਿ ਅਲਿਪਨਾ ॥੩॥**
**ਆਪੇ ਅਵਿਗਤੁ ਆਪ ਸੰਗਿ ਰਚਨਾ ॥**
**ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥੪॥੨॥੭॥**

*(ਬਿਲਾਵਲੁ ਮ: ੫, ਅੰਗ ੮੦੩)*

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥**
**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥**

*(ਅੰਗ ੨੭੩)*

ਪੰਡਿਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲੇ ਲਗਾਤਾਰ ਤਿੰਨ ਸਾਲ ਪੇਠੇ ਦਾ ਪ੍ਰਸ਼ਾਦ ਅਤੇ ਬਰਫੀ ਰੋਜ਼ਾਨਾ ਬਣਾ ਕੇ ਭੇਜਦੇ ਰਹੇ ਅੰਤ ਸਮੇਂ ਦੇ ਵੇਲੇ ਤੱਕ ਇਹ ਨਿਯਮ ਜਿਤਨਾ ਸਮਾਂ ਆਪ ਪੂਰਾ ਕਰਾਇਆ ਤਾਂ ਪੂਰਾ ਹੋਇਆ। ਜਦੋਂ ਚਾਹਿਆ ਸੇਵਾ ਦਾ ਨਿਯਮ ਪੂਰਾ ਨਾ ਹੋ ਸਕਿਆ। **ਜਿਉ ਆਪਿ ਤਿਉ ਚਲਦੇ ਕਿਛ ਵਸਿ ਨ ਜੰਤਾ** ਹੋਰ ਗੁਰਵਾਕ ਹੈ:

**ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰ ਜਾਮੀ ॥**
**ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ ॥**
**ਜਨੁ ਨਾਨਮ ਹਾਟਿ ਵਿਹਾਝਿਆ**
**ਹਰਿ ਗੁਲਮ ਗੁਲਾਮੀ ॥੪॥੬॥੧੨॥੫੦॥**

*(ਅੰਗ ੧੬੮)*

ਇਕ ਦਿਨ ਬਚਨ ਕੀਤਾ, ਇਸ਼ਨਾਨ ਕਰੀਏ। ਇਸ਼ਨਾਨ ਕਰਨ ਸਮੇਂ ਕਈ-ਕਈ ਘੰਟੇ ਇਸ਼ਨਾਨ ਹੀ ਕਰਦੇ ਰਹਿੰਦੇ ਸਨ। ਇੱਕ ਸੇਵਾਦਾਰ ਨੇ ਕੋਲ ਖੜ੍ਹ ਕੇ ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹਿਣਾ। ਇਸ਼ਨਾਨ ਕਰਨ ਸਮੇਂ ਬਚਨ ਕੀਤਾ, ਸਾਰੇ ਮਾਈ ਭਾਈ ਮਿਲਕੇ ਇਸ਼ਨਾਨ ਕਰਾਉ। ਰਤਨ ਸਿੰਘ ਡਰੋਲੀ ਨੂੰ ਹੁਕਮ ਕੀਤਾ, ਤੂੰ ਅੱਜ ਜਪੁ ਜੀ ਸਾਹਿਬ ਦੇ ਪਾਠ ਸੁਣਾ ਲੈ। ਹੁਕਮ ਅਨੁਸਾਰ ਪਾਠ ਸੁਣਾਏ। ਅਖੀਰ ਤੇ ਬਚਨ ਕੀਤਾ, ਲਉ ਬਈ ਅੱਜ ਇਸ਼ਨਾਨ ਹੋ ਗਿਆ। ਬੱਸ ਹੁਣ ਨਹੀਂ ਕਰਨਾ ਅੱਗੇ ਨੂੰ, ਇਹ ਵੀ ਇੱਕ ਰਮਜ਼ ਸੀ। ਇਸ ਰਾਤ ਨੂੰ ਸ਼ਾਹੀ ਲਿਬਾਸ ਪਹਿਨਿਆ ਬੜੇ ਪ੍ਰਸੰਨ ਨਜ਼ਰ ਆ ਰਹੇ ਸਨ। ਪ੍ਰਸੰਨਤਾ ਵਾਲੇ ਹੀ ਬਚਨ ਕੀਤੇ ਰੋਗ, ਸੋਕ, ਦੁੱਖ ਦੂਰ ਕਰਨ ਵਾਲਿਆਂ

ਨੂੰ ਵਾਸਤਕ ਵਿੱਚ ਰੋਗ ਨਹੀਂ ਹੁੰਦਾ। **ਜਨਮ ਮਰਨ ਇਸ ਪੀੜਾ ਨਾਹੀ** ਦੇ ਵਾਕ ਅਨੁਸਾਰ ਸਭ ਕੁਝ ਹੋ ਰਿਹਾ ਸੀ। ਜੇ ਸਰੀਰ ਨੂੰ ਦੁੱਖ ਕਰ ਵੀ ਲੈਣ ਉਨ੍ਹਾਂ ਵਾਸਤੇ ਕੋਈ ਬੰਦਸ਼ ਨਹੀਂ। ਉਹ ਕਾਰਕ ਲੋਕ ਹਨ।

**ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ ॥**
**ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥**

*( ਸੂਹੀ ਮ: ੫, ਅੰਗ ੭੪੯)*

ਅਰਸ਼ੀ ਦਾਤਾ ਕਦੇ ਅਵਤਾਰ ਰੂਪ ਹੋ ਕੇ ਜਗਤ ਵਿੱਚ ਆਇਆ। ਕਦੇ ਗੁਰੂ ਰੂਪ ਹੋ ਕੇ ਸੰਸਾਰ ਵਿੱਚ ਆਇਆ। ਦਸ ਜਾਮੇ ਧਾਰਨ ਕੀਤੇ, ਕਿਸੇ ਵਕਤ ਸੰਤ ਰੂਪ ਹੋ ਕੇ ਸੰਸਾਰ ਵਿੱਚ ਆਇਆ। ਜਗਤ ਜਲੰਦੇ ਨੂੰ ਠੰਡ ਪਾਈ। ਭਲਾ ਕੀਤਾ, ਕਦੇ ਕਿਵੇਂ ਤੇ ਕਦੇ ਕਿਵੇਂ। ਪ੍ਰੰਤੂ ਸੰਸਾਰ ਉਸ ਸਮੇਂ ਇਨ੍ਹਾਂ ਵੱਲੋਂ ਬੇਖ਼ਬਰ ਹੀ ਰਿਹਾ। ਸੰਤ ਰੂਪ ਹੋ ਕੇ ਫਰਸ਼ ਤੇ ਆਇਆ ਜੀਵਨ ਦੇ ਕੇ ਜਗਤ ਜਲੰਦੇ ਨੂੰ ਠੰਡ ਪਾ ਕੇ ਫਰਸ਼ ਤੋਂ ਅਰਸ਼ ਨੂੰ ਜਾਣ ਦੀ ਤਿਆਰੀ ਵਿੱਚ ਹੈ। ਫਰਸ਼ ਵੀ ਉਸਦਾ ਘਰ ਹੈ ਤੇ ਅਰਸ਼ ਵੀ ਉਸਦਾ ਘਰ ਹੈ:

**ਸਭਨੀ ਥਾਂਈ ਰਵਿਆ ਆਪਿ ॥**
**ਆਦਿ ਜੁਗਾਦਿ ਜਾ ਕਾ ਵਡ ਪਰਤਾਪੁ ॥**

*(ਬਿਲਾਵਲ ਮ: ੫, ਅੰਗ ੮੦੧)*

ਚਿਹਰੇ ਤੇ ਅਨੋਖਾ ਜਲਾਲ ਹੈ। ਬਚਨਾਂ ਵਿੱਚ ਅਗੰਮੀ ਸੁਆਦ ਹੈ। ਸੰਤ ਕਹਿਣ ਮਾਤਰ ਹੀ ਸੰਤ ਹੈ। **ਕੋਟਿ ਬ੍ਰਹਿਮੰਡ ਕੋ ਠਾਕੁਰ ਸੁਆਮੀ ਸਰਬ ਜੀਆ ਕਾ ਦਾਤਾ ਰੇ ॥** ਸਭਨਾਂ ਨੂੰ ਰੱਬੀ ਕੌਤਕ ਵਿਖਾਏ ਸਭਨਾਂ ਨੂੰ ਪ੍ਰਮਾਰਥ ਦੀਆਂ ਮੰਜ਼ਲਾਂ ਉੱਤੇ ਪਹੁੰਚਾਇਆ। ਰਹਿਣੀ-ਬਹਿਣੀ ਸਾਦੀ ਸਭ ਕੁਝ ਕਰਕੇ ਸਭ ਕੁਝ ਦਿਖਾ ਕੇ ਆਪ ਫਿਰ ਵੀ ਗੁਪਤ ਰਹੇ। ਅੰਤ ਸਮੇਂ ਬਾਬਾ ਅਨੰਦ ਸਿੰਘ ਜੀ ਨੂੰ ਵੀ ਬਚਨ ਕਰ ਦਿੱਤੇ, 'ਮਹਾਂਪੁਰਖੋ ਸਾਨੂੰ ਤੁਹਾਡੇ ਉੱਤੇ ਮਾਇਆ ਪਾਉਣੀ ਪਵੇਗੀ। ਜਿਸ ਨਗਰ ਵਿੱਚ ਰਹੇ ਕਾਰਜ ਸਭ ਦੇ ਕੀਤੇ ਪਰ ਗੁਪਤ ਰਹੇ ਰਹਿਣ ਵਾਸਤੇ ਇਲਾਕਾ ਵੀ ਐਸਾ ਚੁਣਿਆ। ਲੋਕ ਸਿੱਧੇ ਸਾਦੇ ਅਤੇ ਭੋਲੇ ਭਾਲੇ ਕਈ ਗੱਲਾਂ ਅਨਜਾਣਾਂ ਵਾਂਗ ਕਹਿ ਜਾਣੀਆਂ। ਕੋਈ ਭਵਿੱਖਤ ਬਚਨ ਕਰਨਾ ਤਾਂ ਕਿਸੇ ਨਗਰ ਨਿਵਾਸੀ ਨੇ ਸੁਨਣਾ ਤੇ ਕਹਿਣਾ। ਬਾਬਾ ਇਹ ਤਾਂ ਗੱਲ ਹੈ, ਇਹ

ਨਹੀਂ ਹੋ ਸਕਦਾ। ਅੱਜ ਬਚਨ ਸੱਚੇ ਹੋ ਰਹੇ ਹਨ। ਸਭ ਵੇਖ ਰਹੇ ਹਨ। ਰਾਮ ਕਿਸੇ ਵੀ ਰੂਪ ਵਿੱਚ ਆਇਆ, ਪ੍ਰੰਤੂ ਸਿਆਣਿਆਂ ਕਿਸੇ ਵਿਰਲੇ ਨੇ ਹੀ

**ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹਿ ਅੰਤਰੁ ਨਾਹੀ ॥**

*(ਆਸਾ ਰਵਿਦਾਸ, ਅੰਗ ੪੮੬)*

ਸੇਵਕ ਜਨੋ ਭਾਗਾਂ ਵਾਲਿਓ, ਅੱਜ ਰਾਮ ਨੇ ਜਿਸ ਰੂਪ ਨੂੰ ਧਾਰਨ ਕਰਕੇ ਤੁਹਾਨੂੰ ਦਰਸ਼ਨ ਦਿੱਤੇ, ਧਰਤੀ ਨੂੰ ਭਾਗ ਲਾਏ, ਨਾਮ ਜਪਾਇਆ, ਬਾਣੀ ਦਾ ਇਕ-ਇਕ ਅੱਖਰ ਸੱਚ ਕਰਕੇ ਦਿਖਾਇਆ, ਜਿਨ੍ਹਾਂ ਨੇ ਬਚਨ ਮੰਨ ਕੇ ਨਿਤਨੇਮ ਕੀਤਾ,

**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥**

*(ਨਟਮ ੪, ਅੰਗ ੯੮੨)*

ਪਰਤੱਖ ਨਿਸਤਾਰੇ ਕਰਨ ਵਾਲਾ ਆਪ **ਸੰਤ ਅਨੰਤਹਿ ਅੰਤਰੁ ਨਾਹੀ ॥** ਉਹ ਆਪਣਾ ਸੰਤ ਸਰੂਪ ਵੀ ਅੱਖਾਂ ਤੋਂ ਓਹਲੇ ਕਰ ਰਿਹਾ ਹੈ। ਕਦੇ ਸਰੀਰ ਧਾਰਨ ਕਰਕੇ ਸਭ ਕੁਝ ਕਰਾਇਆ ਤੇ ਵੇਖਿਆ। ਉਹ ਰਾਮ ਅੱਜ ਤੋਂ ਸਰੀਰ ਅਲੋਪ ਕਰਕੇ ਸਭੁ ਕੁਝ ਕਰੇਗਾ-ਕਰਾਏਗਾ। ਫਿਰ ਵੇਖ ਕੇ ਵਿਗਸੇਗਾ। ਸ਼ਾਮ ਦਾ ਲੰਗਰ ਪੱਕ ਕੇ ਆਇਆ, ਸਾਰੀ ਮਰਿਆਦਾ ਜਿਸ ਤਰ੍ਹਾਂ ਅੱਗੇ ਕਰਦੇ ਸਨ, ਕਰਾਈ। ਅੱਜ ਰਹਿਰਾਸ ਦਾ ਪਾਠ ਸੁਣਿਆ, ਅਰਦਾਸ ਹੋਈ ਸ਼ਾਮ ਨੂੰ ਅੱਗੇ ਤਾਂ ਸੰਗਤ ਨੂੰ ਥਾਉਂ ਥਾਈਂ ਜਾ ਕੇ ਆਰਾਮ ਕਰਨ ਦਾ ਹੁਕਮ ਹੁੰਦਾ ਸੀ। ਪ੍ਰੰਤੂ ਅੱਜ ਕੁਝ ਨਹੀਂ ਬੋਲੇ। ਤਕਰੀਬਨ ਅੱਠ ਕੁ ਵਜੇ ਸ਼ਾਮ ਹੋਈ ਬਚਨ ਕੀਤਾ, "ਬਾਲਿਆ ਸਾਡੇ ਚਰਨ ਘੁੱਟ ਦੇਹ।" ਸੰਤ ਨਰੈਣ ਸਿੰਘ ਜੀ ਸੇਵਾ ਕਰਨ ਲੱਗ ਪਏ। ਸੰਤ ਨਰੈਣ ਸਿੰਘ ਜੀ ਨੇ ਬੇਨਤੀ ਕੀਤੀ ਮਹਾਰਾਜ ! ਤੁਹਾਡਾ ਤਾਂ ਸਰੀਰ ਤਪ ਰਿਹਾ ਹੈ। ਜਿਵੇਂ ਤਾਪ ਚੜ੍ਹਿਆ ਹੋਵੇ। ਅੱਗੋਂ ਬਚਨ ਕੀਤਾ, 'ਸ਼ੁਧ ਹੈ'। ਇਸ ਸਮੇਂ ਮਾਈ ਖੇਮ ਕੌਰ ਜੰਡਾਂ ਵਾਲੇ ਵਾਲੀ ਹਜ਼ੂਰੀ ਵਿੱਚ ਸੀ ਉਸਨੇ ਬੇਨਤੀ ਕੀਤੀ। ਮਹਾਰਾਜ ਸੁੱਖ ਤਾਂ ਹੈ ਅੱਗੋਂ ਬਚਨ ਕੀਤਾ, "ਖੇਮੀਏ ਅਸੀਂ ਸਰੀਰ ਛੱਡਣ ਲੱਗੇ ਹਾਂ, ਖੇਮੀ ਨੇ ਰੋ ਕੇ ਬੇਨਤੀ ਕੀਤੀ ਜੀ ਸਾਡਾ ਕੌਣ ਹੈ ? ਅਸੀਂ ਕਿਸਦਾ ਦਰਸ਼ਨ ਕਰਾਂਗੇ ?

**ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥**
**ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥**

*(ਮਾਰੂ ਵਾਰ ਡਖਣੇ, ਅੰਗ ੧੦੯੪)*

ਤਾਂ ਬਚਨ ਕੀਤਾ, "ਖੇਮੀਏ ! ਜੋ ਨਿਤਨੇਮ ਕਰਦੀ ਹੈਂ ਕਰੀ ਜਾਈਂ। ਤੈਨੂੰ ਬੈਠੇ ਹੀ ਦਿਸਿਆਂ ਕਰਾਂਗੇ।" ਇਹ ਬਚਨ ਮਾਈ ਖੇਮ ਕੌਰ ਦੀ ਲੜਕੀ ਬੀਬੀ ਸ਼ਾਮ ਕੌਰ ਨੇ ਦੱਸੇ, ਜੋ ਉਸ ਸਮੇਂ ਕੋਲ ਹੀ ਸੀ। ਜੋਤ ਵਿੱਚ ਜੋਤ ਮਿਲ ਗਈ ਭਾਣਾ ਵਰਤਾ ਗਏ। ਸੇਵਕਾਂ ਦੇ ਨੇਤਰ ਭਰ-ਭਰ ਕੇ ਡੁੱਲ ਰਹੇ ਸਨ ਕਿਸੇ ਨੂੰ ਕੁਝ ਨਹੀਂ ਸੀ ਸੁਝਦਾ। ਇਸ ਤੋਂ ਬਿਨਾਂ ਨਾ ਕੋਈ ਕੁਝ ਕਰ ਸਕਦਾ ਸੀ ਨਾ ਕੁਝ ਕਰਨ ਜੋਗਾ ਹੀ ਸੀ। ਪੋਹ ਵਦੀ ਸੱਤ ਸੰਨ 1927 ਸੰਸਾਰ ਵਿੱਚ ਵੀ ਹਨੇਰਾ ਬਾਬਾ ਜੀ ਸਰੀਰ ਤਿਆਗ ਗਏ **ਅੰਧੇਰੈ ਗਹੁ ਨ ਕੋਈ ॥** ਦਿਨ ਚੜ੍ਹਿਆ ਠੀਕ ਇਸ ਸਮੇਂ ਮਾਝੇ ਤੋਂ ਸ. ਖੁਸ਼ਹਾਲ ਸਿੰਘ ਕਿਸੇ ਕੰਮ ਇਸ ਇਲਾਕੇ ਵਿੱਚ ਆਇਆ ਸੀ। ਸੋਚਿਆ ਭੁੱਚੋ ਦਰਸ਼ਨ ਕਰ ਆਵਾਂ ਆ ਕੇ ਵੇਖਿਆ ਸੁਣਿਆ ਕਿ ਬਾਬਾ ਜੀ ਸਰੀਰ ਤਿਆਗ ਗਏ ਹਨ। ਹੈਰਾਨ ਪ੍ਰੇਸ਼ਾਨ ਹੋ ਗਿਆ। ਇੱਥੇ ਸੇਵਕਾਂ ਅਤੇ ਸੰਗਤ ਨਾਲ ਸਲਾਹ ਕਰਕੇ ਕਿ ਬਾਬਾ ਅਨੰਦ ਸਿੰਘ ਜੀ ਨੂੰ ਮਾਝੇ ਜਵਾਬੀ ਤਾਰ ਪਾ ਦਿੱਤੀ। ਪਹੁੰਚਣ ਸਾਰ ਹੀ ਬਾਬਾ ਅਨੰਦ ਸਿੰਘ ਜੀ ਨੇ ਉੱਤਰ ਭੇਜ ਦਿੱਤਾ ਕਿ ਅਸੀਂ ਆ ਰਹੇ ਹਾਂ। ਇਧਰ ਸੰਗੀ ਸੇਵਕ ਸੰਤ ਬਹਾਲ ਦਾਸ ਜੀ ਜੱਸੀ ਪੌ ਵਾਲੀ ਤੇ ਪੰਡਿਤ ਸ੍ਰੀ ਰਾਮ ਸਿੰਘ ਜੀ ਮਲੂਕੇ ਤੋਂ ਪਹੁੰਚ ਗਏ। ਨਗਰ ਨਿਵਾਸੀ ਸੰਗਤ ਵੀ ਹੌਲੀ-ਹੌਲੀ ਆ ਰਹੇ ਸਨ। ਸੇਮੇ ਤੋਂ ਪ੍ਰੇਮੀ ਵੀ ਕੁਝ ਪਹੁੰਚ ਗਏ। ਲਹਿਰੇ ਖਾਨੇ ਤੋਂ ਸੰਤ ਵਧਾਵਾ ਸਿੰਘ ਜੀ ਤੇ ਪੰਡਿਤ ਕਿਸ਼ਨ ਸਿੰਘ ਦੱਸਦੇ ਹਨ, ਕਈਆਂ ਪ੍ਰੇਮੀਆਂ ਨੇ ਪੱਕੀ ਮਨ ਵਿੱਚ ਧਾਰੀ ਸੀ ਕਲੇਰਾਂ ਵਾਲੇ ਜੋ ਕਹਿਣਗੇ, ਉਨ੍ਹਾਂ ਦੇ ਆਇਆ ਤੋਂ ਕਰਾਂਗੇ। ਬਚਨ ਤਾਂ ਸੀ, "ਮਹਾਂਪੁਰਖੋ ਤੁਹਾਡੇ ਉੱਤੇ ਮਾਇਆ ਪਾ ਕੇ ਜਾਵਾਂਗੇ, ਉਹ ਮਾਇਆ ਭੁਲੇਖਾ।

ਐਸਾ ਮਨ ਭਰ ਗਿਆ ਸੇਮੇਂ ਨਗਰ ਦੇ ਲੋਕ ਕਹਿਣ ਲੱਗੇ ਅਸੀਂ ਰੂਮੀ ਲੈ ਜਾ ਕੇ ਸਸਕਾਰ ਕਰਾਂਗੇ। ਭੁੱਚੋ ਨਗਰ ਦੀ ਸੰਗਤ ਨੇ ਕਿਹਾ ਸੇਮੇ ਵਾਲਿਓ ਉਹ ਵੇਲਾ ਯਾਦ ਕਰੋ ਜਦੋਂ ਤੁਸੀਂ ਖਿੱਚ ਕੇ ਖੂਹ ਤੋਂ ਬਾਹਰ ਸੁੱਟ ਆਏ ਸੀ। ਇਨ੍ਹਾਂ ਗੱਲਾਂ ਨੂੰ ਲੈ ਕੇ ਤਕਰਾਰ ਹੁੰਦਾ ਰਿਹਾ। ਇਸੇ ਸਮੇਂ ਦੌਰਾਨ ਇਸ਼ਨਾਨ ਕਰਾ ਕੇ ਬਾਬਾ ਜੀ ਦਾ ਪਾਵਨ ਸਰੀਰ ਜਿਸ ਪਾਸੇ ਅੰਮ੍ਰਿਤ ਵਾਲੀ ਕੋਠੜੀ ਹੈ ਉਥੇ ਪਲੰਘ ਵਿਛਾ ਕੇ ਟਿਕਾ ਦਿੱਤਾ ਗਿਆ। ਬਹੁਤ ਰੋਲਾ ਸੁਣ ਕੇ ਕੱਚੀ ਭੁੱਚੋ ਵਾਲੇ ਭਾਈਕੇ ਸਰਦਾਰ ਵੀ ਪਹੁੰਚ ਗਏ। ਪ੍ਰੰਤੂ ਮਾਲਕਾਂ ਦੀ ਤਾਂ ਰਜ਼ਾ

ਹੀ ਹੋਰ ਕੁਝ ਸੀ, ਬੰਦਾ ਕੀ ਕਰ ਸਕਦਾ ਹੈ। ਸ. ਖੁਸ਼ਹਾਲ ਸਿੰਘ ਨੇ ਬਾਬਾ ਅਨੰਦ ਸਿੰਘ ਜੀ ਨੂੰ ਜਵਾਬੀ ਤਾਰ ਪਾ ਦਿੱਤਾ ਸੀ, ਉੱਤਰ ਵਿੱਚ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ ਸੀ ਕਿ ਪਹੁੰਚ ਰਹੇ ਹਾਂ ਫਿਕਰ ਨਾ ਕਰੋ ਅਤੇ ਜਲਦੀ ਹੀ ਮਾਝੇ ਤੋਂ ਸੰਗਤ ਲੈ ਕੇ ਇੱਕ ਬੱਸ ਭਰ ਕੇ ਬਾਬਾ ਅਨੰਦ ਸਿੰਘ ਜੀ ਭੁੱਚੋ ਨੂੰ ਚੱਲ ਪਏ। ਰਜ਼ਾ ਬਾਬਾ ਮਹਾਂ ਹਰਿਨਾਮ  ਸਿੰਘ ਜੀ ਦੀ, ਗੁਰਬਾਣੀ ਵਿੱਚ ਹੁਕਮ ਹੈ: "ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ" ਹੋ ਰਿਹਾ ਸੀ। ਇੱਧਰ ਭੁੱਚੋ ਵਿੱਚ ਸੇਵਕ ਵੈਰਾਗ ਵਾਨ ਹੋਇ ਇੱਕ ਪਾਸੇ। ਇੱਕ ਪਾਸੇ ਸਸਕਾਰ ਕਰਨ ਸੰਬੰਧੀ ਰੌਲਾ ਇੱਕ ਪਾਸੇ ਬਾਬਾ ਅਨੰਦ ਸਿੰਘ ਜੀ ਦੀ ਉਡੀਕ ਹੋ ਰਹੀ ਸੀ ਦਿਨ ਢਲਦਾ ਜਾ ਰਿਹਾ ਸੀ। ਨਿਰੰਕਾਰ ਦੀ ਮਾਇਆ ਐਸੀ ਵਰਤੀ ਰਸਤੇ ਵਿੱਚ ਬਾਬਾ ਅਨੰਦ ਸਿੰਘ ਜੀ ਵਾਲੀ ਬੱਸ ਖਰਾਬ ਹੋ ਗਈ। ਮੌਕੇ ਤੇ ਪਹੁੰਚ ਨਾ ਸਕੇ। ਇੱਧਰ ਪੰਡਿਤ ਕਿਸ਼ਨ ਸਿੰਘ ਲਹਿਰੇ ਖਾਨੇ ਵਾਲਾ ਛੇਤੀ ਸਸਕਾਰ ਕਰਨ ਵਾਸਤੇ ਜ਼ੋਰ ਦੇ ਰਿਹਾ ਸੀ। ਅਚਾਨਕ ਹੀ ਮਾਈ ਖੇਮ ਕੌਰ ਝੰਡਾਂ ਵਾਲੀ ਤੇ ਜੈ ਕੌਰ ਡਰੌਲੀ ਵਾਲੀਆਂ ਨੇ ਦੇਖਿਆ ਕਿ ਬਾਬਾ ਜੀ ਦੇ ਮਸਤਕ ਉੱਤੇ ਇਸ ਤਰ੍ਹਾਂ ਮਲੂਮ ਹੋਇਆ। ਜਿਵੇਂ ਪਸੀਨੇ ਦੀਆਂ ਬੂੰਦਾਂ ਆਈਆਂ ਹੋਣ। ਪੰਡਿਤ ਕਿਸ਼ਨ ਸਿੰਘ ਜਿਹੜਾ ਸਸਕਾਰ ਕਰਨ ਲਈ ਜ਼ੋਰ ਦੇ ਰਿਹਾ ਸੀ ਆਖਦਾ ਸੀ, ਸਰੀਰ ਖਰਾਬ ਹੋ ਜਾਵੇਗਾ। ਉਸਨੂੰ ਵਿਖਾ ਕੇ ਦੱਸਿਆ ਪੰਡਿਤ ਜੀ ਵੇਖੋ ਮੱਥੇ ਉੱਤੇ ਮੁੜਕਾ ਆਇਆ ਹੋਇਆ, ਤੂੰ ਕੀ ਸਮਝਦਾ ਹੈ ਕਿ ਸਰੀਰ ਖ਼ਰਾਬ ਹੋ ਜਾਵੇਗਾ। ਪੰਡਿਤ ਕਿਸ਼ਨ ਸਿੰਘ ਨੇ ਹੱਥ ਨਾਲ ਸਾਫ ਕਰਕੇ ਆਖਿਆ ਕੇਸੀ ਇਸ਼ਨਾਨ ਕਰਾਇਆ ਹੈ। ਸਿਰ ਵੱਲੋਂ ਪਾਣੀ ਆਇਆ ਹੈ ਇਸ ਤਰ੍ਹਾਂ ਆਖ ਕੇ ਚੁੱਪ ਕਰਾ ਦਿੱਤਾ। ਇਸ ਤਰ੍ਹਾਂ ਉਪਰੋਂ ਥੱਲ੍ਹੇ ਕਈ ਵਾਰੀ ਸਿਰਫ਼ ਮੱਥੇ ਉੱਤੇ ਪਸੀਨਾ ਆਉਂਦਾ ਰਿਹਾ। ਪੰਡਿਤ ਕਿਸ਼ਨ ਸਿੰਘ ਸਾਫ ਕਰ ਦਿੰਦਾ ਰਿਹਾ। ਮਾਈਆਂ ਦੇ ਬਹੁਤ ਕਹਿਣ ਤੇ ਪੰਡਿਤ ਕਿਸ਼ਨ ਸਿੰਘ ਨੇ ਘੂਰ ਕੇ ਉਨ੍ਹਾਂ ਨੂੰ ਚੁੱਪ ਕਰਾ ਦਿੱਤਾ। ਫਿਰ ਗੱਲ ਚੱਲੀ ਕਲੇਰਾਂ ਵਾਲੇ ਰਿਖੀ ਜੀ ਨਹੀਂ ਆਉਂਦੇ, ਜੇ ਆਉਣਾ ਹੁੰਦਾ ਹੁਣ ਨੂੰ ਆ ਜਾਂਦੇ ਸਸਕਾਰ ਕਰੀਏ। ਫਿਰ ਕਿੱਥੇ ਕਰੀਏ ਇਹ ਸਵਾਲ ਵੀ ਨਾਲ ਪੈਦਾ ਹੋ ਗਿਆ। ਠੀਕ ਉਸੇ ਸਮੇਂ ਚਿੰਤ ਰਾਮ ਅਵਧੂਤ ਬੋਲ ਉਠਿਆ ਤੇ ਭੱਜ ਕੇ ਟਿੱਲੇ ਉੱਤੇ ਚੜ੍ਹ ਗਿਆ ਤੇ ਬੋਲਿਆ ਇੱਥੇ 4-5 ਵਾਰ ਬੋਲਿਆ, ਬੱਸ ਇਸੇ ਗੱਲ ਨੂੰ ਹੀ ਸਭ

ਨੇ ਸੱਚ ਮੰਨ ਲਿਆ। ਉਥੇ ਹੀ ਤਿਆਗੀ ਸਸਕਾਰ ਕਰਨ ਦੀ ਸ਼ੁਰੂ ਕਰ ਦਿੱਤੀ। ਅੰਗੀਠਾ ਤਿਆਰ ਹੋ ਗਿਆ। ਪਾਵਨ ਸਰੀਰ ਉੱਪਰ ਚੁੱਕ ਕੇ ਲੈ ਗਏ। ਉਥੇ ਹੀ ਸਭ ਨੂੰ ਦਰਸ਼ਨ ਕਰਾਏ ਜੋ ਪ੍ਰੇਮੀ ਦਰਸ਼ਨ ਕਰਨ ਵਾਲੇ ਸੇਵਾਦਾਰ ਸਨ ਉਨ੍ਹਾਂ ਦੇ ਮਨ ਤੇ ਕੀ ਵਾਪਰੀ ਉਹੀ ਜਾਣਦੇ ਹਨ ਬੇ-ਕਦਰੇ ਕੀ ਜਾਨਣ।

**ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥**

*(ਸੂਹੀ ਸ੍ਰੀ ਰਵਿਦਾਸ ਜੀ, ਅੰਗ ੭੯੩)*

ਕਿਸੇ ਨੇ ਸਮੇਂ ਅਨੁਸਾਰ ਬਾਬਾ ਜੀ ਨੂੰ ਨਾ ਪਛਾਣਿਆ। ਨਾ ਕਦਰ ਕੀਤੀ ਗੁਪਤ ਆਏ ਗੁਪਤ ਰਹੇ। ਗੁਪਤ ਹੀ ਆਪਣੇ ਪਾਵਨ ਸਰੀਰ ਨੂੰ ਲੈ ਗਏ ਜੋ ਸਮੱਗਰੀ ਉਸ ਵੇਲੇ ਤਿਆਰ ਸੀ। ਉਪਰ ਪਾ ਦਿੱਤੀ ਵਾਹ ਵਾਹ ਤੇਰੀਆਂ ਤੂੰ ਜਾਣੇ।

**ਜੋ ਤੁਧ ਭਾਵੇ ਸੋਈ ਚੰਗਾ ਇੱਕ ਨਾਨਕ ਕੀ ਅਰਦਾਸੇ॥**

*(ਬਿਲਾਵਲ ਮ: ੧, ਅੰਗ ੭੯੫)*

**ਜੋ ਤੁਧੁ ਭਾਵੇ ਸਾਈ ਭਲੀਕਾਰ॥ ਤੂੰ ਸਦਾ ਸਲਾਮਤਿ ਨਿਰੰਕਾਰ॥**

*(ਜਪੁ ਜੀ ਸਾਹਿਬ, ਪਉੜੀ ੩)*

ਸੰਤ ਬਹਾਲ ਦਾਸ ਜੀ ਨੇ ਅੰਗੀਠੇ ਨੂੰ ਅਗਨੀ ਦਿਖਾਈ। ਅਗਨੀ ਪ੍ਰਚੰਡ ਹੋਣ ਤੋਂ ਬਾਅਦ ਅੱਧਾ-ਕੁ-ਸਸਕਾਰ ਹੋ ਗਿਆ। ਇੱਕ ਜ਼ੋਰਦਾਰ ਧਮਾਕਾ ਹੋਇਆ। ਸਾਰਾ ਅੰਗੀਠਾ ਖਿੰਡ ਗਿਆ। ਫਿਰ ਇਕੱਠਾ ਕਰਕੇ ਦੁਬਾਰਾ ਅਗਨੀ ਲਾਈ ਗਈ। ਫਿਰ ਬਾਕੀ ਸਸਕਾਰ ਹੋਇਆ। ਤਕਰੀਬਨ ਘੰਟਾ ਭਰ ਦਿਨ ਰਹਿੰਦੇ ਤੋਂ ਬਾਬਾ ਅਨੰਦ ਸਿੰਘ ਜੀ ਵੀ ਪਹੁੰਚ ਗਏ। ਜਿੱਥੇ ਅੱਜਕੱਲ ਸਕੂਲ ਹੈ ਇੱਥੇ ਬੱਸ ਰੁਕੀ ਧੂੰਆਂ ਦੂਰ ਤੋਂ ਨਜ਼ਰ ਆ ਰਿਹਾ ਸੀ। ਉਥੋਂ ਹੀ ਬਾਬਾ ਅਨੰਦ ਸਿੰਘ ਜੀ ਨੇ ਖੜ੍ਹੇ ਹੋ ਕੇ ਅਰਦਾਸ ਕੀਤੀ। ਨੇਤਰਾਂ ਵਿੱਚ ਵੈਰਾਗ ਦਾ ਜਲ, ਗਲ ਪੱਲਾ, ਮਨ ਹੀ ਵਿੱਚ ਬੇਨਤੀਆਂ ਕੀਤੀਆਂ। ਇਹ ਤਾਂ ਆਪ ਜੀ ਹੀ ਜਾਣਦੇ ਹਨ। ਜੋ ਮਨ ਦੀ ਇੱਛਾ ਸੀ, ਮਨ ਵਿੱਚ ਹੀ ਰਹਿ ਗਈ। ਮਾਲਕਾਂ ਨੇ ਪੂਰੀ ਨਾ ਹੋਣ ਦਿੱਤੀ। ਅਸੀਂ ਮਾਇਆ ਪਾਵਾਂਗੇ। ਉਹ ਬਚਨ ਅੱਖਰ-ਅੱਖਰ ਸੱਚ ਹੋ ਗਿਆ। ਡੇਰੇ ਦੇ ਕੋਲ ਪਹੁੰਚ ਕੇ ਸੰਗਤ ਨੂੰ ਸੰਬੋਧਨ ਕਰਕੇ ਬਚਨ ਕੀਤਾ। ਨਗਰ ਨਿਵਾਸਿਓ ਪਿਆਰਿਓ ਮਹਾਂਪੁਰਖ ਦੀ ਕਦਰ ਨਾ ਪਾਈ। ਜਿਉਂਦਿਆਂ ਦਾ ਹੀ ਸਸਕਾਰ ਕਰ ਦਿੱਤਾ। ਸਾਨੂੰ ਉਡੀਕ ਲੈਂਦੇ ਕਾਹਲੀ ਕਿਉਂ ਕੀਤੀ। ਹਾਂ ਤੁਸੀਂ ਕੁਝ ਨਾ ਸੋਚਿਆ ਵਿਚਾਰਿਆ। ਉਸ ਸਮੇਂ ਇਉਂ ਮਾਲੂਮ ਹੋ ਰਿਹਾ ਸੀ, ਜਿਵੇਂ ਧਰਤੀ ਕੰਬ ਰਹੀ ਹੋਵੇ ਬਾਬਾ ਅਨੰਦ ਸਿੰਘ ਜੀ ਡੇਰੇ ਵਿੱਚ ਆਏ

ਟਿੱਲੇ ਉਪਰ ਗਏ ਅੰਗੀਠੇ ਦੀਆਂ ਪ੍ਰਕਰਮਾਂ ਕੀਤੀਆਂ। ਫਿਰ ਜ਼ਿਕਰ ਚੱਲਿਆ ਅੰਗੀਠੇ ਨੂੰ ਅੱਗ ਕਿਸ ਨੇ ਦਿਖਾਈ ਤਾਂ ਨਾਮ ਲਿਆ ਸੰਤ ਬਹਾਲ ਦਾਸ ਜੀ ਦਾ। ਬਾਬਾ ਅਨੰਦ ਸਿੰਘ ਜੀ ਨੇ ਗੱਜ ਕੇ ਬਚਨ ਕੀਤਾ ਸੱਦੋ ਬਹਾਲ ਦਾਸ ਕਿੱਥੇ ਹੈ ? ਉਸ ਸਮੇਂ ਬਹਾਲ ਦਾਸ ਜੀ ਕਿਤੇ ਲੁਕ ਗਏ ਸਾਹਮਣੇ ਨਹੀਂ ਆਏ। ਨਗਰ ਨਿਵਾਸੀਆਂ ਦੇ ਰੋਕਦੇ-ਰੋਕਦੇ ਬਗ਼ੈਰ ਜਲ ਪਾਣੀ ਵਰਤੇ ਤੋਂ ਮੰਡੀ ਵੱਲ ਚਲੇ ਗਏ। ਸਵੇਰ ਦੇ ਮਾਝੇ ਤੋਂ ਚੱਲੇ ਜਲ ਪਾਣੀ ਨਹੀਂ ਵਰਤਿਆ। **ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥** ਫਿਰ ਭੁੱਚੋ ਮੰਡੀ ਪਹੁੰਚ ਕੇ ਜਲ ਪਾਣੀ ਵਰਤਿਆ। ਭੁੱਚੋ ਨਗਰ ਤੋਂ ਕੁਝ ਮਾਈਆਂ ਵੀ ਪਹੁੰਚ ਗਈਆਂ। ਲਾਲਾ ਦਿਲ ਸੁਖ ਰਾਇ ਵੀ ਮੰਡੀ ਮਿਲ ਗਿਆ। ਸਭ ਨੇ ਮਿਲ ਕੇ ਜਲ ਪਾਣੀ ਛਕਾਇਆ। ਇਸ ਤੋਂ ਉਪਰੰਤ ਬਾਬਾ ਅਨੰਦ ਸਿੰਘ ਜੀ ਭੁੱਚੋ ਨਹੀਂ ਗਏ। ਦੁਸਹਿਰਾ ਹੋ ਗਿਆ, ਭੋਗ ਪੈ ਗਿਆ। ਸਭ ਕੁਝ ਸਮਾਪਤ ਹੋ ਗਿਆ। ਇਸ ਪ੍ਰਸੰਗ ਦੇ ਮੁੱਢ ਵਿੱਚ ਜੋ ਗੁਰਬਾਣੀ ਦਾ ਸ਼ਬਦ ਲਿਖਿਆ ਹੈ ਅਸਲੀ ਸੋਝੀ ਉਸ ਸ਼ਬਦ ਵਿਚੋਂ ਮਿਲਦੀ ਹੈ। ਭੁੱਲ ਚੁੱਕ ਦੀ ਖਿਮਾ ਜੋ ਹੋਇਆ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਰਜ਼ਾ ਅਨੁਸਾਰ ਹੀ ਹੈ। ਕੋਈ ਕੀ ਕਰ ਸਕਦਾ ਹੈ।

**1.**

ਇੱਥੇ ਸਾਰੇ ਪ੍ਰਕਿਰਿਆ ਦੀ ਸਮਾਪਤੀ ਉੱਤੇ ਸੰਤ ਨਰੈਣ ਸਿੰਘ ਜੀ ਮਹਿਨਿਆਂ ਵਾਲਿਆਂ ਨੂੰ ਬਾਬਾ ਜੀ ਆਪਣੇ ਹੱਥੀਂ ਆਪਣੇ ਹੋਂਦ ਵਿੱਚ ਸੇਵਾ ਦੇ ਗਏ ਸਨ। ਉਸ ਹੁਕਮ ਅਨੁਸਾਰ ਸੰਤ ਨਰਾਇਣ ਸਿੰਘ ਜੀ ਨੂੰ ਦਸਤਾਰ ਬੰਦੀ ਕਰਕੇ ਸੇਵਾ ਸੌਂਪ ਦਿੱਤੀ ਗਈ। ਜਿਨ੍ਹਾਂ ਨੇ ਇਹ ਸੇਵਾ ਪੂਰਨ ਤਪ ਅਤੇ ਤਿਆਗ ਸਿਮਰਨ ਵਿੱਚ ਰਹਿ ਕੇ ਨਿਭਾਈ। ਜੇ ਸਮੇਂ ਨੇ ਸਾਥ ਦਿੱਤਾ ਤਾਂ ਇੱਕ ਅਗਲੇ ਹਿੱਸੇ ਵਿੱਚ ਸੰਤ ਨਰੈਣ ਸਿੰਘ ਮਹਿਨਿਆਂ ਵਾਲੇ ਦੂਜਾ, ਈਸ਼ਰ ਸਿੰਘ ਜੀ ਰੋੜੀ ਵਾਲੇ ਤੀਜਾ ਹੁਣ ਬਾਬਾ ਖੇਮ ਸਿੰਘ ਜੀ ਬਾਰੇ ਲਿਖਣ ਦੀ ਕੋਸ਼ਿਸ਼ ਕਰਾਂਗਾ।

**2.**

ਜੈ ਕੌਰ ਇਹ ਹੁਕਮ ਅਨੁਸਾਰ ਬਾਬਾ ਅਨੰਦ ਸਿੰਘ ਜੀ ਪਾਸ ਇੱਕ ਵਾਰ ਮਾਝੇ ਪਹੁੰਚੇ। ਉਥੋਂ ਸ੍ਰੀ ਬਾਬਾ ਅਨੰਦ ਸਿੰਘ ਜੀ ਨੇ ਹੁਕਮ ਕਰ ਕੇ ਬਚਨ ਕੀਤਾ, “ਜਿਸ ਸਮੇਂ ਅਸੀਂ ਕਲੇਰੀਂ ਆਏ ਤੁਸੀਂ ਉਥੇ ਪਹੁੰਚ ਜਾਣਾ, ਉਨ੍ਹਾਂ ਸਮਾਂ ਪਿੰਡ ਡਰੋਲੀ ਜਾਉ।”

## ਸੰਤਨ ਕੀ ਸੁਣ ਸਾਚੀ ਸਾਖੀ॥
## ਸੋ ਬੋਲਹਿ ਜੋ ਪੇਖਹਿ ਆਖੀ॥

### 1.

ਬਾਬਾ ਮਹਾਂ ਹਰਿਨਾਮ ਸਿੰਘ ਜੀ ਬਾਰੇ ਰਾਮਕਲੀ ਮਹਾਂ ਪੁਰਖਾਂ ਦੇ ਵਿਚਾਰ ਇੱਕ ਵਾਰ ਸੰਤ ਮਹਾਰਾਜ ਅਤਰ ਸਿੰਘ ਮਸਤੂਆਣੇ ਵਾਲੇ ਭਾਈ ਕੇ ਚੱਕੀ ਆਏ, ਦੀਵਾਨ ਸਜਿਆ, ਸਮਾਪਤੀ ਉਪਰੰਤ ਸੰਗਤ ਵਿਚੋਂ ਇੱਕ ਪ੍ਰੇਮੀ ਨੇ ਬੇਨਤੀ ਕੀਤੀ ਮਹਾਰਾਜ ਪੱਕੀ ਭੁੱਚੋ ਵੀ ਦਰਸ਼ਨ ਦੀਦਾਰ ਬਖਸ਼ੋ। ਜਵਾਬ ਵਿੱਚ ਸੰਤ ਜੀ ਮਹਾਰਾਜ ਨੇ ਦੱਸਿਆ, "ਉਥੇ ਪੂਰਨ ਬ੍ਰਹਮ ਘਟ ਘਟ ਵਾਸੀ ਸੰਤ ਰੂਪ ਧਾਰ ਕੇ ਬਿਰਾਜ ਰਹੇ ਹਨ, ਭਾਵ ਕਿ ਬਾਬਾ ਮਹਾਂ ਹਰਿਨਾਮ ਸਿੰਘ ਜੀ ਬਿਰਾਜ ਰਹੇ ਹਨ, ਉਥੇ ਸਾਡੀ ਲੋੜ ਨਹੀਂ।"

*(ਜ਼ਬਾਨੀ ਮਾਸਟਰ ਕਰਨੈਲ ਸਿੰਘ ਬੀਬੀ ਕਾ ਭੁੱਚੋ ਨਿਵਾਸੀ)*

### 2.

ਇਕ ਸਮੇਂ ਭਾਈ ਰਤਨ ਸਿੰਘ ਡਰੋਲੀ ਹੁਕਮ ਅਨੁਸਾਰ ਜ਼ੀਰੇ ਗਏ। ਅੱਗੇ ਸਵਾਮੀ ਸ਼ੰਕਰਾ ਪੁਰੀ ਜੀ ਮਿਲੇ ਤੇ ਉਨ੍ਹਾਂ ਨੇ ਬਚਨ ਕੀਤਾ ਕਿ, "ਭਾਈ ਸਿੱਖਾ ਰੂੰਮੀ ਵਾਲੇ ਮਹਾਰਾਜ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਸਰਬਕਲਾ ਸਮਰਥ ਹਨ। ਉਨ੍ਹਾਂ ਦੀ ਉਪਮਾ ਕਹਿਣ ਕਥਨ ਤੋਂ ਪਰੇ ਹੈ ਉਹ ਬੇਅੰਤ ਤੋਂ ਵੀ ਬੇਅੰਤ ਹਨ। ਅਸੀਂ ਇੱਕ ਵਾਰ ਉਨ੍ਹਾਂ ਦਾ ਦਰਸ਼ਨ ਕੀਤਾ ਜੋ ਵਰ੍ਹਿਆਂ ਬੱਧੀ ਸਾਧਨਾ ਕਰਕੇ ਵਿੱਦਿਆ ਪੜ੍ਹ ਕੇ ਸਾਡੀ ਜੋ ਸ਼ੰਕਾ ਨਵਿਰਤ ਨਹੀਂ ਸੀ ਹੋਈ। ਉਨ੍ਹਾਂ ਦੇ ਨਿਮਖ ਮਾਤਰ ਦਰਸ਼ਨ ਕਰਕੇ ਹੀ ਨਿਵਿਰਤ ਹੋ ਗਈ।

**ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ॥**

ਅਸੀਂ ਬੜੇ-ਬੜੇ ਤੇਜਵਾਨ ਮਹਾਤਮਾ ਦੇ ਦਰਸ਼ਨ ਕੀਤੇ ਹਨ ਪ੍ਰੰਤੂ ਐਸਾ ਅਮਿਤ ਤੇਜਵਾਨ ਅਸੀਂ ਨਾ ਉਸ ਤੋਂ ਪਹਿਲਾਂ ਦੇਖਿਆ ਸੀ ਨਾ ਬਾਅਦ ਵਿੱਚ

ਉਹ ਅਮਿਤ ਤੇਜਵੰਤ ਮਹਾਂਪੁਰਖ ਹਨ। ਉਹ ਮਹਾਂਪੁਰਖ **ਨਿਰਗੁਨ ਆਪਿ ਸਰਗੁਨ ਭੀ ਓਹੀ ਕਲਾਧਾਰਿ ਜਿਨਿ ਸਗਲੀ ਮੋਹੀ॥** ਉਹ ਆਪ ਪਾਰ ਬ੍ਰਹਮ ਪਰਮੇਸ਼ਰ ਜੋਤੀ ਸਰੂਪ ਹਨ। ਇਹ ਬਚਨ ਸੁਆਮੀ ਸ਼ੰਕਰਾ ਪੁਰੀ ਜੀ ਨੇ ਭਾਈ ਰਤਨ ਸਿੰਘ ਡਰੋਲੀ ਨੂੰ ਆਪ ਮੁੱਖ ਤੋਂ ਕਹੇ ਸਨ।

## 3.

ਇਕ ਮਹਾਤਮਾ ਜਿਨ੍ਹਾਂ ਦਾ ਨਾਮ ਧਾਰੀ ਰਾਮ ਸੀ। ਮੁੱਦਕੀ (ਜ਼ਿਲ੍ਹਾ ਫਿਰੋਜ਼ਪੁਰ) ਇਨ੍ਹਾਂ ਦਾ ਜਨਮ ਨਗਰ ਸੀ। ਪਰ ਰਿਹਾਇਸ਼ ਮੋਗੇ ਸ਼ਹਿਰ ਸੀ। ਇੱਕ ਵਾਰੀ ਭਾਈ ਰਤਨ ਸਿੰਘ ਡਰੋਲੀ ਨੂੰ ਸੰਤ ਧਾਰੀ ਰਾਮ ਜੀ ਮੋਗੇ ਮਿਲੇ ਤੇ ਪੁੱਛਿਆ, "ਕਿਉਂ ਭਾਈ ਭਗਤਾ ਕਿਸ ਮਹਾਤਮਾ ਦੀ ਸੇਵਾ ਅਤੇ ਸੰਗਤ ਕਰਦਾ ਹੈਂ।" ਭਾਈ ਰਤਨ ਸਿੰਘ ਡਰੋਲੀ ਨੇ ਦੱਸਿਆ, ਜੀ ਭੁੱਚੋ ਨਗਰ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਮਹਾਂਪੁਰਖ ਰਹਿੰਦੇ ਹਨ। ਉਨ੍ਹਾਂ ਪਾਸੋਂ ਆਇਆ ਹਾਂ ਅਤੇ ਉਥੇ ਹੀ ਜਾ ਰਿਹਾ ਹਾਂ। ਸੰਤ ਧਾਰੀ ਰਾਮ ਜੀ ਨੇ ਉਥੋਂ ਖੜੇ ਹੀ ਨਮਸਕਾਰ ਕਰਕੇ ਬਚਨ ਕੀਤਾ, "ਸਿੱਖਾਂ ਉਨ੍ਹਾਂ ਮਹਾਂਪੁਰਖਾਂ ਦਾ ਤਾਂ ਦਰਸ਼ਨ ਹੀ ਬੜੇ ਪੁੰਨ ਸਦਕਾ ਮਿਲਦਾ ਹੈ। ਤੂੰ ਤਾਂ ਉਨ੍ਹਾਂ ਦਾ ਸੇਵਕ ਹੈਂ ਤੂੰ ਧੰਨ ਹੈਂ। ਐਸੇ ਮਹਾਂਪੁਰਖ ਦੇ ਰੂਪ ਵਿੱਚ ਜੁਗਾਂ ਤੋਂ ਬਾਅਦ ਪ੍ਰਮੇਸ਼ਰ ਧਰਤੀ ਉੱਤੇ ਆਉਂਦਾ ਹੈ। ਉਨ੍ਹਾਂ ਦੀ ਚਰਨ ਧੂੜ ਨੂੰ ਦੇਵਤੇ ਵੀ ਲੋਚਦੇ ਹਨ। ਉਹ ਆਪ ਹੀ ਨਿਰਗੁਨ, ਸਰਗੁਨ, ਸਰੂਪ ਹਨ। ਸਰਬਕਲਾ ਸਮਰੱਥ ਹਨ। ਸੋ ਗੁਰਮੁਖਾ ਜਿਸਨੇ ਨਿਰਗੁਣ, ਸਰਗੁਣ ਸਰੂਪ ਦਾ ਦਰਸ਼ਨ ਕਰਨਾ ਹੋਵੇ। ਉਹ ਭੁੱਚੋ ਪਹੁੰਚ ਕੇ ਦਰਸ਼ਨ ਕਰੇ। ਅਸੀਂ ਵੀ ਇੱਕ ਵਾਰ ਸੰਤ ਮੰਡਲੀ ਨਾਲ ਜਾ ਕੇ ਦਰਸ਼ਨ ਕਰ ਆਏ ਹਾਂ।

## 4.

ਸੰਤ ਭਾਨ ਸਿੰਘ ਜੀ ਜਿਨ੍ਹਾਂ ਦਾ ਜਨਮ ਨਗਰ ਨੱਥੂ ਵਾਲਾ ਜਦੀਦ ਸੀ। ਨਿਆਏ ਸ਼ਾਸਤਰ ਦੇ ਮਹਾਨ ਵਿਦਵਾਨ ਹੋਏ ਹਨ, ਬੇਅੰਤ ਸਾਧੂ ਬ੍ਰਾਹਮਣ ਇਨ੍ਹਾਂ ਤੋਂ ਵਿੱਦਿਆ ਦੇ ਭੰਡਾਰ ਲੈ ਕੇ ਵਰੋਸਾਇ ਸਨ। ਜਿਨ੍ਹਾਂ ਨੂੰ ਕੋਕਰੀ ਵਾਲੇ ਕਹਿ ਕੇ ਬਹੁਤਾ ਜਾਣਿਆ ਜਾਂਦਾ ਹੈ। ਇਨ੍ਹਾਂ ਨੇ ਵੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਬਾਰੇ ਆਪਣੇ ਮੁੱਖ ਤੋਂ ਉਸਤਤ ਕਰਦਿਆਂ ਦੱਸਿਆ ਕਿ, "ਰੂੰਮੀ ਭੁੱਚੋ ਵਾਲੇ ਮਹਾਰਾਜ ਜਹਾਜ਼ ਗੁਰੂ ਰੂਪ ਸਨ। ਜਿਵੇਂ ਜਹਾਜ਼ 'ਤੇ ਚੜ੍ਹ ਕੇ ਕਿਸੇ ਪ੍ਰਕਾਰ

ਦਾ ਭੈਅ ਨਹੀਂ ਰਹਿੰਦਾ। ਇਵੇਂ ਹੀ ਜੋ ਭੁੱਚੋ ਵਾਲੇ ਮਹਾਰਾਜ ਜੀ ਦੇ ਬਚਨ ਮੰਨਦੇ ਹਨ ਉਹ ਸਮੁੰਦਰ ਤੋਂ ਨਿਸਚੈ ਪੂਰਬਕ ਹੀ ਤਰ ਗਏ ਹਨ।

## 5.

ਇਕ ਸਮੇਂ ਬਾਬਾ ਅਨੰਦ ਸਿੰਘ ਜੀ ਪਾਸ ਕਲੇਰੀਂ ਨਾਨਕਸਰ ਚੋਣਵੇਂ ਹਜ਼ੂਰੀ ਸੇਵਕ ਬੈਠੇ ਸਨ। ਜਿਨ੍ਹਾਂ ਦੇ ਨਾਮ ਬਾਬਾ ਹਜ਼ੂਰਾ ਸਿੰਘ ਜੀ ਬਾਬਾ ਈਸ਼ਰ ਸਿੰਘ ਜੀ ਭਾਈ ਨਿਹਾਲ ਸਿੰਘ ਜੀ ਹਾਜ਼ਰ ਸਨ। ਭੁੱਚੋ ਵਾਲੇ ਮਹਾਰਾਜ ਸੀ ਦਾ ਪ੍ਰਸੰਗ ਬਾਬਾ ਜੀ ਭਾਈ ਰਤਨ ਸਿੰਘ ਡਰੋਲੀ, ਤੋਂ ਸੁਣ ਰਹੇ ਸਨ। ਅਖੀਰ ਤੇ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਡਰੋਲੀ ਭੁੱਚੋ ਵਾਲੇ ਮਹਾਰਾਜ ਦੀ ਸੇਵਾ ਕਰਕੇ ਜਿੱਡਾ ਵੱਡਾ ਵੀ ਕੋਈ ਬਨਣਾ ਚਾਹੁੰਦਾ ਬਣ ਸਕਦਾ ਸੀ ਤੇ ਉਹ ਸੇਵਕ ਨੂੰ ਬਣਾ ਸਕਦੇ ਸਨ ਤੇ ਫਿਰ ਆਪਨੀ ਬਾਬਤ ਦੱਸਿਆ, "ਜੋ ਕ੍ਰਿਪਾ ਉਨ੍ਹਾਂ ਨੇ ਸਾਡੇ ਉੱਤੇ ਕੀਤੀ ਹੈ ਇਹ ਵਸਤੂ ਮੇਹਰ ਦੀ ਨਦਰਿ ਨਾਲ ਮਿਲਦੀ ਹੈ। ਕਿਸੇ ਆਪਣੀ ਕਮਾਈ ਦੇ ਬਲ ਨਾਲ ਨਹੀਂ ਮਿਲਦੀ। ਹਾਂ ਹੁਕਮ ਮੰਨ ਕੇ ਜੋ ਕਹਿਣ ਕਰਨਾ ਹੀ ਪੈਂਦਾ ਹੈ ਕਿਸੇ ਸਮੇਂ ਮਨ ਵਿੱਚ ਤਰਸ ਆ ਗਿਆ ਬਖ਼ਸ਼ਿਸ਼ ਹੋ ਗਈ ਗੁਰਵਾਕ ਹੈ:

**ਤਰਸੁ ਪਇਆ ਮਿਹਰਾਮਤ ਹੋਈ ਸਤਿਗੁਰ ਸਜਣੁ ਮਿਲਿਆ॥**

*(ਅੰਗ ੧੪੨੯)*

ਇਹ ਬਚਨ ਕਰਨ ਸਮੇਂ ਬਾਬਾ ਅਨੰਦ ਸਿੰਘ ਜੀ ਦੇ ਮੁੱਖ ਤੇ ਅਸਚਰਜਤਾ ਅਤੇ ਪ੍ਰਸੰਨਤਾ ਦੇ ਰੂਪ ਵਿੱਚ ਕੋਈ ਅਗੰਮੀ ਖੁਸ਼ੀ ਪਰਤੱਖ ਦਿਸ ਰਹੀ ਸੀ। ਸਭ ਮਹਾਂਪੁਰਖਾਂ ਦੇ ਬਚਨਾਂ ਦਾ ਸਾਰ ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚੋਂ ਮਿਲਦਾ ਹੈ:

**ਜੇਹਾ ਡਿਠਾ ਮੈ ਤੇਹੋ ਕਹਿਆ॥**
**ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ॥**

*(ਮਾਝ ਮ: ੫, ਅੰਗ ੯੭)*

# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ ’ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ ’ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਓਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ

ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾ ਪੂਰੀਆਂ ਕੀਤੀਆਂ ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ

ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-ਤੁਕ ਵਾਲੇ ਮਹਾਂ ਸੰਪਟ ਪਾਠ ਨਾਨਕ ਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾ, ਬੱਸ ਯਾਤਰਾ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਾਂਵਾ) 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ ’ਤੇ ਲਗਾਈ ਜਿਹੜੀ ਆਪ ਜੀ ਨੇ ਬੇਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ ’ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੋਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਲੋਂ ਦਸਤਾਰ ਬੰਦੀ ਕੀਤੀ

ਗਈ ਅਤੇ ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂੰਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹਾਂਹਰਿਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਦੀ ਸੇਵਾ ਕਰਵਾ ਰਹੇ ਹਨ।

-0-